ੴ ਸਤਿਗੁਰ ਪ੍ਰਸਾਦਿ ॥

(ਸ ਸਥਾਪਕ ਭਾਈ ਵੀਰ ਸਿੰਘ)

ਮਾਸਿਕ

# ਨਿਰਗੁਣੀਆਰਾ

ਸਾਲ : 121 ਟ੍ਰੈਕਟ ਨੰ : 1714 ਜਨਵਰੀ- ਰਵਰੀ-ਮਾਰਚ 2015 ਭੇਟਾ : 25/-

## ਤਤਕਰਾ

1. ਸ ਪਾਦਕੀ: ਡਾ. ਸ.ਪ.ਸਿ ਘ 1

2. ਸਾਡੇ ਦਸਵੰਧ ਦੀ ਕਾਯਾ ਪਲਟ : —ਭਾਈ ਵੀਰ ਸਿੰਘ 2

3. ਭਾਈ ਵੀਰ ਸਿੰਘ ਜੀਵਨ ਅਤੇ ਸੰਦੇਸ਼ : —ਡਾ. ਬਲਬੀਰ ਸਿੰਘ 5

4. ਭਾਈ ਵੀਰ ਸਿੰਘ ਦਾ ਸਥਾਨ :—ਪ੍ਰ ਮ ਹਨਸਿੰਘ 12

5. ਮੇਰੇ ਵਡੇ ਸਮਕਾਲੀ; ਭਾਈ ਵੀਰ ਸਿੰਘ ਜੀ : —ਗੁਰਬਖ਼ਸ਼ ਸਿੰਘ (ਪ੍ਰੀਤ ਲੜੀ) 14

6. ਇਤਿਹਾਸ-ਖ ਜਕਾਰ:ਭਾਈ ਵੀਰ ਸਿੰਘ: —ਡਾ. ਕਿਰਪਾਲ ਸਿੰਘ 16

7. ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਿੱਖ ਪ੍ਰਸੰਗ:—ਡਾ. ਬਲਕਾਰ ਸਿੰਘ 21

8. ਭਾਈ ਵੀਰ ਸਿੰਘ ਦੀ ਕਾਵਿ ਸਿਰਜਣਾ ਦੀ
ਸਮਕਾਲ ਵਿਚ ਪ੍ਰਸੰਗਿਕਤਾ : —ਡਾ. ਅਨੂਪ ਸਿੰਘ 31

9. ਡਾ. ਕ੍ਰਿਪਾਲ ਸਿੰਘ ਦੀ ਸਿੰਮ੍ਰਤੀ 'ਚ ਭਾਈ ਵੀਰ ਸਿੰਘ: —ਡਾ. ਸਾਬਰ 39

10. ਅਜ ਕੇਪ੍ਰਸੰਗ ਵਿੱਚ
ਭਾਈ ਵੀਰ ਸਿੰਘ ਦੀਆਂ ਰਚਨਾਵਾਂ : —ਡਾ. ਸੁਰਿੰਦਰ ਕੁਮਾਰ ਬੰਗੜ 42

11. ਭਾਈ ਵੀਰ ਸਿੰਘ ਨਿਵਾਸ ਸਥਾਨ : ਸ੍ਰੀ ਅੰਮ੍ਰਿਤਸਰ:—ਅਮਨਪ੍ਰੀਤ ਸਿੰਘ 44

12. ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ
ਮੁਕਾਬਲੇ -ਰਿਪਰਟ:—ਰਵਿੰਦਰ ਕੌਰ ਨਰੂਲਾ 48

**ਸਰਪ੍ਰਸਤ**: ਸ੍ਰ. ਚਰਨਜੀਤ ਸਿੰਘ ਚੱਢਾ, ਪ੍ਰਧਾਨ
**ਮੁੱਖ ਸੰਪਾਦਕ** : ਡਾ: ਸ.ਪ. ਸਿੰਘ
**ਸੰਪਾਦਕ**: ਡਾ: ਜਸਬੀਰ ਸਿੰਘ 'ਸਾਬਰ'

**ਸਲਾਹਕਾਰ ਮੰਡਲ**

ਸ੍ਰ. ਨਿਰਮਲ ਸਿੰਘ, ਸ੍ਰ. ਨਰਿੰਦਰ ਸਿੰਘ ਖ਼ੁਰਾਣਾ,
ਡਾ. ਜਸਵਿੰਦਰ ਸਿੰਘ ਢਿੱਲ ੋ,
ਸ੍ਰ. ਸੰਤ ਖ ਸਿੰਘ ਸੇਠੀ, ਬੀਬੀ ਕਿਰਨਜਤ ਕੌਰ
ਸ੍ਰ. ਕੁਲਜੀਤ ਸਿੰਘ, ਡਾ. ਧਰਮਵੀਰ ਸਿੰਘ, ਸ੍ਰ. ਅਜੀਤ ਸਿੰਘ

**ਪ੍ਰਕਾਸ਼ਕ**

ਖ਼ਾਲਸਾ ਟ੍ਰੈਕਟ ਸੁਸਾਇਟੀ
ਚੀ ਖ਼ਾਲਸਾ ਦੀਵਾਨ
ਜੀ.ਟੀ. ਰ ਡ, ਅੰਮ੍ਰਿਤਸਰ — 143001
Ph.- 0183-2562253
E-mail- ktsckd@gmail.com
E-mail- edu_committeeckd@yahoo.com

**ਪ੍ਰਿੰਟਰ**

ਪ੍ਰਿੰਟਵੈੱਲ, 146, ਇੰਡ੍ਰਸਟੀਅਲ ਕਲ ਪੁਆਇੰਟ, ਅੰਮ੍ਰਿਤਸਰ

## ਸੰਪਾਦਕੀ

'ਨਿਰਗੁਣੀਆਰਾ' ਦਾ ਸੱਜਰਾ ਅੰਕ ਨਵੇਂ ਰੂਪ ਤੇ ਦਿੱਖ ਵਿਚ ਪੰਜਵਾਂ ਅੰਕ ਹੈ। ਇਸ ਤਰ੍ਹਾਂ ਇਹ ਦੂਸਰੇ ਸਾਲ ਵਿਚ ਪ੍ਰਵੇਸ਼ ਕਰ ਰਿਹਾ ਹੈ। ਇਸ ਅੰਕ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਇਹ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ 143ਵੇਂ ਜਨਮ ਦਿਵਸ ਦੇ ਮੌਕੇ ਤੇ ਵਿਸ਼ੇਸ਼ ਅੰਕ ਦੇ ਰੂਪ ਵਿਚ ਵਧੇਰੇ ਪੰਨਿਆਂ ਸਹਿਤ ਪ੍ਰਕਾਸ਼ਤ ਕੀਤਾ ਗਿਆ ਹੈ।

'ਨਿਰਗੁਣੀਆਰਾ' ਦੇ ਪ੍ਰਕਾਸ਼ਨਾ ਉਦੇਸ਼ਾਂ ਤੇ ਅਸ਼ਿਆਂ ਦੇ ਅਨੁਕੂਲ ਇਸ ਵਿੱਚ ਭਾਈ ਸਾਹਿਬ ਦੁਆਰਾ ਮਿਥੇ ਗਏ ਟੀਚਿਆਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ। ਜਿਸ ਵਿਚ ਪ੍ਰਮੁਖ ਤੌਰ ਤੇ ਆਮ ਲ ਕਾਂਵਿਚ ਗੁਰਮਤਿ ਆਸ਼ੇ ਅਨੁਸਾਰ ਮਨੁੱਖੀ ਜੀਵਨ ਦੀ ਸ਼ਖ਼ਸੀਅਤ ਦੀ ਉਸਾਰੀ ਤੇ ਸਮਾਜਿਕ ਜਿੰਮੇਵਾਰੀਆਂ ਨੂੰ ਪਹਿਚਾਣਨ ਦੀ ਪ੍ਰਕ੍ਰਿਆ ਨੂੰ ਹੀ ਪ੍ਰਾਥਮਿਕਤਾ ਦਿੱਤੀ ਗਈ ਹੈ।

ਸਾਨੂੰ ਪ੍ਰਸੰਨਤਾ ਹੈ ਕਿ ਪਿਛਲੇ ਅੰਕਾਂ ਵਿੱਚ ਭਾਈ ਸਾਹਿਬ ਦੁਆਰਾ ਰਚਿਤ ਸਾਹਿਤ ਤੇ ਉਸ ਨਾਲ ਸੰਬੰਧਿਤ ਸਮਗਰੀ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਜਿਸ ਰਾਹੀਂ ਯਤਨ ਕੀਤਾ ਗਿਆ ਹੈ ਕਿ ਭਾਈ ਸਾਹਿਬ ਦੀ ਸਿੱਖ ਸਾਹਿਤ ਪ੍ਰਤੀ ਕੀਤੀ ਸੇਵਾ ਨੂੰ ਪਹਿਚਾਣਿਆਂ ਜਾ ਸਕੇ ਤੇ ਨਵੇਂ ਪ੍ਰਸੰਗ ਵਿੱਚ ਪ੍ਰਚਾਰੇ ਜਾਣ ਦੇ ਆਧਾਰ ਸਥਾਪਿਤ ਕੀਤੇ ਜਾਣ। ਸਾਨੂੰ ਆਸ ਹੈ ਕਿ ਸਾਡੇ ਇਹ ਯਤਨ ਪਾਠਕਾਂ ਨੂੰ ਪਸੰਦ ਆਏ ਹ ਣਗੇ। ਪਾਠਕਾਂ ਦੀ ਰਾਇ ਸਾਡਾ ਪੱਥ ਪ੍ਰਦਰਸ਼ਨ ਕਰੇਗੀ ਅਤੇ ਭਵਿੱਖ 'ਚ ਵਧੇਰੇ ਸ਼ਿਦੱਤ ਤੇ ਸਿਦਕ ਦਿਲੀ ਨਾਲ ਯਤਨਸ਼ੀਲ ਹ ਣਲਈ ਪ੍ਰੇਰਨਾ ਦਾ ਮਾਧਿਅਮ ਵੀ ਬਣੇਗੀ।

ਭਾਈ ਸਾਹਿਬ ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਨੂੰ ਨਾਨਕ ਨਾਮ ਲੇਵਾ ਪਾਠਕਾਂ ਵਿੱਚ ਉਕਰਣ ਦੇ ਯਤਨਾਂ ਵਿੱਚ ਚੀ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ. ਚਰਨਜੀਤ ਸਿੰਘ ਚੱਢਾ ਸਥਾਨਕ ਪ੍ਰਧਾਨ ਸ. ਨਿਰਮਲ ਸਿੰਘ ਆਨਰੇਰੀ ਜਨਰਲ ਸਕੱਤਰ ਸ. ਨਰਿੰਦਰ ਸਿੰਘ ਖੁਰਾਣਾ ਤੇ ਦੂਜੇ ਆਹੁਦੇਦਾਰਾਂ ਦਾ ਭਰਪੂਰ ਸਹਿਯ ਗ ਪ੍ਰਾਪਤ ਹੈ। ਜਿਸ ਲਈ ਮੈਂ ਇਹਨਾਂ ਸਾਰਿਆਂ ਦਾ ਧੰਨਵਾਦੀ ਹਾਂ। ਸੰਪਾਦਕੀ ਮੰਡਲ ਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੇ ਯ ਗਦਾਨਦਾ ਵੀ ਮੈਂ ਧੰਨਵਾਦੀ ਹਾਂ।

ਮੈਨੂੰ ਆਸ ਹੈ ਕਿ ਭਵਿੱਖ ਵਿੱਚ ਵੀ ਮੈਨੂੰ ਇਸੇ ਤਰ੍ਹਾਂ ਮਿਲਵਰਣ ਪ੍ਰਾਪਤ ਹੁੰਦਾ ਰਹੇਗਾ ਜਿਸ ਨਾਲ ਅਸੀਂ ਸਾਰੇ ਵਧੇਰੇ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਹ ਵਾਂਗੇ।

**ਸ.ਪ. ਸਿੰਘ**
**ਮੁੱਖ ਸੰਪਾਦਕ**

# ਸਾਡੇ ਦਸਵੰਧ ਦੀ ਕਾਯਾ ਪਲਟ

*ਭਾਈ ਵੀਰ ਸਿੰਘ*

ਖੁਸ਼ਕ ਗਰਮੀ ਪਵੇ ਤਾਂ ਸ਼ਰਬਤ ਲੱਸੀ ਬਰਫ ਦਾ ਉਹ ਆਨੰਦ ਆਉਂਦਾ ਹੈ ਕਿ ਕਿਹਾ ਨਹੀਂ ਜਾਂਦਾ। ਠੰਡੀਆਂ ਛਾਂਵਾਂ ਸੁੱਖ ਦੇਂਦੀਆਂ ਹਨ, ਪਰ ਉਧਰੋਂ ਹਾੜ ਨੇ ਅੱਧ ਟਪਾਇਆ ਤੇ ਆਸਮਾਨ ਨੇ ਰੁਣ ਝੁਣ ਲਾਈ, ਫੇਰ ਤਾਂ ਗਰਮ ਦੇਸ਼ਾਂ ਦੇ ਵਾਸੀ ਲੁਹਾਰ ਦੀ ਸੰਨ੍ਹੀ ਵਾਂਗ ਕਦੇ ਭੱਠ ਵਿਚ ਤੇ ਕਦੇ ਪਾਨੀ ਦੀ ਦੌਰੀ ਵਿਚ। ਜੇ ਤਾਂ ਬੱਦਲ ਆ ਗਏ, ਘਟਾ ਨੇ ਘਨਘੋਰ ਲਾ ਦਿੱਤੀ, ਹਵਾ ਨੇ ਫਰਾਟੇ ਮਾਰਨੇ ਸ਼ੁਰੂ ਕਰ ਦਿੱਤੇ, ਤੇ ਕਿਣਮਿਣ ਲਗ ਪਈ ਤਦ ਤਾਂ ਸੁਰਗ ਦੇ ਝੂਟੇ ਆ ਗਏ ਤੇ ਜੇ ਹਵਾ ਨੇ ਕਿਸੇ ਕਿਰਪਣ ਸ਼ੂਮ ਵਾਂਙ ਆਪਣਾ ਵੇਗ ਅੰਦਰ ਵੱਟ ਲਿਆ ਤਾਂ ਵੱਟ ਹੁਰੀਂ ਹੁੰਮਸ ਲੈ ਕੇ ਪਸਰ ਗਏ। ਸੂਰਜ ਨੇ ਗਰਦ ਗੁਬਾਰੀ ਜਿਹੀ ਦੇ ਪਰਦੇ ਹੇਠਾਂ ਆਕੇ ਤੇ ਕਦੇ ਨਿਸ਼ੰਗ ਹੋਕੇ ਬਾਨ ਮਾਰੇ, ਬਸ ਫੇਰ ਕਹਿਰ ਮਚ ਗਿਆ। ਪਸੀਨਾ ਵੱਢ ਵੱਢਕੇ ਖਾਂਦਾ ਹੈ, ਜੀ ਅਕਲਾਉਂਦਾ ਹੈ, ਠੰਡਯਾਈ ਪੀਓ ਤਾਂ ਦੁਖ, ਨਾ ਪੀਓ ਤਾਂ ਮੂੰਹ ਦੀ ਭਾਠ ਖਾਂਦੀ ਹੈ, ਕੰਮ ਕਾਜ ਨੂੰ ਵੱਢਿਆਂ ਜੀ ਨਹੀਂ ਲਗਦਾ। ਬਾਗਾਂ ਵਿਚ ਹੁੰਮ, ਬਨਾਂ ਵਿਚ ਵੱਟ, ਸ਼ਹਿਰਾਂ ਵਿਚ ਤਾਉ, ਰੜਿਆਂ ਵਿਚ ਤਪਸ਼, ਛੱਪੜਾਂ ਲਾਗੇ ਭੜਾਸ, ਜਿੱਧਰ ਜਾਓ ਕਿਧਰੇ ਵੀ ਚੈਨ ਨਹੀਂ। ਅਜਿਹੇ ਸੌਣ ਦੇ ਘਬਰਾਉਣੇ ਦਿਨਾਂ ਵਿਚ ਇਕ ਧਨੀ ਸਿੱਖ ਨੇ ਆਪਣੇ ਮਿਤਰਾਂ ਨੂੰ ਕਿਹਾ :-

ਰਾਂਝਾ ਸਿੰਘ-ਭਰਾ ਸਾਂਝਾ ਸਿੰਹਾਂ ! ਅਜ ਕੱਲ ਦੇ ਦਿਨ ਕਾਹਦੇ ਹਨ, ਪਰਲੋ ਦਾ ਨਕਸ਼ਾ ਹੈ।

ਸਾਂਝਾ ਸਿੰਘ-ਮਿੱਤਰਾਂ ! ਹਾੜ, ਸਾਉਣ, ਭਾਦੋਂ ਦੇ ਨੱਵੇ ਦਿਨ ਤੇ ਦਸ ਦਿਨ ਅੱਸੂ ਦੇ, ਸੌ ਦਿਨ ਸ਼ੇਰ ਦੀਆਂ ਦਾੜ੍ਹਾਂ ਹਨ, ਇਹਨਾਂ ਨੂੰ ਕੋਈ ਸੂਰਮਾ ਹੀ ਝਾਗਕੇ ਨਿਕਲੇ ਤਾਂ ਨਿਕਲੇ।

ਲਾਂਝਾ ਸਿੰਹੁੰ-ਭਈ ਭੱਠ ਪਈ ਤੁਹਾਡੀ ਕਮਾਈ, ਖੱਟ ਖੱਟਕੇ ਖੱਟਮਲ ਹੋ ਗਏ। ਇਸ ਕੰਮ ਤੇ ਇਸ ਤਾਉ ਤੋਂ ਭੀ ਤੁਹਾਡਾ ਜੀ ਖੱਟਾ ਨਹੀਂ ਹੁੰਦਾ, ਕਦੇ ਹੱਟੀਓਂ ਹੇਠ ਪੈਰ ਨਹੀਂ ਧਰਦੇ, ਤੁਸਾਂ ਖੱਟੀ ਕਾਹਦੀ ਖੱਟੀ, ਇਸ ਖੱਟੀ ਨੇ ਸਗੋਂ ਲੋਭ ਵਿਚ ਖਾਤੇ ਖੱਟਕੇ ਤੁਹਾਨੂੰ ਨੱਪ ਦਿੱਤਾ ਹੈ।

ਪਾਂਝਾ ਸਿੰਹੁੰ—ਠੀਕ ਕਿਹਾ ਹਈ, ਜ਼ਰਾ ਪੈਸੇ ਨੂੰ ਹਵਾ ਲਵਾਓ ਤਾਂ ਤੁਹਾਨੂੰ ਬੀ ਹਵਾ ਦੇ ਝੋਕੇ ਲੱਗਣ।

ਲਾਂਝਾ ਸਿੰਹੁੰ ਹੈ ਤਾਂ ਠੀਕ, ਪਰ ਜਾਈਏ ਕਿੱਥੇ। ਜਿੱਥੇ ਜਾਓ ਬੱਸ ਦੇਗ ਧਰੀ ਵਿਚ ਪਏ ਅਰਕ ਖਿਚੀਂਦੇ ਜਾਪਦੇ ਹਾਂ।

ਪਾਂਝਾ ਸਿੰਹੁੰ—ਤੇ ਕਿਉਂ? ਜੇ ਲਉਢੇ ਪਹਿਰ ਨਹਿਰ ਤੇ ਚੱਲੋ ਤਾਂ ਲਹਿਰ ਬਹਿਰ ਹੋ ਜਾਵੇ, ਗਰਮੀ ਦਾ ਕਹਿਰ ਭੁੱਲ ਜਾਏ, ਸ਼ਹਿਰ ਦਾ ਵੱਟ ਵਿਸਰ ਜਾਏ, ਸਾਰੇ ਦਿਨ ਦੀ ਗਹਿਰ ਦਾ ਘੱਟਾ ਉੱਡ ਜਾਏ, ਚਾਰ ਘੜੀ ਕਿਨਾਰੇ ਤੇ ਠਹਿਰ ਜਾਓ, ਮਹਿਰ ਪਾਸੋਂ ਟਪਕੇ ਦੇ ਅੰਬ ਤੁੜਾ ਲਓ, ਨਹਿਰ ਵਿਚ ਗੋਤਾ ਲਾਓ, ਲਹਿਰ ਦੀਆਂ ਲਹਿਰਾਂ ਲਓ, ਸਾਰਾ ਘਬਰਾ ਗੁਲ ਦੁਪਹਿਰ ਵਾਂਙ ਉਸੇ ਵੇਲੇ ਬੰਦ ਹੋ ਜਾਏ। ਰਾਤ ਨੀਂਦ ਬੀ ਪੈ ਜਾਏ।

ਲਾਂਝਾ ਸਿੰਘ—ਬਈ ਨਹੀਂ ਰੀਸਾਂ, ਪਾਂਝਾ ਸਿੰਹਾਂ ! ਚਲੋ ਅੱਜ ਹੀ ਸੈਲ ਉੱਡੇ।

ਪਾਂਝਾ ਸਿੰਘ—ਪਰ ਬਈ ਇਕ ਗੱਲ ਹੈ, ਦੋਹੁੰ ਚਹੁੰ ਭਰਾਵਾਂ ਨੂੰ ਹੋਰ ਬੀ ਸੱਦ ਲਈਏ, ਹੋਣ ਆਪਣੇ ਨਿਜ ਦੇ, ਓਪਰਾ ਕੋਈ ਨਾ ਹੋਵੇ ਤੇ ਲੜ ਲਗੀਆਂ ਭੀ ਨਾਲ ਹੀ ਹੋਣ।

ਰਾਂਝਾ ਸਿੰਹੁੰ—ਤ੍ਰੀਮਤਾਂ ਦਾ ਕੋਈ ਕੰਮ ਨਹੀਂ। ਸਾਰੇ ਸ਼ਹਿਰ ਦੇ ਲੁੱਚੇ ਲਫੰਗੇ ਤੇ ਬਜ਼ਾਰੀ ਤ੍ਰੀਮਤਾਂ ਦੀ ਖੱਪ ਹੁੰਦੀ ਹੈ, ਉਥੇ ਭਲਿਆਂ ਦਾ ਗੁਜ਼ਾਰਾ ਨਹੀਂ।

ਪਾਂਝਾ ਸਿੰਘ—ਹਛਾ ਵਾਹ ਵਾਹ, ਅਸੀਂ ਹੀ ਸਹੀ।

ਸੰਝ ਵੇਲੇ ਨਹਿਰ ਦੇ ਕਿਨਾਰੇ, ਜਿਥੇ ਆਮ ਲੋਕਾਂ ਦੀ ਭੀੜ ਹੁੰਦੀ ਹੈ, ਉਸ ਤੋਂ ਦੂਰ ਵਾਟ ਏਕਾਂਤ ਥਾਂ ਤੇ ਇਕ ਦਰੀ ਵਿਛੀ ਹੈ, ਜਿਸ ਪਰ ਉਪਰ ਲਿਖੇ ਸਜਣ ਤੇ ਕੁਝ ਹੋਰ ਕੱਠੇ ਹੋ ਰਹੇ ਹਨ। ਕੋਈ ਕਪੜੇ ਲਾਹ ਰਹੇ ਹਨ, ਕੋਈ ਬੈਠੇ ਹਨ, ਕੋਈ ਨ੍ਹਾ ਰਹੇ ਹਨ। ਹੇਠਾਂ ਟਾਲ੍ਹੀਆਂ ਦੇ ਝੁੰਡ ਥੱਲੇ ਦੇਗਾਂ ਗਰਮ ਹਨ, ਖਾਣੇ ਪੱਕ ਰਹੇ ਹਨ, ਅੰਬਾਂ ਦੀ ਖਾਰੀ ਨਹਿਰ ਵਿਚ ਨ੍ਹਾ ਰਹੀ ਹੈ, ਤੇ ਠੰਡੀ ਹੋ ਰਹੀ ਹੈ, ਨਹਾਉਣ ਵਾਲੇ ਚੂਪਦੇ ਖੁਸ਼ ਹੁੰਦੇ ਤੇ ਅਨੰਦ ਲੈ ਰਹੇ ਹਨ। ਅਜੇ ਪਹਾੜਾਂ ਵਿਚ ਬਰਖ਼ਾ ਨਹੀਂ ਸੀ ਹੋਈ, ਪਾਨੀ ਦਾ ਰੰਗ ਲਾਲ ਨਹੀਂ ਸੀ ਹੋਇਆ, ਨਾ ਤਪਿਆ ਸੀ, ਸੋ ਸੈਰ ਸਫਲ ਹੋਈ। ਸੂਰਜ ਆਥਣ ਲਾਗੇ ਹਵਾ ਬੀ ਰੁਮਕ ਪਈ, ਸੱਭੇ ਜਣੇ ਨਹਾ ਧੋਕੇ ਖਾਨਾ ਖਾਣ ਬੈਠ ਗਏ।

ਪਾਂਝਾ ਸਿੰਹੁੰ—ਭਾਈ ਭਰਾਵੋ, ਜੀ ਕਰਦਾ ਹੈ ਹਰਦੁਆਰ ਚੱਲੀਏ। ਅਜ ਕਲ ਅੰਬਾਂ ਦੀ ਮੌਜ ਹੈ। ਠੰਢ ਬੀ ਹੈ।

ਲਾਂਝਾ ਸਿੰਹੁੰ—ਠੰਢ ਦਿਲ ਨੂੰ ਤਾਂ ਕੋਈ ਨਹੀਂ, ਸੰਝ ਨੂੰ ਹੁੰਦੀ ਹੈ। ਪਰ ਚੱਲੀਏ ਕਿਸ ਤਰ੍ਹਾਂ? ਪਰਵਾਰ ਸਾਰਾ ਤਿਆਰ ਹੋ ਪਏਗਾ ਤੇ ਖ਼ਰਚ ਢੇਰ ਉਠੇਗਾ।

ਪਾਂਝਾ ਸਿੰਹੁੰ—ਨੱਬਿਆਂ ਦੀ ਬਾਕੀ ਬੁਰੀ, ਇਹ ਰੇਉੜੀ ਦਾ ਫੇਰ ਲਗਾ ਤਾਂ ਬੰਦਾ ਗਿਆ।

ਲਾਂਝਾ ਸਿੰਹੁੰ-ਕਿਉਂ ਬਈ ! ਕਿਹੜੀ ਗੱਲੋਂ? ਹਰਦੁਆਰ ਵਲੋਂ ਖ਼ਰਚ ਦੀ ਤੰਗੀ ਤਾਂ ਇਸ ਕਰਕੇ ਆਖੀ ਹੈ ਜੋ ਦਸਵੰਧ ਖਾਤਾ ਖਾਲੀ ਹੈ, ਸਿਆਲੇ ਪ੍ਰਾਗ ਹੋ ਆਏ, ਸਾਰਾ ਖਾਤਾ ਖੜ ਗਿਆ।

ਵਿਚਾਰ ਸਿੰਘ—ਦਸਵੰਧ ਖਾਤੇ ਦੀ ਰਕਮ ਪ੍ਰਾਗ ਖ਼ਰਚ ਆਏ

ਤੇ ਹੁਣ ਹਰਦੁਆਰ ਦੇ ਅੰਬ ਚੂਪਣੇ ਵੀ ਦਸਵੰਧ ਖਾਤੇ ਦੇ ਸਿਰ ਤੇ ? ਮਾਂ ਮਣਸੇ ਧੀ ਖਾਏ, ਘਰ ਦੀ ਬਲਾ ਘਰੇ ਰਹਾਏ। ਨਹੀਂ ਰੀਸਾਂ ਖ਼ਾਲਸਾ ਜੀ ਸਿਦਕ ਦੀਆਂ !

ਰਾਂਝਾ ਸਿੰਘ—ਬਈ ਅਸੀਂ ਤਾਂ ਐਉਂ ਨਹੀਂ ਕਰਦੇ, ਸਾਡਾ ਤਾਂ ਇਹ ਸੁਆਤਮ ਹੈ ਜੋ ਦਸਵੰਧ ਗੁਰੂ ਕਾ ਨੇਮ ਨਾਲ ਕੱਢਿਆ, ਜਦ ਤੀਰਥ ਯਾਤਰਾ ਗਏ ਕਿਰਾਇਆ ਤੇ ਪੁੰਨ ਦਾਨ ਦਸਵੰਧ ਖਾਤੇ ਤੇ ਰੋਟੀ ਖਾਣਾ ਪੀਣਾ ਆਪਣੇ ਸਿਰੋਂ।

ਸਾਂਝਾ ਸਿੰਘ—ਅਸੀਂ ਤਾਂ ਕਰਾਯਾ ਵੀ ਆਪਣੇ ਪੇਟੇ ਪਾਉਂਦੇ ਹਾਂ, ਪੁੰਨ ਦਾਨ ਜ਼ਰੂਰ ਦਸਵੰਧ ਖਾਤੇ ਪਾਂਦੇ ਹਾਂ। ਹੋਰ ਸਰਾਧ ਖਿਆਹ, ਫਕੀਰ ਫੁਕਰਾ, ਆਇਆ ਗਿਆ, ਸਭ ਦਸਵੰਧ ਖਾਤੇ ਦੇ ਸਿਰ ਤੇ ਟੁਰਦਾ ਹੈ।

ਵਿਚਾਰ ਸਿੰਘ—ਬਹੁਤ ਖੂਬ, ਧੰਨ ਸਿਖੀ ਤੇ ਧੰਨ ਕਮਾਈ ! ਭਲਾ ਦੱਸੋ ਖਾਂ ਪੁਰਾਤਨ ਸਿਖ ਭੀ ਇਸੇ ਤਰ੍ਹਾਂ ਕਰਦੇ ਸਨ ?

ਪਾਂਝਾ ਸਿੰਘ—ਤੇ ਹੋਰ ਕੀ ਕਰਦੇ ਸਨ ?

ਵਿਚਾਰ ਸਿੰਘ—ਪੜ੍ਹੋ, ਕੀ ਲਿਖਿਆ ਹੈ। ਦਸਵੰਧ ਗੁਰੂ ਕਾ ਸਿਖ ਕੱਠਾ ਕਰਦੇ ਰਹਿੰਦੇ ਸਨ। ਜਦੋਂ ਗੁਰੂ ਕੇ ਹਜ਼ੂਰ ਹਾਜ਼ਰ ਹੁੰਦੇ ਸਨ ਭੇਟ ਕਰ ਦਿੰਦੇ ਸਨ। ਕਦੇ ਕਿਤੇ ਪੜ੍ਹਿਆ ਜੇ ਕਿ ਅੰਬਾਂ ਪਰ ਤੇ ਸੈਰ ਤੇ ਖ਼ਰਚ ਕਰਦੇ ਸਨ ? ਸ਼ਰਾਧਾਂ ਦਾ ਨਾਉਂ ਸਿੱਖ ਕਦੇ ਲੈਂਦੇ ਹੀ ਨਹੀਂ ਸਨ, ਤੇ ਨਾ ਤੀਰਥੀਂ ਭਟਕਦੇ ਸਨ, ਸੋ ਉਧਰ ਦਸਵੰਧ ਕੀ ਲਗਣਾ ਸੀ। ਹਾਂ ਅਭਯਾਗਤਾਂ ਦੀ ਸੇਵਾ, ਅਪਾਹਜਾਂ ਦੀ ਮਦਦ ਅਰ ਹੋਰ ਪੁੰਨ ਕਰਮ ਕਰਦੇ ਸੇ, ਪਰ ਉਹ ਸਭ ਖ਼ਰਚ ਕੋਲੋਂ ਕਰਦੇ ਸੇ; ਕੀ ਮਜਾਲ ਕਿ ਦਸਵੰਧ ਦੀ ਰਕਮ ਵਿਚੋਂ ਕੁਝ ਛੇੜ ਜਾਣ। ਦਸਵੰਧ ਤਾਂ ਗੁਰੂ ਕਾ ਹੁੰਦਾ ਹੈ। ਉਸ ਵਿਚ ਛੇੜ ਛਾੜ ਕਰਨ ਦਾ ਸਿੱਖ ਨੂੰ ਕੀ ਹੱਕ ਹੈ ? ਦਸਮੇਂ ਸਤਿਗੁਰਾਂ ਤੋਂ ਮਗਰੋਂ ਜਦ ਗੁਰਿਆਈ ਪੰਥ ਨੂੰ ਮਿਲੀ ਜਦ ਦਸਵੰਧ ਪੰਥ ਗੁਰੂ ਦੇ ਅਰਪਨ ਹੁੰਦਾ ਸੀ, ਜਿਸ ਵਿਚੋਂ ਸਾਰੇ ਪੰਥ ਦੇ ਕੰਮ ਤੁਰਦੇ ਸੇ। ਤਦੋਂ ਭੀ ਕੋਈ ਸਿੱਖ ਦਸਵੰਧ ਦੀ ਰਕਮ ਨਹੀਂ ਛੇੜਦਾ ਸੀ। ਜਦੋਂ ਡੋਗਰਾ ਗਰਦੀ ਵਰਤੀ ਤੇ ਸਿੱਖਾਂ ਦੇ ਸਭ ਆਸ਼ਰਮ ਅਰ ਰੀਤੀਆਂ ਕੁਚਲ ਦਿੱਤੀਆਂ ਗਈਆਂ ਓਦੋਂ ਪੰਥ ਦੀ ਜਥੇਬੰਦੀ ਭੰਨਣ ਲਈ ਖ਼ੁਦਗਰਜ ਬਨਾਵਟੀ ਸਾਧਾਂ, ਗਿਆਨੀਆਂ, ਆਪਣੇ ਬਣੇ ਗੁਰੂਆਂ ਦੇ ਜ਼ਰੀਏ ਸਿੱਖਾਂ ਵਿਚ ਇਹ ਕੁਰੀਤੀ ਪਾ ਦਿੱਤੀ ਕਿ ਹਰੇਕ ਸਿੱਖ ਦਸਵੰਧ ਉੱਤੇ ਆਪਣਾ ਅਖਤਿਆਰ ਰਖਦਾ ਹੈ। ਮਾਇਆ ਦਾ ਪਿਆਰ ਡਾਢਾ ਹੁੰਦਾ ਹੈ, ਇਹ ਰੀਤ ਫੈਲ ਗਈ। ਦਸਵੰਧ ਨੂੰ ਡੋਗਰਿਆਂ ਨੇ ਤਾਂ ਲੈਣਾ ਨਹੀਂ ਸੀ ਪਰਚਾਰਕਾਂ ਨੂੰ ਹੀ ਮੌਜ ਲੈਣ ਦਿੱਤੀ। ਉਹਨਾਂ ਨੂੰ ਹੁਣ ਆਪ-ਸੁਆਰਥ ਪੈ ਗਿਆ, ਦਸਵੰਧ ਗੁਰੂ ਕਾ ਨਾ ਰਿਹਾ, ਸਿਖ ਦਾ ਹੋ ਗਿਆ ਤੇ ਲੈਣ ਵਾਲੇ ਲੋਕ ਉਹੋ ਉਗਮ ਪਏ ਜਿਨ੍ਹਾਂ ਦੇ ਵਸੀਲੇ ਡੋਗਰਿਆਂ ਨੇ ਇਹ ਕੁਚਾਲ ਫੈਲਾਈ। ਫਲ ਕੀ ਹੋਇਆ ਕਿ ਜਥੇਬੰਦੀ ਦੀ ਤਾਰ ਟੁੱਟ ਗਈ ਤੇ ਪੰਥ ਦੇ ਆਸ਼ਰਮਾਂ ਦੀ ਆਮਦਨ ਡੱਕੀ ਗਈ। ਆਸ਼ਰਮਾਂ ਦੀ ਮਦਦ ਬਾਦਸ਼ਾਹੀ ਖ਼ਜ਼ਾਨੇ ਤੋਂ ਵੀ ਹੋਣ ਲਗ ਪਈ, ਅਰ ਆਸ਼ਰਮਾਂ ਦੇ ਪ੍ਰਬੰਧਕ ਡੋਗਰਾ ਗਰਦੀ ਦੇ ਖਿਆਲਾਂ ਵਾਲੇ ਬਹੁਰੂਪੀਏ ਸਿੱਖ ਹੋਣ ਲਗ ਪਏ। ਸੋ ਸਿੱਖੀ ਨੂੰ ਇਧਰੋਂ ਵੀ ਸੱਟ ਵੱਜੀ। ਜੇ ਪੰਥ ਦੇ ਸਾਰੇ ਸਿੱਖ ਦਸਵੰਧ ਕੱਢਣ ਅਰ ਜਥੇਬੰਦੀ ਨਾਲ, ਜੋ ਪੰਥ ਦੀ ਇਕੱਤਰਤਾ ਕੰਮ ਕਰ ਰਹੀ ਹੋਵੇ, ਉਸ ਵਿਚ ਦਸਵੰਧ ਪਹੁੰਚੇ ਤਦ ਹਰੇਕ ਦੇਣ ਵਾਲੇ ਨੂੰ ਪੰਥਕ ਇਕੱਤਰਤਾ ਨਾਲ ਪਿਆਰ ਪੈ ਜਾਂਦਾ ਹੈ। ਇਹ ਪਿਆਰ ਕੌਮੀ ਜੀਵਨ ਦੀ ਜਿੰਦ ਹੁੰਦੀ ਹੈ।

ਹੁਣ ਵੇਖੋ ਅਸੀਂ ਕਿਸ ਦਸ਼ਾ ਨੂੰ ਪਹੁੰਚੇ ਹਾਂ : ਰਾਮਚੰਦ ਦੀ ਲੀਲਾ ਦਸਵੰਧ ਖਾਤਿਓਂ, ਹਰਦੁਆਰ ਦੇ ਅੰਬ, ਪਹਾੜਾਂ ਦੀ ਸੈਰ, ਤੀਰਥਾਂ ਦੇ ਝਾਕੇ, ਰਾਸ ਮੰਡਲਾਂ ਦੀ ਸਹੈਤਾ ਸਭ ਦਸਵੰਧੋਂ। ਹਰੇਕ ਸਿੱਖ ਨਿਜ ਨੂੰ ਦਸਵੰਧ ਦਾ ਮਾਲਕ ਤੇ ਆਪਣੀ ਮਰਜ਼ੀ ਨੂੰ ਦਸਵੰਧ ਦਾ ਖ਼ਰਚ ਕਰਤਾ ਜਾਣਦਾ ਹੈ, ਹਾਲਾਂਕਿ ਦਸਵੰਧ ਗੁਰੂ ਦਾ ਹੈ, ਸਿੱਖ ਨੇ ਪੰਥ ਗੁਰੂ ਨੂੰ ਦੇਣਾ ਹੈ, ਪੰਥ ਗੁਰੂ ਨੇ ਉਸ ਨੂੰ ਵਰਤਣਾ ਹੈ। ਜਥੇਬੰਦੀ ਵਿਚ ਸਿੱਖ ਦੀ ਆਵਾਜ਼ ਸ਼ਾਮਲ ਹੈ, ਪਰ ਮਨਮੁਖਤਾ ਨਾਲ ਨਹੀਂ। ਹੁਣ ਤੁਸੀਂ ਕਿਸੇ ਸਿੱਖ ਨੂੰ ਕਹੋ ਕਿ ਦਸਵੰਧ ਗੁਰੂ ਦਾ ਪੰਥ ਦੀ ਸ਼੍ਰੋਮਣੀ ਜਥੇਬੰਦੀ ਨੂੰ ਦਿਓ, ਹਾਇ, ਕਾਲਜੇ ਨੂੰ ਛੇਕ ਪੈਂਦਾ ਹੈ, ਕਿਉਂਕਿ ਧੀਆਂ ਪੁੱਤਰਾਂ ਵਾਂਙ ਦਸਵੰਧ ਭੀ ਆਪਣਾ ਹੋ ਚੁਕਾ ਹੈ, ਉਹ ਗੁਰੂ ਕਾ ਨਹੀਂ ਭਾਸਦਾ। ਸੁਭਾ ਪੱਕ ਗਿਆ ਹੈ, ਭੇਜਣਾ ਤਾਂ ਕਿਤੇ ਰਿਹਾ, ਇਸ ਪਰ ਹਜ਼ਾਰ ਹਜ਼ਾਰ ਕੁਤਰਕ ਫੁਰੇਗੀ।

ਰਾਂਝਾ ਸਿੰਹੁੰ—ਭਾਈ ਵਿਚਾਰ ਸਿੰਹੁੰ ਜੀ ! ਆਖਦੇ ਸੱਚ ਹੋ, ਤੇ ਕੁਤਰਕ ਵੀ ਫੁਰਦੀ ਹੈ, ਪਰ ਸਚ ਹੈ, ਸੱਚ ਅਗੇ ਸਭ ਬਨਾਵਟ ਕੱਚ ਹੈ। ਅਸੀਂ ਤਾਂ ਹਾਂ ਹੀ ਕੱਚੇ ਪਿੱਲੇ ਸਿੱਖ, ਰਹਿਤੋਂ ਵੀ ਢਿੱਲੇ ਹਾਂ ਅਰ ਤ੍ਰੀਮਤਾਂ ਤੋਂ ਵੀ ਡਰਦੇ ਹਾਂ, ਪਰ ਅਜ ਤੁਸੀਂ ਅਰਦਾਸਾਂ ਸੋਧ ਦਿਓ ਕਿ ਅਸੀਂ ਦਸਵੰਧ ਗੁਰੂ ਕਾ ਜਾਣਾਂਗੇ, ਅਰ ਪੰਥ ਗੁਰੂ ਦੇ ਅਰਪਨ ਕਰਾਂਗੇ। ਹੋਰ ਸੁਮੱਤਾਂ ਵੀ ਬਖ਼ਸ਼ਣੀਆਂ, ਪਰ ਇਕ ਇਹ ਕੁਮਤਿ ਤਾਂ ਅਜ ਹੀ ਸਾਡੀ ਦੂਰ ਕਰ ਦਿਓ।

ਸਾਰੇ—ਰਾਂਝਾ ਸਿੰਹਾਂ ! ਠੀਕ ਕਿਹਾ ਈ, ਅਸੀਂ ਵੀ ਹਾਜ਼ਰ ਹਾਂ; ਭਾਈ ਜੀ ਕਰੋ ਅਰਦਾਸ।

ਭਾਈ ਜੀ ਨੇ ਅਰਦਾਸਾ ਸੋਧ ਦਿੱਤਾ। ਸਿੱਖਾਂ ਨੇ ਦਸਵੰਧ ਗੁਰੂ ਕਾ ਜਾਣਕੇ ਪੰਥ ਗੁਰੂ ਨੂੰ ਦੇਣਾ ਨਿਯਮਤ ਕਰ ਲਿਆ। ਫੇਰ ਗੱਲਾਂ ਤੁਰੀਆਂ ਤਾਂ ਭਾਈ ਜੀ ਨੇ ਕਿਹਾ ਪੰਥ ਦੀਆਂ ਲੋੜਾਂ ਐਸੀਆਂ ਹਨ ਦਸਵੰਧ ਤੋਂ ਇਲਾਵਾ ਹਰੇਕ ਸਿੱਖ ਨੂੰ ਧਾਰਮਕ ਫੰਡ ਦੇ ਮਾਲਾ ਮਾਲ ਕਰਨ ਲਈ ਚਾਹੀਦਾ ਹੈ ਕਿ ਜੋ ਮਾਲ ਵੇਚੇ ਉਸ ਪਰ ਪੈਸਾ ਧੇਲਾ ਪਾਈ ਕਹਿਕੇ ਗਾਹਕ ਤੋਂ ਵਧੀਕ ਧਰਮ ਖਾਤੇ ਲਈ ਲੈ ਲਵੇ ਅਰ ਉਹ ਰਕਮ ਪੰਥ ਦੇ ਸਾਂਝੇ ਪ੍ਰਚਾਰ ਫੰਡ ਵਿਚ ਪਹੁੰਚਾ ਦੇਵੇ।

ਪਾਂਝਾ ਸਿੰਹੁੰ—ਕਿਸੇ ਨੇ ਏਸ ਤਰ੍ਹਾਂ ਅੱਗੇ ਕੀਤਾ ਵੀ ਹੈ ?

ਵਿਚਾਰ ਸਿੰਹੁੰ—ਹਾਂ ਜੀ, ਬਹੁਤਿਆਂ ਨੇ ਕੀਤਾ ਹੈ। ਮੈਨੂੰ ਨਾਮ ਯਾਦ ਨਹੀਂ, ਪਰ ਸਰਦਾਰ ਹਰਬੰਸ ਸਿੰਘ ਜੀ ਰਈਸ ਅਟਾਰੀ,

ਭਾਈ ਜੋਧ ਸਿੰਘ ਜੀ ਧਾਰਮਕ ਪ੍ਰੋਫੈਸਰ ਖ਼ਾਲਸਾ ਕਾਲਜ, ਆਦਿਕ ਸਜਣ ਆਪਣਾ ਸਾਰਾ ਦਸਵੰਧ ਪੰਥ ਦੇ ਸਾਂਝੇ ਫੰਡ ਚੀਫ਼ ਖ਼ਾਲਸਾ ਦੀਵਾਨ ਵਿਚ ਦਿੰਦੇ ਹਨ, ਪਰ ਅਸਾਂ ਸੁਣਿਆ ਸੀ ਕਿ ਹੋਤੀ ਵਿਚ ਇਕ ਸਿਖ ਬਜ਼ਾਜ਼ ਨੇ ਆਪਣੇ ਮਾਲ ਪਰ ਪੈਸਾ ਰੁਪੈ ਧਰਮ ਖਾਤੇ ਲਈ ਗਾਹਕਾਂ ਤੋਂ ਵਧੀਕ ਲੀਤਾ ਤਾਂ 30 ਰੁਪਏ ਮਹੀਨੇ ਵਿਚ ਕੱਠੇ ਹੋ ਗਏ।

ਮਿੱਤਰੋ, ਪੰਥਕ ਕੰਮ ਤਦ ਚਲਦੇ ਹਨ ਜੇ ਸਾਰੇ ਭਰਾ ਖ਼ੁਦਗ਼ਰਜ਼ੀ ਨੂੰ ਛੱਡਕੇ ਪੰਥ ਦਾ ਕੰਮ ਕਰਨ, ਅਰ ਪੰਥ ਦੀ ਜਥੇਬੰਦੀ ਨੂੰ ਸਿਰੇ ਚਾੜਨ, ਅਰ ਜਥੇਬੰਦੀ ਤੋੜਨ ਵਾਲੇ ਨੂੰ ਮੂੰਹ ਨਾਂ ਲਾਉਣ, ਹਰੇਕ ਸਿੱਖ ਜਥੇਬੰਦੀ ਨਾਲ ਪਿਆਰ ਕਰੇ, ਅਰ ਦਸਵੰਧ ਉਥੇ ਦੇਵੇ ਤੇ ਹੋਰ ਤਰੀਕਿਆਂ ਨਾਲ ਵੀ ਪਦਾਰਥ ਪੁਚਾਵੇ, ਤਦ ਦੱਸੋ ਕਦੇ ਹੋ ਸਕਦਾ ਹੈ ਕਿ ਸਿੱਖਾਂ ਦਾ ਕੋਈ ਕੰਮ ਰੁਕੇ; ਪਰ ਐਸ ਵੇਲੇ ਪੰਥ ਦੇ ਸਾਰੇ ਕੰਮ ਡਕੋ ਡੋਲੇ ਖਾਂਦੇ ਹਨ। ਚੀਫ਼ ਖ਼ਾਲਸਾ ਦੀਵਾਨ ਦਾ ਯਤੀਮਖਾਨਾ ਭੀ ਮੁਸ਼ਕਲਾਂ ਨਾਲ ਚਲਦਾ ਹੈ, ਸਾਰੇ ਦੇਸ਼ ਵਿਚ ਤਾਲੀਮ ਦੇਣੀ ਹੈ, ਹੋਰ ਵਿਦਯਕ ਆਸ਼ਰਮ ਰਚਨੇ ਹਨ, ਪਰ ਚੱਲਣ ਕਿਥੋਂ? ਜੇਕਰ ਜਥੇਬੰਦੀ ਮੁਕੰਮਲ ਹੋ ਜਾਏ, ਰਾਜੇ ਤੋਂ ਲੈ ਕੇ ਮਜ਼ਦੂਰ ਤਕ ਦਸਵੰਧ ਪੰਥ ਦੇ ਸਾਂਝੇ ਫੰਡ ਵਿਚ ਜਮ੍ਹਾ ਹੋਕੇ ਪੰਥਕ ਕੰਮਾਂ ਤੇ ਆਸ਼ਰਮਾਂ ਪਰ ਖਰਚ ਹੋਵੇ, ਤਦ ਮੇਰੀ ਜਾਚੇ ਹਿੰਦ ਵਿਚ ਸਿੱਖ ਸਭ ਤੋਂ ਸੌਭਾਗ ਹੋ ਜਾਣ।

ਸਾਰੇ-ਬਹੁਤ ਠੀਕ, ਕਦੇ ਕਦੇ ਆਪ ਜਦ ਏਸ ਸ਼ਹਿਰ ਆਓ ਤਾਂ ਕੋਈ ਸੁਮਤਿ ਬਖ਼ਸ਼ ਜਾਇਆ ਕਰੋ, ਅਸੀਂ ਦਸਵੰਧ ਤੋਂ ਵੱਖਰਾ ਹੋਰ ਗੱਫਾ ਧਰਮ ਕਾਰਜਾਂ ਲਈ ਕੱਠਾ ਕਰਨਾ ਵੀ ਜ਼ਰੂਰ ਸ਼ੁਰੂ ਕਰਾਂਗੇ।

## ਤੇਰੀ ਰਜ਼ਾ

ਤੇਰੀ ਰਜ਼ਾ, ਤੇਰੀ ਰਜ਼ਾ
ਮਰਜ਼ੀ ਮਿਰੀ ਸੁਰ ਕਰ ਲਏਂ

ਦੋਵੇਂ ਸੁਰਾਂ ਇਕ ਹੋ ਵਜਨ,
ਵੈਰਾਗ ਦੀ ਫਿਰ ਲੋੜ ਨਾ

'ਰਾਗ ਇਹ' ਵੈਰਾਗ ਹੋ ਕੇ
ਵੈਰਾਗ ਕਉੜੱਤਣ ਹਿਰੇ

ਤਾਰੇ ਤਾਂ ਚੜ੍ਹਿਆਂ ਸੂਰਜੇ
ਚਾਨਣੀ ਸੁਰ ਆਪਣੀ ਵਿਚ

ਲੋਅ ਤਾਰਿਆਂ ਵਾਲੜੀ
ਮਰਜ਼ੀ ਮਿਰੀ ਰਲ ਜਾਇ ਤੀਕੂੰ

ਹੇ ਸੰਗੀਤਕ ਸੁਹਣਿਆਂ!
ਸੂਰਜ ਤਰ੍ਹਾਂ ਖ਼ੁਦ ਆ ਮਿਲੋ

ਬੇ ਸੁਰੀ ਸਾਡੀ ਹਟਾਵੋ
ਮਰਜ਼ੀ ਅਸਾਡੀ ਲੀਨ ਹੋ

'ਜਲ ਧਰਤੀਓਂ' ਜੋ ਭਾਫ ਉਠੇ
ਦੋਇ ਮਿਲ ਵਰਖਾ ਕਰੰਨ

ਮਿਠੀ ਲਗੇ ਤੇਰੀ ਰਜ਼ਾ।
ਤੂੰ ਨਾਲ ਆਪਣੀ ਦੇ ਰਜ਼ਾ।

ਕੈਸਾ 'ਸੁਰੀਲਾ ਰਾਗ' ਹੋ
ਕ੍ਰਾਮਤ ਕਰੇ ਤੇਰੀ ਰਜ਼ਾ।

ਰਾਗ ਮਿੱਠਾ ਛਿੜ ਪਵੇ
ਮਿੱਠਤ ਭਰੇ ਤੇਰੀ ਰਜ਼ਾ।

ਗੁੱਸੇ ਹੁਏ ਤੁਰ ਜਾਂਵਦੇ,
ਮੇਲਦੇ ਸੂਰਜ ਰਜ਼ਾ।

ਵਿਚ ਧੁੱਪ ਦੇ ਮਿਲ ਜਾਂਵਦੀ
ਸੁਹਣਿਆਂ ਤੇਰੀ ਰਜ਼ਾ।

ਸਾਡੇ ਨ ਏ ਪਰ ਵੱਸ ਹੈ
ਮਰਜ਼ੀ ਰਲਾ ਲਓ ਵਿਚ ਰਜ਼ਾ।

ਇਕ ਸੁਰੀ ਦੇਵੋ ਲਗਾ
ਬਾਕੀ ਰਹੇ ਤੇਰੀ ਰਜ਼ਾ।

ਸਮੁੰਦਰ-ਭਾਫ ਉਸ ਆ ਮਿਲੇ
ਇਉਂ ਮੇਲ ਮਰਜ਼ੀ ਵਿਚ ਰਜ਼ਾ।

*(ਦੀਵਾਨ ਭਾਈ ਵੀਰ ਸਿੰਘ)*

# ਭਾਈ ਵੀਰ ਸਿੰਘ ਜੀਵਨ ਅਤੇ ਸੰਦੇਸ਼

*ਡਾ. ਬਲਬੀਰ ਸਿੰਘ**

ਵੀਰ ਸਿੰਘ ਦਾ ਜਨਮ 1872 ਈ. ਵਿਚ ਹੋਇਆ। ਪਿਤਾ ਡਾ. ਚਰਨ ਸਿੰਘ ਜੀ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਵਿਚ, ਜੋ 1873 ਈ. ਵਿਚ ਹੀ ਸ਼ੁਰੂ ਹੋਈ, ਭਰਪੂਰ ਹਿੱਸਾ ਪਾਇਆ।

ਵੀਰ ਸਿੰਘ ਇਕ ਅਸਾਧਾਰਨ ਬਾਲਕ ਸੀ, ਪੜ੍ਹਾਈ ਵਿਚ ਬੁੱਧੀ ਤੀਬਰ ਸੀ। ਛੋਟੀ ਉਮਰੇ ਹੀ ਉਸ ਦਾ ਸ਼ੀਲ ਸੰਜਮ, ਦ੍ਰਿੜ੍ਹਤਾ ਦੀ ਸਾਧਨਾ ਦੁਆਰਾ ਪਵਿੱਤਰਤਾ ਵਿਚ ਸਥਿਰ ਹੋ ਗਿਆ ਅਤੇ ਉਸ ਦੀ ਇਸ਼ਟ ਭਾਵਨਾ ਇਕ ਸਨੇਹ ਭਰਪੂਰ ਜਜ਼ਬੇ ਦੀ ਸੂਰਤ ਵਿਚ ਹਿਰਦੇ ਅੰਦਰ ਪ੍ਰੇਮ ਸਰੂਪ ਧਾਰਨ ਕਰਕੇ ਬੈਠ ਗਈ। ਇਸ ਤਰ੍ਹਾਂ ਤਿੰਨ ਧਾਰਾਂ ਸਨ: ਇਕ ਬੁਧੀਮਤਾ ਦੀ, ਦੂਜੀ ਸ਼ੀਲ ਸੰਜਮ ਦੀ, ਤੀਜੀ ਈਸ਼ਟ ਪ੍ਰੇਮ ਦੀ। ਇਹ ਤਿੰਨੇ ਹੀ ਇਕ ਕਲੀ ਦੇ ਰੂਪ ਵਿਚ ਬੰਦ ਸਨ। ਇਹ ਕਲੀ ਵੀਰ ਸਿੰਘ ਦੀ ਬਾਲ ਵਰੇਸ ਦੇ ਹਿਰਦੇ ਕਮਲ ਦੀ ਡੋਡੀ ਸੀ, ਜੋ ਸਮੇਂ ਦੇ ਲਿਹਾਜ਼ ਨਾਲ ਹੌਲੇ-ਹੌਲੇ ਖਿੜਦੀ ਗਈ। ਇਸ ਖੇੜੇ ਦਾ ਹੀ ਦਰਜੇਵਾਰ ਵਿਕਾਸ ਵੀਰ ਸਿੰਘ ਦੀ ਜੀਵਨ ਕਥਾ ਹੈ। ਇਸ ਵਿਕਾਸ ਨੇ ਹੀ ਜੋ ਪਰਮਲ ਸੁਗੰਧੀ ਦੀ ਵਾਸਨਾ ਫੈਲਾਈ, ਜੋ ਸੁੰਦਰਤਾ ਦੀ ਰੰਗ ਬਰੰਗੀ ਵਚਿੱਤਰਤਾ ਵਿਖਾਈ, ਉਸੇ ਵਿਚ ਉਸ ਦਾ ਨਿੱਜੀ ਇਤਿਹਾਸ ਅੰਕਿਤ ਹੈ। ਸਕੂਲ ਦੀ ਪੜ੍ਹਾਈ ਵੀਰ ਸਿੰਘ ਦੀ ਦਸਵੀਂ ਜਮਾਤ ਪਾਸ ਕਰਨ ਨਾਲ ਖ਼ਤਮ ਹੋ ਗਈ। ਮਿਸ਼ਨ ਸਕੂਲ ਦੇ ਅੰਗਰੇਜ਼ ਪ੍ਰਿੰਸੀਪਲ ਨੇ ਜੋ ਸਰਟੀਫੀਕੇਟ ਦਿੱਤਾ ਉਸ ਵਿਚ ਇਹ ਸਤਰਾਂ ਵੀ ਦਰਜ਼ ਕੀਤੀਆਂ:

"ਇਹ ਨਿਰੋਲ ਸੱਚਾ, ਖਰਾ ਤੇ ਈਮਾਨਦਾਰ ਲੜਕਾ ਹੈ ਤੇ ਇਕ ਚੰਗੇ ਖਾਨਦਾਨ ਦਾ ਬੱਚਾ ਹੈ। ਸਹੀ ਹੁੰਦਾ ਹੈ ਕਿ ਇਸ ਦੁਨੀਆਂ ਲਈ ਇਹ ਬੜਾ ਉਪਕਾਰੀ ਸਾਬਤ ਹੋਵੇਗਾ। ਮੈਨੂੰ ਭਰੋਸਾ ਹੈ ਕਿ ਜੋ ਕੁਝ ਵੀ ਕਰੇਗਾ, ਇਸ ਦੇ ਕੰਮਾਂ ਉੱਪਰ ਪਰਮਾਤਮਾ ਦੀ ਬਰਕਤ ਅਤੇ ਰਹਿਮਤ ਹੋਵੇਗੀ।"

ਪ੍ਰਿੰਸੀਪਲ ਦੇ ਲਫ਼ਜਾਂ ਵਿੱਚ ਭਵਿੱਖ ਬਾਣੀ ਦਾ ਸੰਕੇਤ ਸੀ, ਉਸ ਦੀ ਪੇਸ਼ੀਨਗੋਈ ਸੱਚੀ ਸਾਬਤ ਹੋਈ, ਉਸ ਦਾ ਅਗੰਮੀ ਵਾਕ ਪੂਰਨ ਰੂਪ ਵਿੱਚ ਸਫ਼ਲ ਹੋਇਆ।

ਵੀਰ ਸਿੰਘ ਨੂੰ ਇਕ ਤਗ਼ਮਾ ਵੀ ਇਨਾਮ ਮਿਲਿਆ। ਇਹ ਡਿਸਟ੍ਰਿਕਟ ਬੋਰਡ ਵੱਲੋਂ ਸੀ, ਜੋ ਜਿਲ੍ਹੇ ਵਿਚ ਅੱਵਲ ਰਹਿਣ ਕਾਰਣ ਜੁਬਲੀ ਦੇ ਮੌਕੇ ਉੱਪਰ 1891 ਵਿਚ ਦਿੱਤਾ ਗਿਆ ਸੀ। ਤਗ਼ਮਾ ਸਥੂਲ ਸੋਨੇ ਦਾ ਸੀ, ਭਾਰਾ ਸੀ, ਦਸ ਤੋਲੇ ਦੇ ਵਜਨ ਦਾ ਸੀ। ਇਹ ਸਾਰੇ ਪਰਿਵਾਰ ਲਈ ਫ਼ਖ਼ਰ ਅਤੇ ਮਾਣ ਦਾ ਚਿੰਨ੍ਹ ਸੀ ਪਰ ਇਸ ਕਾਮਯਾਬੀ ਨੇ ਵੀਰ ਸਿੰਘ ਦੇ ਮਨ ਉੱਤੇ ਉਸ ਤਰ੍ਹਾਂ ਦੇ ਉਛਾਲੇ ਦਾ ਅਸਰ ਨਹੀਂ ਕੀਤਾ ਜਿਸ ਤਰ੍ਹਾਂ ਸਾਧਾਰਨ ਤੌਰ ਤੇ ਮਹਿਸੂਸ ਕੀਤਾ ਜਾਂਦਾ ਹੈ। ਨਾ ਹੀ ਤਗ਼ਮੇ ਦੀ ਸੁਨਹਿਰੀ ਦਮਕ ਨੇ ਉਸਦੀ ਮਨੋਬਿਰਤੀ ਉੱਤੇ ਕੋਈ ਵਿਸ਼ੇਸ਼ ਝਲਕਾਰਾ ਸੁੱਟਿਆ। ਉਨ੍ਹਾਂ ਦਿਨਾਂ ਵਿਚ ਉਸ ਦਾ ਮਨ ਇਕ ਖ਼ਾਸ ਲਗਨ ਵਿਚ ਸੀ। ਇਹ ਇਕ ਪੜ੍ਹੀ ਹੋਈ ਪੁਸਤਕ ਦਾ ਪੁਨਰ ਵਿਚਾਰ ਸੀ। ਪੁਸਤਕ ਅੰਗਰੇਜ਼ੀ ਦੀ ਸੀ। ਇਸ ਵਿਚ ਇਕ ਕਵਿਤਾ ਸੀ ਜੋ ਦਿਲ ਨੂੰ ਅੱਛੀ ਲੱਗੀ। ਖਿਆਲ ਕੋਈ ਨਵਾਂ ਨਹੀਂ ਸੀ, ਪਰੰਪਰਾ ਦੇ ਜ਼ਖ਼ੀਰੇ ਵਿਚੋਂ ਹੀ ਇਕ ਭਾਈਚਾਰਕ ਚਿੰਤਨ ਦਾ ਵਿਸ਼ਾ ਸੀ। ਪਰ ਵੀਰ ਸਿੰਘ ਨੂੰ ਇਸ ਦਾ ਭਾਵ ਬਹੁਤ ਪਸੰਦ ਆਇਆ, ਇਉਂ ਪ੍ਰਤੀਤ ਹੋਇਆ ਕਿ ਇਹ ਮੇਰੀ ਆਪਣੀ ਹੀ ਅੰਦਰਲੀ ਕਲਪਨਾ ਹੈ ਜਿਸ ਨੂੰ ਪ੍ਰਗਟ ਨਹੀਂ ਸਾਂ ਕਰ ਸਕਦਾ। ਉਸ ਨੇ ਉਸ ਕਵਿਤਾ ਨੂੰ ਸਾਹਮਣੇ ਰਖ ਕੇ ਕੋਸ਼ਿਸ਼ ਕੀਤੀ ਕਿ ਇਸ ਦੀ ਸ਼ਬਦਾਵਲੀ ਨੂੰ ਆਪਣੇ ਹਿਰਦੇ ਦੀ ਗੂੰਜ ਵਿਚੋਂ ਬਾਹਰ ਕੱਢੇ ਜਿਸ ਨਾਲ ਆਪਣੇ ਢੱਕੇ ਹੋਏ ਖ਼ਿਆਲ ਉੱਭਰ ਆਉਣ। ਛੰਦ ਲਿਖਣ ਦਾ ਇਹ ਪਹਿਲਾ ਯਤਨ ਸੀ ਜਿਸ ਦੀ ਸ਼ਕਲ ਇਹ ਨਿਕਲੀ :

**ਦੋਹਾ**

ਇਕ ਛੋਟਾ ਸਾ ਪਿੰਡ ਥਾ, ਕਿਸੇ ਸ਼ਹਿਰ ਤੋਂ ਦੂਰ।
ਹੁਤੋ ਬਾਗ਼ ਸੁੰਦਰ ਤਹਾਂ, ਫੂਲੋਂ ਸੇ ਭਰਪੂਰ।
ਏਕ ਦਿਵਸ ਉਸ ਬਾਗ਼ ਮੇਂ, ਬੈਠੀ ਬੁਲਬੁਲ ਆਇ।
ਗਾਵਤ ਆਸਾ ਭੈਰਵੀ, ਦੀਨਾ ਦਿਵਸ ਬਤਾਇ।
ਸੰਝ ਭਈ ਖਾਯਾ ਨ ਕੁਝ ਕੀਨਾ ਭੂਖ ਬਿਹਾਲ।
ਦੂਰ ਧਰਾ ਪੁਰ ਤਾੜਿਆ, ਇਕ ਚਮਕਤਾ ਲਾਲ।
ਮਾਰ ਉਡਾਰੀ ਬਿਰਛ ਤੋਂ, ਪਹੁੰਚੀ ਜੁਗਨੂੰ ਪਾਸ।
ਮਨ ਮੈਂ ਇਹ ਆਸਾ ਹੁਤੀ, ਕਰੂੰ ਇਸੇ ਇਕ ਗ੍ਰਾਸ।
ਜੁਗਨੂੰ ਨੈ ਜਦ ਜਾਨਿਆਂ ਇਹ ਲੈਗੀ ਮੁਹਿ ਖਾਹਿ।
ਹਾਥ ਜੋੜ ਇਉਂ ਬੋਲਿਆ: "ਜ਼ਰਾ ਦੇਰ ਲੈ ਸਾਹ।
ਦੇਖ ਬਡਾਈ ਪ੍ਰਭੂ ਕੀ ਲਿਖੇ ਲੇਖ ਜਿਨ ਮਾਥ।
ਮੁਝਕੋ ਦੀਆ ਪ੍ਰਕਾਸ਼ ਜਹਿ ਤੁਝੇ ਰਾਗ ਗੁਨ ਸਾਥ।
ਤੂੰ ਸਲਾਹ ਮਮ ਚਾਨਣਾ ਮੈਂ ਸਲਾਹੂੰ ਤਵ ਰਾਗ।
ਸਮਝ ਸਿਆਣਪ ਹੈ ਇਹੀ ਪ੍ਰਭੂ ਦੀ ਸਿਫਤੀ ਲਾਗ।
ਤੂੰ ਗਾਵਤ ਹੈ ਰਾਤ ਨੂੰ ਮੈਂ ਬੀ ਚਮਕਤ ਰਾਤ।
ਇਮ ਕਿਮ ਪ੍ਰਭੂ ਨੈ ਕੀਆ? ਕਿ ਸੋਭਾ ਪਾਵੇ ਰਾਤ।
ਜਦ ਚਮਕੀਲੇ ਕੀਟ ਦੀ ਲੀ ਬੁਲਬੁਲ ਸੁਣ ਕੂਕ।

* ਭਾਈ ਵੀਰ ਸਿੰਘ ਜੀ ਦੇ ਛੋਟੇ ਵੀਰ

ਉਡੀ ਤੁਰਤ ਔ ਭੁੱਖ ਕੀ ਰਹੀ ਨ ਰੰਚਕ ਹੂਕ।
ਤਾਤਪਰਜ ਇਸ ਬਾਤ ਕਾ ਸੁਣੋ ਕਾਨ ਦੈ ਮੀਤ।
ਝਗੜੇ ਝਾਂਝੇ ਛੋੜ ਕੇ ਕਰੋ ਸਭਨ ਸੇ ਪ੍ਰੀਤ।
ਬਿਨੇ ਕਰਤ ਹੈ ਬੀਰ ਸਿੰਘ ਰਹੋ ਬੀਰ ਸਮ ਬੀਰ।
ਕਰੋ ਰਾਰ ਨਹ ਕਿਸੂ ਸੈ ਬਨੇ ਖੀਰ ਔਰ ਨੀਰ*।

ਇਸ ਕਵਿਤਾ ਵਿਚ ਕੀ ਸੀ ? ਇਸ ਵਿਚ ਕੋਈ ਖ਼ਾਸ ਗੱਲ ਨਹੀਂ ਸੀ। ਨਾ ਇਸ ਵਿਚ ਕੋਈ ਮੌਲਿਕ ਚਿੰਤਨ ਸੀ। ਸਾਧਾਰਨ ਰੂਪ ਵਿਚ ਇਹ ਉਸ ਵੇਲੇ ਦੇ ਸਮਾਜਕ ਝਗੜਿਆਂ ਉੱਪਰ ਕਟਾਖ ਦੀ ਨਜ਼ਰ ਸੀ ਅਰ ਏਹੋ ਨੁਕਤਾ ਅੰਗਰੇਜ਼ ਕਵੀ ਦਾ ਸੀ। ਪਰ ਵੀਰ ਸਿੰਘ ਲਈ ਜੋ ਵਿਸ਼ੇਸ਼ ਗੱਲ ਸੀ ਉਹ ਸਿਰਫ਼ ਇਤਨੀ ਸੀ ਕਿ ਇਸ ਵਿਚ ਦੋ ਵੱਖੋ ਵੱਖ ਵਸਤਾਂ ਹਨ 'ਰਾਗ' ਅਤੇ 'ਪ੍ਰਕਾਸ਼'। ਇਹ ਦੋਨੋਂ ਸ਼ੈਆਂ ਆਪੋ ਆਪਣੀ ਥਾਵੇਂ ਚਿੰਨ੍ਹ ਹਨ, ਭਗਤੀ ਅਤੇ ਗਿਆਨ ਦੇ। ਦੋਨਾਂ ਵਿਚ ਪਰਸਪਰ ਵਿਖਾਦ ਹੈ, ਝਗੜੇ ਹਨ, ਮਨੁੱਖ ਦੇ ਹਿਰਦੇ ਵਿਚ ਵੀ ਇਹ ਰੁਚੀਆਂ ਦੁਚਿੱਤੀ ਬਣਾਈ ਰਖਦੀਆਂ ਹਨ, ਜੇ ਇਹ ਦੋਨੋਂ ਮਿਲ ਜਾਣ ਤਾਂ ਫਿਰ ਕੀ ਹੋਵੇ, ਇਕ ਨਵੀਂ ਗੱਲ ਪੱਲੇ ਪਵੇ, ਇਕ ਨਵੀਂ ਰਚਨਾ ਰਚੀ ਜਾਵੇ, ਇਕ ਨਵੇਂ ਕੌਤਕ ਨਾਲ ਨਵੀਂ ਸਾਜਨਾ ਵਜੂਦ ਵਿਚ ਆ ਜਾਵੇ। ਇਹ ਸ੍ਰਿਸ਼ਟੀ ਕੋਮਲ ਹੁਨਰ ਦੀ ਹੈ; ਇਹ ਅਚਰਜ ਦਾ ਟਿਕਾਣਾ ਹੈ, ਇਹ ਵਿਸਮਾਦ ਦੇ ਜਗਤ ਵਿਚ ਸੁੰਦਰਤਾ ਦਾ ਨਿਵਾਸ ਅਸਥਾਨ ਹੈ।

ਇਹ ਉਹ ਜ਼ਮਾਨਾ ਸੀ ਜਿਸ ਵੇਲੇ ਆਪਸ ਦੀ ਫੁੱਟ ਕਾਰਨ ਸਿੰਘਾਂ ਵਿਚ ਧੜੇ ਬਾਜ਼ੀ ਸੀ। ਦੂਸਰੇ ਮਤ ਵਾਲਿਆਂ ਦੇ ਹਮਲੇ ਸਨ। ਪਰਸਪਰ ਖਿੱਚੋਤਾਣ ਨਾਲ ਮਾਨਸਿਕ ਵਾਤਾਵਰਣ ਵਿਗੜਿਆ ਹੋਇਆ ਸੀ। ਜ਼ਾਤੀ ਹਮਲਿਆਂ ਦੀ ਕੁੜੱਤਨ ਨਾਲ ਦਿਮਾਗ਼ੀ ਵਾਯੂ-ਮੰਡਲ ਵਿਸ਼ੈਲਾ ਹੋਇਆ ਹੋਇਆ ਸੀ। ਵੀਰ ਸਿੰਘ ਨੇ ਆਪਣਾ ਰਾਹ ਨਰੋਇਆ ਕੱਢਿਆ। ਉਸ ਦਾ ਰਸਤਾ ਇਕ ਨਵਾਂ ਤਜ਼ਰਬਾ ਸੀ। ਇਹ ਵਿਸਮਾਦ ਦਾ ਮਾਰਗ ਸੀ। ਇਸ ਲਈ ਉਪਜਾਊ ਕੰਮ ਦੀ ਲੋੜ ਸੀ। ਮਨਾਂ ਨੂੰ ਇਕ ਐਸੇ ਅਨੁਭਵ ਨਗਰ ਵਿਚ ਢੁੱਕਣ ਦੀ ਜ਼ਰੂਰਤ ਸੀ, ਜਿਸ ਵਿਚ ਉਹ ਤੁੱਛ ਫਰਕਾਂ ਨੂੰ ਭੁੱਲ ਕੇ ਆਪਣੀ ਨਿੱਜੀ ਗੰਭੀਰਤਾ ਵਿਚ ਇਸਥਿਤ ਹੋ ਜਾਵਣ।

ਅਮਲੀ ਤੌਰ ਤੇ ਪਹਿਲੀ ਗੱਲ ਤਾਂ ਇਹ ਕੀਤੀ ਕਿ ਸਕੂਲ ਦੇ ਮੁੰਡਿਆਂ ਦੀ ਇਕ ਮੰਡਲੀ ਬਨਾਉਣ ਦਾ ਯਤਨ ਆਰੰਭ ਕੀਤਾ ਜੋ ਭਰਾ-ਗਤੀ ਦੇ ਅਸੂਲਾਂ ਨੂੰ ਨਾਲ ਲੈ ਕੇ ਸਮਾਜਕ ਭਲਾਈ ਦਾ ਕੰਮ ਕਰੇ। ਇਸ ਵਿਚ ਕੌਰ ਸਿੰਘ, ਹੁਕਮ ਸਿੰਘ, ਕਿਸ਼ਨ ਸਿੰਘ ਅਤੇ ਪ੍ਰਤਾਪ ਸਿੰਘ ਸ਼ਾਮਲ ਸਨ। ਥੋੜ੍ਹੇ ਅਰਸੇ ਵਿਚ ਹੀ ਨੌਜਵਾਨਾਂ ਵਿਚ ਉਤਸ਼ਾਹ ਦਾ ਵਾਯੂ ਮੰਡਲ ਪੈਦਾ ਹੋ ਗਿਆ ਅਤੇ ਫਿਰ ਇਕ ਵੱਡੇ ਦਾਇਰੇ ਵਿਚ ਕੰਮ ਕਰਨ ਲਗ ਪਏ। ਇਹ ਯੋਗਦਾਨ ਸੀ ਇਕ ਹੋਰ ਸਭਾ ਦੇ ਰੂਪ ਨਿਖਾਰ ਵਿਚ ਜਿਸ ਨੇ 'ਖ਼ਾਲਸਾ ਵਿਦਿਆਰਥੀ ਸਭਾ' ਦੇ ਨਾਮ ਹੇਠ ਵੱਡੇ ਪੈਮਾਨੇ ਉੱਪਰ ਕੰਮ ਕੀਤਾ। ਉਸ ਵੇਲੇ ਦੇ ਛਪੇ ਅਖ਼ਬਾਰਾਂ ਵਿੱਚ ਇਸ ਸਭਾ ਦੇ ਕਾਰਜਾਂ ਉੱਪਰ ਚਰਚਾ ਹੈ। ਦੋ ਕੁ ਸਾਲ ਕੰਮ ਕਰਨ ਉਪਰੰਤ 'ਖ਼ਾਲਸਾ ਅਖ਼ਬਾਰ' ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ :

ਸਭ ਖ਼ਾਲਸਾ ਨੂੰ ਮਾਲੂਮ ਰਹੇ ਕਿ ਵਿਦਿਆਰਥੀ ਸਭਾ ਜਦ ਤੇ ਕਾਇਮ ਹੋਈ ਹੈ ਤਦ ਤੇ ਇਸ ਦੇ ਜੋੜ ਮੇਲੇ ਹਫ਼ਤੇ ਵਾਰ ਅਤੇ ਸਸ਼ਮਾਹੀ ਅਰ ਸਾਲਾਨੇ ਜਲਸੇ ਬੜੀ ਧੂਮ ਧਾਮ ਨਾਲ ਹੁੰਦੇ ਹਨ। ਇਹ ਬਿਰਖ ਦਿਨ ਦਿਨ ਗੁਰੂ ਜੀ ਦੀ ਕ੍ਰਿਪਾ ਤੇ ਵਧ ਰਿਹਾ ਹੈ, ਇਸ ਸਭਾ ਦੇ ਸਹਾਇਕ ਵਿਦਿਆਰਥੀ ਪੜ੍ਹਾਈ ਅਤੇ ਇਮਤਿਹਾਨਾਂ ਦੇ ਜ਼ੋਰ ਕਰਕੇ ਭੀ ਸਭਾ ਵਿਚੋਂ ਆਉਣੇ ਨਹੀਂ ਰਹਿੰਦੇ, ਬਰਾਬਰ ਭਜਨ ਕੀਰਤਨ ਅਤੇ ਵਖਯਾਨ ਭੀ ਹੁੰਦੇ ਹਨ ਅਤੇ ਇਸ ਸਭਾ ਦੇ ਪਹਿਲੇ ਸਕੱਤਰ ਭਾਈ ਪ੍ਰਤਾਪ ਸਿੰਘ ਨੇ ਸਭਾ ਦਾ ਕੰਮ ਬਹੁਤ ਹੀ ਪ੍ਰੇਮ ਨਾਲ ਕੀਤਾ, ਜਿਸ ਤੇ ਸਭਾ ਨੂੰ ਉੱਨਤੀ ਹੋਈ ਫੇਰ ਭਾਈ ਕੌਰ ਸਿੰਘ ਜੀ ਜਦ ਸਕੱਤਰ ਭਾਈ ਪ੍ਰਤਾਪ ਸਿੰਘ ਨੇ ਸਭਾ ਦਾ ਕੰਮ ਬਹੁਤ ਹੀ ਪ੍ਰੇਮ ਨਾਲ ਕੀਤਾ, ਜਿਸ ਤੇ ਸਭਾ ਨੂੰ ਉੱਨਤੀ ਹੋਈ ਫੇਰ ਭਾਈ ਕੌਰ ਸਿੰਘ ਜੀ ਜਦ ਸਕੱਤਰ ਹੋਏ ਉਹਨਾਂ ਨੇ ਭੀ ਸਭਾ ਨੂੰ ਬਹੁਤ ਲਾਭ ਪਹੁੰਚਾਇਆ, ਜਿਸ ਤੇ ਹਫਤੇਵਾਰ ਜਲਸੇ, ਸ਼ਸਮਾਹੀ ਅਤੇ ਸਾਲਾਨਾ ਜਲਸੇ ਹੁੰਦੇ ਰਹੇ ਹਨ। ਫੇਰ ਭਾਈ ਸੁਚੇਤ ਸਿੰਘ ਜੀ ਦੇ ਸਕੱਤਰ ਹੋਣ ਪਰ ਭੀ ਸਭਾ ਦੇ ਵੱਡੇ-ਵੱਡੇ ਜਲਸੇ ਹੋਏ ਹਨ।" (ਖ਼ਾਲਸਾ ਅਖ਼ਬਾਰ, ਜਿਲਦ 1, ਨੰਬਰ 31, ਪੰਨਾ 7, ਮਿਤੀ ਨਵੰਬਰ 27 1893)

ਇਸ ਤੋਂ ਸਾਲ ਕੁ ਮਗਰੋਂ, ਸਤੰਬਰ 1894 ਵਿਚ ਖ਼ਾਲਸਾ ਵਿਦਿਆਰਥੀ ਸਭਾ ਦਾ ਤੀਸਰਾ ਸਾਲਾਨਾ ਜਲਸਾ ਹੋਇਆ। ਇਸ ਵੇਲੇ ਤਕ ਖ਼ਾਲਸਾ ਵਿਦਿਆਰਥੀ ਸਭਾ ਜੋ ਕੁਝ ਕੰਮ ਕਰ ਚੁੱਕੀ ਸੀ, ਉਸ ਦੀ ਕਾਰਜ ਕੁਸ਼ਲਤਾ ਨੂੰ ਵੇਖ ਕੇ ਪਬਲਿਕ ਵਿਚ ਬਹੁਤ ਪ੍ਰਸੰਸ਼ਾ ਸੀ। ਇਹ ਸਭਾ ਕਿਸ ਤਰ੍ਹਾਂ ਗੁਰਪੁਰਬ ਮਨਾਉਂਦੀ ਸੀ ਅਤੇ ਕਿਸ ਤਰ੍ਹਾਂ ਵਾਯੂ-ਮੰਡਲ ਨੂੰ ਪ੍ਰੇਮ ਉਛਾਲੇ ਨਾਲ ਭਰਪੂਰ ਕਰਦੀ ਸੀ ਅਤੇ ਨੌਜਵਾਨਾਂ ਉੱਪਰ ਇਸ ਦਾ ਕੀ ਪ੍ਰਭਾਵ ਸੀ, ਇਸ ਦਾ ਪਤਾ ਹੇਠ ਦਿੱਤੀ ਅਖ਼ਬਾਰੀ ਟੂਕ ਤੋਂ ਲੱਗ ਜਾਵੇਗਾ:

**ਖ਼ਾਲਸਾ ਵਿਦਿਆਰਥੀ ਸਭਾ ਦਾ ਤੀਸਰਾ ਸਾਲਾਨਾ ਜਲਸਾ:**

31 ਅਗਸਤ 1894 ਨੂੰ ਨਗਰ ਕੀਰਤਨ ਦੀ ਅਤਿ ਧੂਮਧਾਮ ਸੀ, ਨਗਰ ਦੇ ਪ੍ਰਸਿੱਧ ਸੰਪੂਰਨ ਅੰਗਰੇਜੀ ਬਾਜੇ ਤੇ ਖਿਲਾਰੀ ਹਾਜ਼ਰ ਸੇ, ਤੀਸਰੇ ਪਹਿਰ ਤਿੰਨ ਵਜੇ ਤੋਂ ਉਤਸਵ ਦਾ ਪ੍ਰਾਰੰਭ ਹੋਇਆ। ਰਾਮ ਸਰ ਗੁਰਦੁਆਰੇ ਵਿਖਿਆਨ, ਆਰਤੀ, ਅਰਦਾਸ ਦੇ ਮਗਰੋਂ ਕੜਾਹਪ੍ਰਸ਼ਾਦ ਵਰਤਾਇਆ ਗਿਆ। 1 ਸਤੰਬਰ ਰਾਮ ਸਰ ਗੁਰਦੁਆਰਾ ਵਿਖੇ ਆਸਾ ਦੀ ਵਾਰ ਸ਼ਬਦ ਕੀਰਤਨ ਦੇ ਮਗਰੋਂ ਬਿਹੰਗਮਾਂ ਨੂੰ ਲੰਗਰ ਵਰਤਾਇਆ ਗਿਆ। 2 ਸਤੰਬਰ ਨੂੰ ਸਵੇਰੇ

---

* ਖੀਰ ਦੁੱਧ, ਤੇ ਨੀਰ ਪਾਣੀ, ਅਰਥਾਤ ਅਜਿਹੀ ਪ੍ਰੀਤ ਕਰੋ ਜਿਹੀ ਦੁੱਧ ਅਤੇ ਪਾਣੀ ਦੀ ਹੈ।

ਨੋਟ: ਇਹ ਕਵਿਤਾ 1891 ਵਿਚ ਤਿਆਰ ਹੋਈ, ਪਿਛੋਂ, 1893 ਵਿਚ ਛਪੀ।

ਸ਼ਬਦ ਕੀਰਤਨ ਦੇ ਮਗਰੋਂ ਬਾਬੂ ਰਾਜਿੰਦਰ ਸਿੰਘ ਜੀ, ਭਾਈ ਵੀਰ ਸਿੰਘ ਜੀ, ਡਾਕਟਰ ਸੁੰਦਰ ਸਿੰਘ ਜੀ ਦੇ ਪੁਰ ਤਾਸੀਰ ਵਖਯਾਨ ਹੋਏ... ਮਗਰੋਂ ਵਾਜੇ ਗਾਜੇ ਸਹਿਤ ਸ਼ਬਦ ਪੜ੍ਹਦੇ ਸਰਬਤ੍ਰ ਖਾਸਲਾ ਜੀ ਸ੍ਰੀ ਦਰਬਾਰ ਸਾਹਿਬ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਵਣ ਦੇ ਗੁਰਪੁਰਬ ਵਿਖੇ ਸ਼ਾਮਲ ਹੋਏ ਤੀਸਰੇ ਪਹਿਰ ਘੰਟਾ ਘਰ ਪਰ ਜਲਸਾ ਸ਼ੁਰੂ ਹੋਇਆ। ਸ਼ਬਦ ਕੀਰਤਨ ਦੇ ਮਗਰੋਂ ਭਾਈ ਕੌਰ ਸਿੰਘ ਜੀ ਵਿਦਯਾਰਥੀ (ਧੁਪੀਏ ਸ੍ਰੀ ਦਰਬਾਰ ਸਾਹਿਬ) ਨੇ ਸਾਲਾਨਾ ਰਿਪੋਰਟ ਸੁਣਾਈ। (ਖ਼ਾਲਸਾ ਧਰਮ ਪ੍ਰਚਾਰਕ, ਸ੍ਰੀ ਅੰਮ੍ਰਿਤਸਰ, ਅੰਕ 5, ਵਰਖ 1, ਸਤੰਬਰ 1 ਸੰਨਈ, 1894 ਸਫ਼ਾ 5)

ਖ਼ਾਲਸਾ ਵਿਦਿਆਰਥੀ ਸਭਾ ਦੇ ਤੀਜੇ ਸਾਲਾਨਾ ਜਲਸੇ ਤੋਂ ਪਹਿਲੇ ਹੀ ਖ਼ਾਲਸਾ ਟਰੈਕਟ ਸੁਸਾਇਟੀ ਕਾਇਮ ਹੋ ਗਈ ਸੀ। 'ਖ਼ਾਲਸਾ ਧਰਮ ਪਰਚਾਰਕ', 15 ਸਤੰਬਰ 1894, ਵਿਚ ਹੀ ਇਹ ਖ਼ਬਰ ਛਪਦੀ ਹੈ ਕਿ ਅੰਮ੍ਰਿਤਸਰ ਵਿਖੇ ਖ਼ਾਲਸਾ ਟਰੈਕਟ ਸੁਸਾਇਟੀ ਨੀਯਤ ਹੋ ਗਈ ਹੈ। ਇਹ ਇਕ ਬੜਾ ਵੱਡਾ ਕਦਮ ਸੀ। ਇਸ ਦੇ ਪਹਿਲੇ ਸਕੱਤਰ ਕੌਰ ਸਿੰਘ ਧੁਪੀਆ ਹੀ ਸਨ ਪਰ ਇਸ ਦੀ ਜਿੰਦ ਜਾਨ ਵੀਰ ਸਿੰਘ ਸੀ। ਉਹ ਕੰਮ ਜੋ ਖ਼ਾਲਸਾ ਵਿਦਿਆਰਥੀ ਸਭਾ ਕਰ ਰਹੀ ਸੀ ਉਸੇ ਦੀ ਰੂਹ ਖ਼ਾਲਸਾ ਟਰੈਕਟ ਸੁਸਾਇਟੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਹ ਵੀਰ ਸਿੰਘ ਦੀ ਆਤਮਾ ਦਾ ਪ੍ਰਕਾਸ਼ ਸੀ। ਖ਼ਾਲਸਾ ਟਰੈਕਟ ਸੁਸਾਇਟੀ ਦੇ ਕੰਮ ਨੂੰ ਵੀਰ ਸਿੰਘ ਨੇ ਬੜੀ ਲਗਨ ਨਾਲ ਲਿਆ। ਟਰੈਕਟ ਨਿਕਲਨੇ ਸ਼ੁਰੂ ਹੋਏ ਜੋ ਛੋਟੇ ਆਕਾਰ ਦੇ ਸਨ ਪਰ ਲਗਾਤਾਰ ਸਨ, ਨੀਯਤ ਸਮੇਂ ਉੱਪਰ ਨਿਕਲਦੇ ਸਨ, ਲੋਕ ਉਡੀਕ ਵਿਚ ਰਹਿੰਦੇ ਸਨ। ਇਨ੍ਹਾਂ ਦਾ ਲੜੀ ਵਾਰ ਸਿਲਸਿਲਾ ਖਾਸ ਅਸਰ ਵਾਲਾ ਸੀ। ਇਹ ਕੁਛ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਮੀਂਹ ਦੀ ਨਿੱਕੀ ਫੁਹਾਰ ਦਾ ਛੱਟਾ ਵਕਤ ਸਿਰ ਮਿਲ ਜਾਂਦਾ ਸੀ ਜੋ ਮਨ-ਸਥਲ ਦੀ ਬੰਜਰ ਭੂਮੀ ਨੂੰ ਤਰਾਵਤ ਦਾ ਤ੍ਰੌਂਕਾ ਦੇ ਜਾਂਦਾ ਸੀ। ਧਰਤੀ ਵਿਚ ਬੀਜ ਮੌਜੂਦ ਸਨ ਪਰ ਅੰਕੁਰ ਝੁਲਸਾਏ ਰਹਿੰਦੇ ਸਨ, ਸਮਾਜ ਸੁਧਾਰ ਦੀ ਖੇਤੀ ਲਈ ਵੀ ਅਧਿਆਤਮਕ ਭਾਵਾਂ ਦੀ ਪ੍ਰੇਰਨਾ ਦੀ ਲੋੜ ਹੁੰਦੀ ਹੈ। ਬਗ਼ੈਰ ਇਸ ਤ੍ਰੇਲ ਫੁਹਾਰ ਦੇ ਲਗਰਾਂ ਨਹੀਂ ਪੁੰਗਰਦੀਆਂ। ਸ਼ੁਰੂ ਵਿਚ ਖ਼ਾਲਸਾ ਟਰੈਕਟ ਸੁਸਾਇਟੀ ਇਕ ਹੀ ਸ਼ਰਤ ਸੀ ਜਿਸ ਦੀ ਲਗਾਤਾਰ ਵਿਚ ਸੁਧਾਰ ਦਾ ਕੰਮ ਬੜੇ ਰਸਦਾਇਕ ਤਰੀਕੇ ਨਾਲ ਆਰੰਭ ਹੋਇਆ। ਪਰ ਇਸ ਲਗਾਤਾਰਤਾ ਨੂੰ ਕਾਇਮ ਰਖਣਾ ਕਠਿਨ ਕੰਮ ਸੀ। ਇਹ ਗੱਲ ਵੀ ਅੱਖੋਂ ਓਹਲੇ ਨਹੀਂ ਹੋ ਸਕਦੀ ਕਿ ਇਸ ਮਜ਼ਬੂਰੀ ਵਿਚ ਇਕ ਭਾਰੀ ਗੁਣ ਵੀ ਸੀ, ਇਸ ਲਾਚਾਰੀ ਵਿਚ ਹੀ ਉਹ ਭੇਦ ਛੁਪਿਆ ਹੋਇਆ ਸੀ ਜੋ ਵੀਰ ਸਿੰਘ ਦੀ ਮਾਨਸਿਕ ਸ਼ਕਤੀ ਦੇ ਜੋਤ ਵਿਕਾਸ ਵਿਚ ਸਹਾਈ ਹੋਇਆ।

ਅਪ੍ਰੈਲ 1895 ਵਿਚ ਇਕ ਭਾਣਾ ਵਰਤਿਆ। ਭਾਈ ਕੌਰ ਸਿੰਘ ਦਾ ਅਕਾਲ ਚਲਾਣਾ ਹੋ ਗਿਆ। ਵੀਰ ਸਿੰਘ ਨੇ ਇਸ ਮੌਕੇ ਉੱਪਰ ਇਕ ਟਰੈਕਟ ਲਿਖਿਆ ਜਿਸ ਦਾ ਨਾਮ 'ਸ਼ੋਕ ਪੱਤਰ' ਸੀ। ਇਹ ਟਰੈਕਟਾਂ ਦੀ ਲੜੀ ਵਿਚ ਛੇਵਾਂ ਸੀ। ਹੋਰਨਾਂ ਗੱਲਾਂ ਤੋਂ ਇਲਾਵਾ ਜੋ ਰਸ ਭਰਪੂਰ ਤੇ ਸਿੱਖਿਆਦਾਇਕ ਸਨ, ਇਸ ਟਰੈਕਟ ਵਿਚ ਕੁਛ ਐਸੇ ਵੀ ਨੁਕਤੇ ਸਨ ਜੋ ਅਜ ਤੋਂ ਪਿਛਾਂਹ ਵੱਲ ਝਾਤ ਮਾਰਿਆਂ ਇਤਿਹਾਸਿਕ ਕੀਮਤ ਰਖਦੇ ਹਨ, ਲਿਖਿਆ ਹੈ :

ਭਾਈ ਕੌਰ ਸਿੰਘ ਸਾਹਿਬ ਸਪੁੱਤਰ ਭਾਈ ਸਾਧੂ ਸਿੰਘ ਸਾਹਿਬ ਧੁਪੀਆ ਸਾਡੀ ਕੌਮ ਦੇ ਇਕ ਬੜੇ ਹੋਣਹਾਰ ਅਰ ਧਰਮ ਦੀਆਂ ਉਮੰਗਾਂ ਨਾਲ ਭਰੇ ਹੋਏ ਨੌਜਵਾਨ ਸਨ, ਉਹਨਾਂ ਦਾ ਸੁਭਾਵ ਅਜਿਹਾ ਸੀਤਲ ਸੀ ਕਿ ਜਿਸ ਨਾਲ ਇਕ ਵਾਰੀ ਵਾਹ ਪੈ ਜਾਂਦਾ ਤਾਂ ਉਹ ਆਪੇ ਸਜਣ ਬਣ ਜਾਂਦਾ, ਇਨ੍ਹਾਂ ਦਾ ਚਾਲ ਚਲਣ ਅੱਜ-ਕੱਲ੍ਹ ਦੇ ਨੌਜਵਾਨਾਂ ਲਈ ਇਕ ਨਮੂਨਾ ਸੀ, ਧਰਮ ਵਿਚ ਤਕੜੇ, ਸਮਝ ਵਿਚ ਚਤੁਰ, ਦਾਨਾਈ ਵਿਚ ਅਕਲੱਯੇ, ਸਜਣਾਂ ਦੇ ਮੇਲੀ ਅਰ ਖ਼ਾਲਸਾ ਕੌਮ ਦੇ ਸੱਚੇ ਸੇਵਕ ਸਨ। ਆਪਣੇ ਛੋਟੇ ਜਿਹੇ ਜੀਵਨ ਨੂੰ ਇਨ੍ਹਾਂ ਨੇ ਧਰਮ ਹਿਤ ਅਜਿਹਾ ਲਾਇਆ ਕਿ ਕੌਮ ਦੀ ਸ਼ਲਾਘਾ ਦੇ ਜੋਗ ਹਨ। ਖ਼ਾਲਸਾ ਵਿਦਿਆਰਥੀ ਸਭਾ ਜੋ ਬਹੁਤ ਕਮਜ਼ੋਰ ਹੋ ਗਈ ਸੀ, ਇਹਨਾਂ ਦੇ ਹੱਥ ਪਾਉਣ ਨਾਲ ਖ਼ੂਬ ਵਧੀ, ਜਿੰਨ੍ਹਾਂ ਚਿਰ ਇਹ ਉਸ ਦੇ ਸਕੱਤਰ ਰਹੇ ਰੌਣਕ ਵਧਦੀ ਰਹੀ, ਅਤੇ ਇਨ੍ਹਾਂ ਦੇ ਵੇਲੇ ਦਾ ਸਾਲਾਨਾ ਜਲਸਾ ਇਕ ਨਜ਼ੀਰ ਹੈ। ਫੇਰ ਇਨ੍ਹਾਂ ਦੇ ਖ਼ਾਲਸਾ ਟਰੈਕਟ ਸੁਸਾਇਟੀ ਦੀ ਨੀਂਹ ਰੱਖੀ ਅਰ ਜੀਉਂਦੇ ਜੀ ਇਨ੍ਹਾਂ ਨੇ ਇਸ ਬ੍ਰਿਧੀ ਵਾਸਤੇ ਪਰਮ ਜਤਨ ਕੀਤਾ, ਇੱਥੋਂ ਤਕ ਕਿ ਪੰਜ ਛੇ ਟਰੈਕਟ ਸੈਂਕੜਿਆਂ ਦੀ ਸੰਖਿਆ ਵਿਚ ਛਪਾ ਕੇ ਮੁਫ਼ਤ ਵੰਡੇ ਗਏ, ਅਰ ਕੌਮ ਨੂੰ ਜਲ ਦੀ ਨਿਆਈਂ ਸੁਖ ਪ੍ਰਦਾਨ ਕਰ ਗਏ।" (ਸ਼ੋਕ ਪੱਤਰ, ਟਰੈਕਟ ਨੰਬਰ 6, ਸਫੇ 8-9)

1891 ਈ. ਵਿਚ ਹੀ ਵੀਰ ਸਿੰਘ ਨੇ, ਜਦੋਂ ਕਿ ਨੌਜਵਾਨਾਂ ਦੀ ਸਭਾ ਮੰਡਲੀਆਂ ਵਿਚ ਹਿੱਸਾ ਲੈਣ ਸ਼ੁਰੂ ਕੀਤਾ, ਆਪਣਾ ਪ੍ਰੈਸ ਲਾਉਣ ਦੀ ਹਿੰਮਤ ਕੀਤੀ। ਵਜ਼ੀਰ ਹਿੰਦ ਪ੍ਰੈਸ ਭਾਈ ਵਜ਼ੀਰ ਸਿੰਘ ਦੀ ਭਾਈਵਾਲੀ ਨਾਲ ਬਣਿਆ। ਇਸ ਦਾ ਡਿਕਲੇਰੇਸ਼ਨ 11 ਨਵੰਬਰ, 1891 ਈ. ਨੂੰ ਫ਼ਾਈਲ ਕੀਤਾ ਗਿਆ ਸੀ।

ਭਾਈ ਵੀਰ ਸਿੰਘ ਉੱਪਰ ਜਿਨ੍ਹਾਂ ਪ੍ਰਭਾਵਾਂ ਨੇ ਕੰਮ ਕੀਤਾ ਉਹਨਾਂ ਨੂੰ ਗਿਣਨ ਵਾਲੇ ਅਤੇ ਵੇਰਵਾ ਦੇਣ ਵਾਲੇ ਅਨੇਕ ਲਿਖਾਰੀ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਮਿਸ਼ਨ ਦੀ ਤਾਲੀਮ ਨੇ ਅਤੇ ਪੱਛਮੀ ਵਿੱਦਿਆ ਦੀ ਪੜ੍ਹਾਈ ਨੇ ਆਪਣਾ ਅਸਰ ਪੈਦਾ ਕੀਤਾ। ਇਹ ਜ਼ਰੂਰੀ ਕਰਨਾ ਹੀ ਸੀ, ਪਰ ਇਹ ਮੁੱਖ ਚੀਜ਼ ਨਹੀਂ ਸੀ। ਪ੍ਰਧਾਨ ਪ੍ਰਭਾਵ ਘਰੋਗੀ ਵਾਤਾਵਰਣ ਦਾ ਸੀ। ਘਰ ਵਿਚ ਗੁਰਬਾਣੀ ਦਾ ਪਠਨ ਪਾਠਨ ਨਿਰੀ ਰਸਮੀ ਗੱਲ ਨਹੀਂ ਸੀ। ਇਸ ਦੀ ਸ਼ਕਲ ਹੋਰ ਸੀ। ਇਹ ਬਾਣੀ ਨੂੰ ਭਾਵਾਂ ਵਿਚ ਨਿਖੇੜ ਕੇ ਸਮਝ ਗੋਚਰਾ ਕਰਨ ਦੀ ਪ੍ਰਥਾ ਸੀ। ਫਿਰ ਉਸਦੀ ਗਹਿਰੀ ਤਾਸੀਰ ਨੂੰ ਹਿਰਦੇ ਵਿਚ ਗ੍ਰਹਿਣ ਕਰਨ ਦੀ ਸੂਝ ਸੀ। ਵੀਰ ਸਿੰਘ ਦਾ ਪਿਤਾ ਡਾਕਟਰ ਚਰਨ ਸਿੰਘ ਸੀ, ਜਿਸ ਨੇ 'ਬਾਣੀ

ਬੇਉਰਾ' ਲਿਖਿਆ। ਇਹ ਕੰਮ ਸਾਲਾਂ ਬੱਧੀ ਜਾਰੀ ਰਹੀ। ਇਸ ਮਹਾਨ ਕਾਰਜ ਨੇ ਇਕ ਆਪਣਾ ਵਾਯੂ ਮੰਡਲ ਪੈਦਾ ਕਰ ਰਖਿਆ ਸੀ। ਵੀਰ ਸਿੰਘ ਲਈ ਇਸ ਚੌਗਿਰਦੇ ਵਿਚ ਅਸਰ ਲੈ ਲੈਣਾ ਸੁਭਾਵਕ ਗੱਲ ਸੀ। ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ, ਉਸ ਦੇ ਅਧਿਆਤਮਿਕ ਪ੍ਰਭਾਉ ਨੂੰ ਆਪਣੇ ਅੰਦਰ ਜਜ਼ਬ ਕੀਤਾ, ਉਸ ਜਜ਼ਬਾਤੀ ਰੰਗ ਨੂੰ ਆਪਣੀ ਰੂਹਾਨੀਅਤ ਵਿਚ ਢਾਲ ਕੇ ਇਕ ਮਿਕ ਕੀਤਾ ਤੇ ਫਿਰ ਇਸ ਅੰਦਰਲੇ ਪਿਘਲੇ ਹੋਏ ਜੀਵਨ ਨੂੰ ਆਪਣੀ ਕਰਨੀ ਵਿਚ ਸਾਖਯਾਤ ਕੀਤਾ। ਏਥੇ ਹੀ ਬੱਸ ਨਹੀਂ, ਇਸ ਅਨੁਭਵ ਪ੍ਰਤੱਖ, ਜਿੰਦਗੀ ਨੂੰ ਆਪਣੀ ਸ਼ਬਦ ਟਕਸਾਲ ਵਿਚੋਂ ਕਵਿਤਾ ਦਾ ਰੂਪ ਦਿੱਤਾ। ਇਹ ਸੀ ਉਸ ਦੀ ਕਾਵਯ ਸਾਧਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਿਤਨਾ ਕੁ ਡੂੰਘਾ ਪ੍ਰਭਾਉ ਸੀ ਇਸ ਗੱਲ ਦੀ ਜਾਂਚ ਸਹਿਲ ਹੀ ਹੋ ਸਕਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਕ ਹੈ :

**ਨਾਨਕ ਸਚੇ ਨਾਮ ਬਿਨੁ ਕਿਸੈ ਨਾ ਲਥੀ ਭੁਖ ॥**
**ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥**

ਵੀਰ ਸਿੰਘ ਦੀ ਕਵਿਤਾ ਹੈ:

**ਅਰੂਪ ਦੇ ਦੀਦਾਰ ਦੀ ਤੜਫਨਾ ਤੋਂ ਬਣੀਆਂ ਅੱਖੀਆਂ,**
**ਪਰ ਰੂਪ ਦੇ ਕਰ ਸਾਹਮਣੇ ਰਖ ਬਾਹਰ ਦਾ ਦੇ ਰੱਖੀਆਂ,**
**ਦੇਖਣ ਨਜ਼ਾਰੇ ਸੋਹਿਣੇ ਰੀਝਣ ਤੇ ਰਚ ਰਚ ਜਾਣ, ਪਰ**
**ਮਿਟਦੀ ਨ ਤਾਂਘ ਅਰੂਪ ਦੀ, ਪਲ ਰੂਪ ਤੇ, ਫਿਰ ਭੁੱਖੀਆਂ ॥2॥**

*(ਲਹਿਰਾਂ ਦੇ ਹਾਰ)*

ਫੇਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦਰਜ ਹੈ:

**ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥**
**ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥13॥**

ਵੀਰ ਸਿੰਘ ਦੀ ਕਵਿਤਾ ਹੈ:

**ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈ,**
**ਨਿਰਾ ਨੂਰ ਤੁਸੀਂ ਹੱਥ ਨ ਆਏ, ਸਾਡੀ ਕੰਬਦੀ ਰਹੀ ਕਲਾਈ।**
**ਧਾ ਚਰਨਾ ਤੇ ਸੀਸ ਨਿਵਾਯਾ, ਸਾਡੇ ਮੱਥੇ ਛੋਹ ਨ ਪਾਈ,**
**ਤੁਸੀਂ ਉੱਚੇ ਅਸੀਂ ਨੀਵੇਂ ਸਾਂ, ਸਾਡੀ ਪੇਸ਼ ਨ ਗਈਆ ਕਾਈ,**
**ਫਿਰ ਲੜ ਫੜਨੇ ਨੂੰ ਉੱਠ ਦੌੜੇ, ਪਰ 'ਲੜ' ਉਹ ਬਿਜਲੀ 'ਲਹਿਰਾ',**
**ਉਡਦਾ ਜਾਂਦਾ ਪਰ ਉਹ ਆਪਣੀ ਛੁਹ ਸਾਨੂੰ ਗਿਆ ਲਾਈ,**
**ਮਿੱਟੀ ਚਮਕ ਪਈ ਇਹ ਮੋਈ, ਤੇ ਤੁਸੀਂ ਲੂਆਂ ਵਿਚ ਲਿਸ਼ਕੇ**
**ਬਿਜਲੀ ਕੂੰਦ ਗਈ ਥਰਰਾਂਦੀ, ਹੁਣ ਚਕਾ ਚੂੰਧ ਹੈ ਛਾਈ।**

*(ਮਟਕ ਹੁਲਾਰੇ)*

ਗੁਰੂ ਗ੍ਰੰਥ ਸਾਹਿਬ ਦੇ ਉੱਪਰ ਦਿੱਤੇ ਸ਼ਬਦ ਦੇ ਅਰਥ ਬਹੁਤ ਗੂੜ੍ਹ ਜਾਪਦੇ ਹਨ, ਪਰ ਜਿਸ ਵੇਲੇ ਤੁਸੀਂ ਵੀਰ ਸਿੰਘ ਦੀਆਂ ਇਹ ਸਤਰਾਂ 'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ' ਪੜ੍ਹ ਲਵੋ ਤਾਂ ਮਸਲਾ ਸੁਗਮ ਹੋ ਜਾਂਦਾ ਹੈ। ਇਹ ਸੁਗਮਤਾ ਹੀ ਗੁਰੂ ਗ੍ਰੰਥ ਸਾਹਿਬ ਦੇ ਗੂੜ੍ਹ ਭਾਵ ਸਮਝਣ ਦੀ ਕੁੰਜੀ ਹੋ ਜਾਂਦੀ ਹੈ। ਏਸ ਨਜ਼ਰੀਏ ਨੂੰ ਸਾਹਮਣੇ ਰੱਖ ਕੇ ਜੇ ਵਿਚਾਰਿਆ ਜਾਏ ਤਾਂ ਸ਼ਬਦ ਦਾ ਗੂੜ੍ਹ ਆਸ਼ਾ ਇਸ ਤਰ੍ਹਾਂ ਸਾਫ਼ ਪ੍ਰਗਟ ਹੋ ਜਾਇਗਾ :

**ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥**
**ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥13॥**

ਭਾਵੇਂ:

| | |
|---|---|
| ਸੁਪਨੈ | ਸੁਪਨੇ ਵਿਚ ਦਰਸ਼ਨ ਹੋਏ |
| ਸੁੰਦਰ ਪੁਰਖ ਬਿਰਾਜਿਤ | ਸੁੰਦਰ ਪੁਰਖ ਬਿਰਾਜਮਾਨ ਦੇਖਿਆ |
| ਪੇਖਿ ਮਨੁ ਬੰਚਲਾ | ਦੇਖ ਕੇ ਮਨ ਮੋਹਿਆ ਗਿਆ |
| ਸੁਪਨੇ ਊਭੀ ਭਈ | ਸੁਪਨੇ ਦੇ ਵਿਚ ਹੀ (ਦਰਸ਼ਨ ਕਰਦੀ ਹੋਈ, ਖੜੋ ਗਈ)। |
| ਗਹਿਓ ਅੰਚਲਾ | (ਸੁਪਨੇ ਵਿਚ ਹੀ ਖੜੋਤੀ ਨੇ ਸੁੰਦਰ ਪੁਰਖ ਦਾ) ਪੱਲਾ ਫੜਨਾ ਚਾਹਿਆ। |
| ਗਹਿਓ ਕੀ 'ਨ' ਅੰਚਲਾ | ਪਕੜਨਾ ਚਾਹੁੰਦਿਆਂ ਹੋਇਆਂ ਵੀ ਪੱਲਾ ਕਿਉਂ 'ਨ' ਪਕੜਿਆ ਗਿਆ? |

ਇਸ ਸੁਪਨੇ ਦੀ ਡੂੰਘੀ ਛਾਪ ਦੇ ਬਾਦ ਹੁਣ ਹਾਲ ਇਹ ਹੈ :

**ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥**
**ਹਰਿਹਾਂ ਸੋਈ ਜਤਨੁ ਬਤਾਇ ਸਖੀ ਪ੍ਰਿਉ ਪਾਈਐ ॥13॥**

ਇਸ ਤਰ੍ਹਾਂ ਅਨੇਕ ਹੀ ਉਦਾਹਰਣ ਹਨ। ਦੇਖੋ ਵੀਰ ਸਿੰਘ ਦੀਆਂ ਹੇਠਲੀਆਂ ਸਤਰਾਂ :

**ਮਿਰੀ ਭਿੰਨੀਂ ਏ ਖੁਸ਼ਬੋਇ ਕਿਵੇਂ ਨਾ ਛਿੱਪਦੀ।**
**ਮਿਰੀ ਛਿਪੇ ਰਹਿਣ ਦੀ ਚਾਹਿ, ਤਿ ਛਿਪ ਟੁਰ ਜਾਣ ਦੀ।**
**ਹਾਂ ! ਪੂਰੀ ਹੁੰਦੀ ਨਾਹਿ, ਮੈਂ ਤਰਲੇ ਲੈ ਰਿਹਾ।**

ਇਨ੍ਹਾਂ ਸਤਰਾਂ ਉੱਪਰ ਵੀ ਗੁਰੂ ਗ੍ਰੰਥ ਸਾਹਿਬ ਦੀ ਛਾਯਾ ਹੈ :

**ਜਾਨਣਹਾਰੁ ਨ ਛਾਨਾ ਰੇ ॥**
**ਕਹੁ ਨਾਨਕ ਗੁਰਿ ਅਮਿਉ ਪੀਆਇਆ**
**ਰਸਕਿ ਰਸਕਿ ਬਿਗਸਾਨਾ ਰੇ ॥4॥**

ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਦਾ ਭਾਵ ਇਹ ਹੈ ਕਿ ਗਿਆਨੀ ਛੁਪਿਆ ਨਹੀਂ ਰਹਿ ਸਕਦਾ। ਉਹ ਲਕੇ ਵੀ ਕਿਸ ਤਰ੍ਹਾਂ ? ਉਸ ਦਾ ਤਾਂ ਵਿਕਾਸ ਹੋ ਰਿਹਾ ਹੈ। ਉਸ ਨੂੰ ਗੁਰੂ ਨੇ ਅੰਮ੍ਰਿਤ ਪਿਲਾਇਆ ਹੈ, ਜਿਸ ਦੇ ਇਕ ਘੁੱਟ ਨਾਲ ਉਹ ਮਖ਼ਮੂਰ ਹੋਈ ਜਾਂਦਾ ਹੈ, ਅਨਕੱਜਿਆ ਦਰਸ਼ਨ ਝਲਕ ਜਾਂਦਾ ਹੈ।

ਵੀਰ ਸਿੰਘ ਉੱਪਰ ਗੁਰੂ ਗ੍ਰੰਥ ਸਾਹਿਬ ਦਾ ਅਸਰ ਸੀ। ਇਸ ਦੈਵੀ ਬਾਣੀ ਦੇ ਪ੍ਰਭਾਵ ਵਿਚ ਇਹ ਗੁਣ ਹੈ ਕਿ ਇਹ ਜੀਵਨ ਪਲਟ ਦਿੰਦੀ ਹੈ। ਇਸ ਦੇ ਸਹਾਰੇ ਵੀਰ ਸਿੰਘ ਨੇ ਆਪਣੇ ਸਾਰੇ ਜੀਵਨ ਨੂੰ ਹੀ ਕਵਿਤਾ ਵਿਚ ਬਦਲ ਲਿਆ ਸੀ। ਇਹ ਸੀ ਵੀਰ ਸਿੰਘ ਦੀ ਕਾਵਯ ਕੁਸ਼ਲਤਾ।

ਖ਼ਾਲਸਾ ਟਰੈਕਟ ਸੁਸਾਇਟੀ ਦੀ ਸਥਾਪਨਾ ਤੋਂ ਪਿੱਛੋਂ ਵੀਰ

ਸਿੰਘ ਦੇ ਕੰਮਾਂ ਦੀ ਸੂਚੀ 1911 ਦੇ ਲਗ ਪਗ ਤਕ ਇਸ ਤਰ੍ਹਾਂ ਹੈ :

'ਖ਼ਾਲਸਾ ਸਮਾਚਾਰ ਦੀ ਸਥਾਪਨਾ', 'ਸੁੰਦਰੀ', 'ਬਿਜੈ ਸਿੰਘ', 'ਸਤਵੰਤ ਕੌਰ', 'ਰਾਣਾ ਸੂਰਤ ਸਿੰਘ' ਆਦਿਕ ਪੁਸਤਕਾਂ ਦਾ ਲਿਖਿਆ ਜਾਣਾ, ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ, ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ, ਐਜੂਕੇਸ਼ਨ ਕਮੇਟੀ ਦਾ ਬਣਨਾ, ਸਿਖ ਐਜੂਕੇਸ਼ਨਲ ਕਾਨਫਰੰਸ ਦਾ ਜੋਰ ਪਕੜਨਾ। ਇਨ੍ਹਾਂ ਗੱਲਾਂ ਦੇ ਫਲ ਸਰੂਪ ਕੌਮ ਇਕ ਨਵੀਂ ਜਾਗ੍ਰਤੀ ਵਿਚੋਂ ਲੰਘ ਚੁੱਕੀ ਸੀ। ਇਕ ਨਵੀਂ ਸ਼ੁੱਧ ਇਕ ਨਵੀਂ ਹੋਸ਼ ਉਤਪੰਨ ਹੋ ਗਈ ਸੀ। ਸਰਕਾਰ ਇਨ੍ਹਾਂ ਗੱਲਾਂ ਨੂੰ ਭਾਂਪ ਰਹੀ ਸੀ। ਇਸ ਦਾ ਜਾਇਜ਼ਾ ਲੈ ਰਹੀ ਸੀ। ਬੰਗਾਲ ਵਿਚ ਰੌਲਾ ਸੀ, ਸੂਬੇ ਦਾ ਵਿਭਾਜਨ ਹੋ ਚੁੱਕਾ ਸੀ, ਬੰਬਾਂ ਦਾ ਧੂੰਆਂ ਉਗਮ ਰਿਹਾ ਸੀ, ਉਸ ਦੀ ਮੁਸ਼ਕ ਪੰਜਾਬ ਤਕ ਅੱਪੜ ਗਈ ਸੀ, ਸੁਦੇਸ਼ੀ ਦਾ ਬੋਲ ਬਾਲਾ ਸੀ। 'ਪਗੜੀ ਸੰਭਾਲ ਓ ਜੱਟਾ' ਵਾਲੇ ਗੀਤ ਦੀ ਗੂੰਜ ਉਠ ਰਹੀ ਸੀ। ਵੀਰ ਸਿੰਘ ਨੇ ਜੋ ਕੁਝ ਕੰਮ ਕੀਤਾ ਉਸ ਦੇ ਫਲਸਰੂਪ ਕੌਮ ਜਾਗ ਉੱਠੀ। ਨਵੀਂ ਜਾਗੀ ਕੌਮ ਦੀ ਪਹਿਲੀ ਨਿਸ਼ਾਨੀ ਏਹੋ ਹੁੰਦੀ ਹੈ ਕਿ ਜਿਸ ਜਗਾਇਆ ਹੈ ਉਸ ਉੱਤੇ ਨੁਕਤਾਚੀਨੀ ਕੀਤੀ ਜਾਵੇ, ਸੋ ਏਹੋ ਹਾਲ ਵੀਰ ਸਿੰਘ ਦਾ ਹੋਇਆ। ਅੰਗਰੇਜ਼ੀ ਸਰਕਾਰ ਦੀ ਨਜ਼ਰ ਵਿਚ ਵੀਰ ਸਿੰਘ ਰੜਕਦਾ ਸੀ, ਪਰ ਜਾਗੇ ਹੋਏ ਭਰਾ ਕਹਿੰਦੇ ਸਨ ਕਿ ਇਹ ਸਾਡੇ ਨਾਲ ਕਦਮ ਬਕਦਮ ਨਹੀਂ ਚਲਦਾ। ਸਰਕਾਰ ਨੇ ਜੋ ਜਾਇਜ਼ਾ ਲਿਆ ਉਹ ਇਕ ਖੁਫੀਆ ਪੁਲਿਸ ਦੀ ਰੀਪੋਰਟ ਵਿਚ ਦਰਜ਼ ਹੈ ਜਿਸ ਦਾ ਨਾਮ ਹੈ :

Secret C. I. D. Memorandum on Recent Development in Sikh Politics-1911, by D. Petrie, Assistant Director Criminal Intelligence, Government of India.

ਇਸ ਵਿਚਇਹ ਲਿਖਿਆ ਹੈ:

"He Vir Singh is Editor and Manager of the Khalsa Samachar, Gurmukhi Journal, which is published at Amritsar, Vir Singh is mentioned from many sources as a leading figure in the Sikh revival and as disloyal to the core. The same opinion is entertained of him by local officers... He Vir Singh may safely be regarded as a zealous neo-Sikh and thoroughly anti-British."

ਇਸ ਦਾ ਭਾਵ ਇਸ ਪ੍ਰਕਾਰ ਹੈ:

"ਵੀਰ ਸਿੰਘ ਖ਼ਾਲਸਾ ਸਮਾਚਾਰ ਦਾ ਐਡੀਟਰ ਅਤੇ ਮੈਨੇਜਰ ਹੈ। ਸਿੱਖਾਂ ਵਿਚ ਜਾਗ੍ਰਤੀ ਲਿਆਉਣ ਵਿਚ ਵੀਰ ਸਿੰਘ ਇਕ ਉੱਘੀ ਹਸਤੀ ਹੈ ਅਤੇ ਦਿਲੋਂ ਅੰਗਰੇਜ਼ੀ ਰਾਜ ਦਾ ਬਾਗ਼ੀ ਹੈ... ਇਸ ਨੂੰ ਸੁਖੈਨਤਾ ਨਾਲ ਪੱਕਾ ਨਵਾਂ-ਸਿੱਖ ਤੇ ਕੱਟੜ ਅੰਗਰੇਜ਼ ਵਿਰੋਧੀ ਗਰਦਾਨਿਆਂ ਜਾ ਸਕਦਾ ਹੈ।"

ਸਰਕਾਰੀ ਰਿਪੋਰਟ ਦਾ ਇਹ ਜਾਇਜ਼ਾ ਠੀਕ ਵੀ ਸੀ ਤੇ ਗਲਤ ਵੀ ਸੀ। ਗ਼ਲਤ ਇਸ ਤਰ੍ਹਾਂ ਸੀ ਕਿ ਵੀਰ ਸਿੰਘ ਦੇ ਬਰਖਿਲਾਫ ਕੁਝ ਕਹਿੰਦਾ ਨਹੀਂ ਸੀ। ਉਸ ਦਾ ਇਹ ਤਰੀਕਾ ਹੀ ਨਹੀਂ ਸੀ। ਉਸ ਦਾ ਢੰਗ ਹੋਰ ਸੀ। ਉਸ ਦੀ ਸਮਝ ਤਾਂ ਇਹ ਸੀ ਕਿ ਕੌਮ ਦੀ ਦੁਰਦਸ਼ਾ ਦਾ ਕਾਰਣ ਸਮਾਜ ਦੀ ਧਾਰਮਿਕ ਗਿਰਾਵਟ ਹੈ। ਸਮਾਜਕ ਗਿਰਾਵਟ ਹੀ ਦੇਸ਼ ਦੀ ਬਰਬਾਦੀ ਦਾ ਨਮਿਤ ਕਾਰਨ ਹੈ। ਆਪਣੀ ਇਸ ਸਮਝ ਨਾਲ ਜੋ ਸਾਧਨ ਉਸ ਨੇ ਕੀਤੇ ਉਹ ਉਸ ਵੇਲੇ ਫਲੀ ਭੂਤ ਹੋਣ ਲੱਗੇ ਸਰਕਾਰ ਥਿੜਕ ਉੱਠੀ। ਕੌਮ ਦੀ ਜਾਗ੍ਰਤ ਅਵਸਥਾ ਸਰਕਾਰ ਨੂੰ ਸੋਜਦੀ ਨਹੀਂ ਸੀ। ਸਰਕਾਰ ਸੱਚੀ ਸੀ ਕਿ ਉਹ ਉਸ ਸੋਮੇਂ ਤੋਂ ਖ਼ਬਰਦਾਰ ਹੋਵੇ ਜੋ ਇਸ ਜਗਾਵੇ ਦਾ ਮੂਲ ਕਾਰਣ ਹੈ। ਪਰ ਆਪਣੇ ਵੀਰ ਇਸ ਗੱਲ ਨੂੰ ਸਮਝਦੇ ਨਹੀਂ ਸਨ। ਕਈਆਂ ਦੇ ਨਜ਼ਦੀਕ ਸਰਕਾਰ ਦੇ ਬਰਖ਼ਿਲਾਫ਼ ਨਾਹਰੇ ਲਗਾਉਣੇ ਹੀ ਦੇਸ਼-ਭਗਤੀ ਸੀ। ਜੈਸਾ ਜੈਸਾ ਕਿਸੇ ਦੇ ਅੰਦਰ ਜੋਸ਼ ਉਠਦਾ ਸੀ ਵੈਸਾ ਵੈਸਾ ਹੀ ਉਹ ਆਪਣੇ ਆਪ ਨੂੰ ਦੂਸਰਿਆਂ ਕੋਲੋਂ ਵਧੀਕ ਕੁਰਬਾਨੀ ਵਾਲਾ ਸਮਝਦਾ ਸੀ। ਜਿਤਨਾ ਜਿਸ ਦੇ ਜੋਸ਼-ਉਬਾਲੇ ਦਾ ਮਾਪ ਸੀ ਉਹ ਉਤਨਾ ਹੀ ਕੁਰਬਾਨੀ ਦੀ ਪੌੜੀ ਦੇ ਉਪਰਲੇ ਡੰਡੇ ਉੱਤੇ ਆਪਣੇ ਆਪ ਨੂੰ ਗਿਣਦਾ ਸੀ, ਜੋਸ਼ ਦੇ ਹੇਠਲੇ ਡੰਡੇ ਉੱਪਰ ਖੜੋਤਿਆਂ ਨੂੰ ਉਹ ਹੀਣ ਅਤੇ ਗੱਦਾਰ ਸਮਝਦਾ ਸੀ। ਇਸ ਨਾਲ ਉੱਤਰੋ-ਉੱਤਰ ਗ਼ਲਤ-ਫਹਿਮੀਆਂ ਦਾ ਸਿਲਸਿਲਾ ਬੱਝ ਗਿਆ, ਜਿਸ ਵਿਚ ਬਹੁਤ ਤਾਕਤ ਅਜਾਈਂ ਗਈ ਅਤੇ ਜੋ ਨਤੀਜੇ ਪੱਲੇ ਪਏ ਉਹ ਦਿੱਤੀ ਕੁਰਬਾਨੀ ਦੇ ਹਿਸਾਬ ਨਾਲ ਊਣੇ ਰਹੇ ਤੇ ਉਹਨਾਂ ਦਾ ਖ਼ਮਿਆਜ਼ਾ ਅਜੇ ਤਕ ਕਿਸੇ ਨਾ ਕਿਸੇ ਸ਼ਕਲ ਵਿਚ ਜਾਰੀ ਹੈ। ਸਾਡੀ ਆਦਤ ਕੁਝ ਐਸੀ ਹੀ ਬਣ ਗਈ ਸੀ ਕਿ ਸਥੂਲ ਕੰਮਾਂ ਦੀ ਕਾਰਜ ਸੂਚੀ ਨੂੰ ਵਿਚਾਰ ਕੇ ਅਸੀਂ ਆਪਣੀ ਵਡਿਆਈ ਨੂੰ ਭੜਕੀਲੇ ਭਾਵਾਂ ਦੀ ਝੱਗ ਪੈਦਾ ਕਰਨ ਵਿਚ ਨਾਪਦੇ ਰਹੇ ਹਾਂ। ਜੇ ਕਦੇ ਕਿਸੇ ਲੀਡਰ ਨੂੰ ਸੋਚ ਸਮਝ ਦਾ ਅਵਸਰ ਮਿਲਿਆ ਤਾਂ ਉਹ ਕੇਵਲ ਜੇਹਲ ਦੀ ਚਾਰ ਦੀਵਾਰੀ ਵਿਚ। ਉਸ ਏਕਾਂਤ ਵਿਚ ਉਸ ਦੇ ਅੰਦਰ ਸੋਚ ਵਿਚਾਰ ਦਾ ਸੰਜਮ ਪੈਦਾ ਹੋ ਗਿਆ, ਜਿਸ ਨਾਲ ਮਨ ਵਿਚ ਨਿਰਮਲ ਵਿਤਰੇਕ ਦੀ ਪਰਖ ਉਤਪੰਨ ਹੋ ਗਈ। ਮਾਸਟਰ ਤਾਰਾ ਸਿੰਘ ਜੀ ਇਕ ਵੇਰ ਜਦ ਜੇਹਲ ਵਿਚ ਸਨ ਤਾਂ ਉਹਨਾਂ ਵੀਰ ਸਿੰਘ ਨੂੰ ਇਕ ਚਿੱਠੀ ਲਿਖੀ, ਜਿਸ ਦਾ ਹੂ-ਬ-ਹੂ ਉਤਾਰਾ ਹੇਠ ਦਿੱਤਾ ਹੈ :

**੧ੴ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥**

ਸੀਤਾਪੁਰ ਜੇਲ੍ਹ

9-9-1949

ਸ੍ਰੀਮਾਨ ਯੋਗ ਭਾਈ ਸਾਹਿਬ ਜੀ !

ਅੱਜ-ਕੱਲ੍ਹ ਜੇਲ੍ਹ ਦੀ ਏਕਾਂਤ ਹੈ, ਕਿਉਂਕਿ ਜੇਲ੍ਹ ਵਿਚ ਸਾਰੇ ਹਾਤੇ ਵਿਚ ਮੈਂ ਇਕੱਲਾ ਹੀ ਰਹਿੰਦਾ ਹਾਂ ਤੇ ਕੇਵਲ ਕੰਮ ਕਰਨ

ਵਾਲੇ ਦੋ ਹੋਰ ਮੁਲਾਜ਼ਮ ਹਨ, ਜਿਨ੍ਹਾਂ ਨਾਲ ਮੇਰੀ ਕੋਈ ਸੁਸਾਇਟੀ ਨਹੀਂ ਹੋ ਸਕਦੀ। ਇਸ ਏਕਾਂਤ ਵਿਚ ਗੁਜ਼ਰ ਚੁੱਕਾ ਜ਼ਮਾਨਾ ਬਹੁਤ ਚੇਤੇ ਆਉਂਦਾ ਹੈ ਤੇ ਗੁਜ਼ਰੇ ਹੋਏ ਜ਼ਮਾਨੇ ਦੇ ਭੀ ਪੁਰਾਣੇ ਸਿੰਘ ਸਭੀਏ ਵੀਰਾਂ ਦੀ ਯਾਦ ਦਾ ਹਰ ਵੇਲੇ ਮਨ ਉੱਤੇ ਪ੍ਰਭਾਵ ਪਿਆ ਰਹਿੰਦਾ ਹੈ। ਪੁਰਾਣੇ ਸਿੰਘ ਸਭੀਏ ਸਾਥੀਆਂ ਵਿਚੋਂ ਬਹੁਤ ਸਾਰੇ ਗੁਜਰ ਚੁੱਕੇ ਹਨ ਤੇ ਉਹਨਾਂ ਗੁਰਪੁਰੀ ਪਧਾਰ ਚੁੱਕੇ ਭਰਾਵਾਂ ਵਿਚ ਅਜਿਹੇ ਭੀ ਹਨ ਜਿਨ੍ਹਾਂ ਦੇ ਜੀਉਂਦਿਆਂ ਮੈਂ ਬਹੁਤ ਔਗੁਣ ਵੇਖਦਾ ਸਾਂ ਇਸ ਕਰਕੇ ਡਾਢੀ ਨਫਰਤ ਕਰਦਾ ਸਾਂ। ਪਰ ਜਦ ਇਸ ਵੇਲੇ ਉਹਨਾਂ ਸਾਥੀਆਂ ਵਿਚ ਮੈਂ ਮੁੱਢਲੀ ਕਮੀ (ਪੰਥਕ ਪਿਆਰ ਦੀ ਕਮੀ) ਵੇਖਦਾ ਹਾਂ ਤਾਂ ਆਹ ਭਰਕੇ ਇਹੋ ਹੀ ਕਹਿੰਦਾ ਹਾਂ ਕਿ "ਹਾਏ ਕਿਧਰ ਗਏ ਉਹ ਵੀਰ ਜੋ ਸਾਡੇ ਸਨ, ਚੰਗੇ ਸਨ, ਪੰਥ ਦੇ ਪਿਆਰੇ ਸਨ।" ਔਗੁਣ ਤੇ ਕਮੀਆਂ ਸਨ ਉਹਨਾਂ ਵਿਚ ਤੇ ਕਈਆਂ ਵਿਚ ਬੜੇ ਵੱਡੇ ਔਗੁਣ ਭੀ ਸਨ, ਪਰ ਇਸ ਵੇਲੇ ਉਹਨਾਂ ਦੇ ਸਭ ਔਗੁਣ ਤੇ ਸਭ ਕਮੀਆਂ ਮੈਨੂੰ ਇਸ ਪੰਥਕ ਪਿਆਰ ਦੇ ਘਾਟੇ ਤੇ ਔਗੁਣਾਂ ਦੇ ਸਾਹਮਣੇ ਕੁਝ ਭੀ ਨਹੀਂ ਭਾਸਦੇ, ਉਹਨਾਂ ਵਿਚ ਔਗੁਣ ਸਨ ਪਰ ਪੰਥ ਨੂੰ ਤਾਂ ਉਹ ਗੁਣ ਹੀ ਦਿੰਦੇ ਸਨ। ਇਸ ਵੇਲੇ ਇਕ ਇਕ ਨੂੰ ਚੇਤਾ, ਕਰਕੇ ਆਹਾਂ ਭਰਦਾ ਹਾਂ ਤੇ ਹੱਥ ਜੋੜ ਕੇ ਉਹਨਾਂ ਦੀਆਂ ਆਤਮਾਵਾਂ ਅੱਗੇ ਬੇਨਤੀ ਕਰਦਾ ਹਾਂ ਕਿ ਭਰਾਵੋ ਉਸ ਕਲਗੀਆਂ ਵਾਲੇ ਪਿਤਾ ਅੱਗੇ ਇਸ ਵੇਲੇ ਦੀ ਸਾਡੀ ਹੋ ਰਹੀ ਦੁਰਦਸ਼ਾ ਦੀ ਪੁਕਾਰ ਪੁਚਾਓ। ਪਤਾ ਨਹੀਂ ਕਿਉਂ ਛੇਤੀ ਮਿਹਰ ਨਹੀਂ ਕਰਦਾ। ਪਤਾ ਨਹੀਂ ਕਿਤਨੀ ਕੁਝ ਪ੍ਰੀਖਿਆ ਅਜੇ ਹੋਰ ਹੋਵੇਗੀ। ਉਹਨਾਂ ਪੁਰਾਣੇ ਸਿੰਘ ਸਭੀਏ ਵੀਰਾਂ ਵਿਚੋਂ, ਜੋ ਅਜੇ ਸਾਡੇ ਵਿਚ ਹੀ ਹਨ, ਫਿਰ ਉਹਨਾਂ ਨੂੰ ਚੇਤਾ ਕਰਦਾ ਹਾਂ, ਤੇ ਕਹਿੰਦਾ ਹਾਂ ਜਦ ਇਹ ਅਨਮੁੱਲੇ ਲਾਲ ਸਾਥੋਂ ਵਿਛੜ ਜਾਣਗੇ ਇਸੇ ਤਰ੍ਹਾਂ ਇਨ੍ਹਾਂ ਦੇ ਮੁੱਢਲੇ ਗੁਣ ਚੇਤਾ ਕਰ ਕਰ ਕੇ ਆਹਾਂ ਭਰਾਂਗਾ। ਇਨ੍ਹਾਂ ਵੀਰਾਂ ਵਿੱਚੋਂ ਆਪ ਨੂੰ ਮੁੱਖੀ ਸਮਝ ਕੇ ਆਪ ਨੂੰ ਇਹ ਚਿੱਠੀ ਲਿਖ ਰਿਹਾ ਹਾਂ ਤੇ ਆਪ ਨੂੰ ਤੇ ਆਪ ਦੀ ਰਾਹੀਂ ਸਭ ਪੁਰਾਣੇ ਸਿੰਘ ਸਭੀਏ ਵੀਰਾਂ ਨੂੰ ਪ੍ਰੇਮ ਸੰਦੇਸ਼ ਭੇਜ ਰਿਹਾ ਹਾਂ, ਜਿਸ ਨਾਲ ਮੇਰੀ ਆਤਮਾ ਨੂੰ ਸ਼ਾਂਤੀ ਹੋ ਰਹੀ ਹੈ। ਬੱਸ ਇਕ ਚਿੱਠੀ ਲਿਖਣ ਦਾ ਇਹੋ ਹੀ ਮਨੋਰਥ ਹੈ ਹੋਰ ਕੁਝ ਲਿਖਿਆ ਨਹੀਂ ਜਾ ਸਕਦਾ।

ਮੈਨੂੰ ਖ਼ਾਸ ਤੌਰ ਤੇ ਬਾਬੂ ਤੇਜਾ ਸਿੰਘ ਭਸੌੜੀਏ ਦਾ ਚੇਤਾ ਆ ਕੇ ਬਹੁਤ ਦੁੱਖ ਆਉਂਦਾ ਹੈ। ਉਹਨਾਂ ਬੜੀ ਸੇਵਾ ਕੀਤੀ ਸੀ ਪਰ ਇਕ ਵੱਡੀ ਬੱਜਰ ਭੁੱਲ ਕਰਕੇ ਪੰਥ ਵਿਚੋਂ ਧ੍ਰਿਕਾਰੇ ਗਏ ਤੇ ਇਸੇ ਦਸ਼ਾ ਵਿਚ ਚੜ੍ਹਾਈ ਕਰ ਗਏ। ਉਹਨਾਂ ਨੂੰ ਕਾਫੀ ਡੰਡ ਮਿਲ ਚੁਕਾ ਹੈ ਤੇ ਪੰਥ ਨੂੰ ਚਾਹੀਦਾ ਹੈ ਕਿ ਉਹਨਾਂ ਦੀਆਂ ਸੇਵਾਵਾਂ ਨੂੰ ਚੇਤੇ ਕਰ ਉਹਨਾਂ ਦੀ ਭੁੱਲ ਬਖ਼ਸ਼ ਦੇਵੇ। ਇਹ ਕਿਸ ਤਰ੍ਹਾਂ ਹੋਵੇ ? ਤੇ ਕੌਣ ਕਰੇ? ਇਹ ਤੁਸੀਂ ਦੱਸੋ ਤੇ ਤੁਸੀਂ ਕਰੋ। ਮੈਨੂੰ ਜੋ ਆਖੋਗੇ ਤੁਹਾਡੇ ਮਗਰ ਹਾਂ।

ਚਿੱਠੀ ਲੰਬੀ ਨਹੀਂ ਲਿਖੀ ਜਾ ਸਕਦੀ। ਮੈਨੂੰ ਉਸ ਕਲਗੀਆਂ ਵਾਲੇ ਪਿਤਾ ਦੀ ਪੰਥ ਉੱਤੇ ਕ੍ਰਿਪਾ ਹੋਣ ਦੀ ਬਹੁਤ ਤੇ ਬਹੁਤ ਛੇਤੀ ਆਸ ਹੈ। ਪਰ ਫਿਰ ਵੀ ਕਿਸੇ ਵੇਲੇ ਦਿਲ ਠਿਕਾਣੇ ਨਹੀਂ ਰਹਿੰਦਾ ਤੇ ਇਹੋ ਕਹਿੰਦਾ ਹਾਂ। "ਥੰਮੇ ਕੋਈ ਨ ਸਾਧ ਬਿਨ, ਸਾਧ ਨ ਦਿੱਸੇ ਜਗ ਵਿਚ ਕੋਆ॥"

ਆਪ ਦੇ ਦੋਸਤਾਂ ਮਿੱਤਰਾਂ ਤੇ ਸਨਬੰਧੀਆਂ ਤੇ ਸਭ ਖ਼ਾਲਸਾ ਜੀ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।" ਮੈਨੂੰ ਆਸ ਹੈ ਕਿ ਆਪ ਤਾਂ ਜ਼ਰੂਰ ਇਸ ਨਾਜ਼ਕ ਸਮੇਂ ਪੰਥ ਦੀਆਂ ਚੜ੍ਹਦੀਆਂ ਕਲਾ ਲਈ ਅਦਰਾਸਾਂ ਸੋਧਦੇ ਹੋਵੇਗੇ। ਹੋਰ ਸਿੰਘਾਂ ਨੂੰ ਭੀ ਪ੍ਰੇਰੋ। ਇਸ ਤੇ ਬਿਨਾਂ ਇਸ ਸਮੇਂ ਹੋਰ ਕੋਈ ਚਾਰਾ ਨਹੀਂ। ਉਹ ਆਪ ਕ੍ਰਿਪਾ ਕਰੇਗਾ। "ਆਪੇ ਦੇਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ॥ ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ॥1॥ ਜੁਗਿ ਜੁਗਿ ਭਗਤਾ ਕੀ ਰਖਦਾ ਆਇਆ॥"1॥ ਰਹਾਉ॥

ਆਪ ਦਾ ਦਾਸ<br>ਤਾਰਾ ਸਿੰਘ (ਮਾਸਟਰ)

ਵੀਰ ਸਿੰਘ ਨੇ ਜੋ ਇਸ ਦਾ ਉੱਤਰ ਲਿਖਿਆ ਉਹ ਇਸ ਸੀ :

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ॥

'ਰਾਜ-ਵਿਲਾ', ਕਸੌਲੀ<br>4-10-49

ਪਿਆਰੇ ਜੀਓ,

ਆਪ ਦਾ 9-9-49 ਦਾ ਲਿਖਿਆ ਪੱਤਰ 23 ਨੂੰ ਡੇਹਰੇ (ਡੇਹਰਾ ਦੂਨ) ਤੋਂ ਹੋ ਕੇ 26 ਨੂੰ ਏਥੇ ਮੈਨੂੰ ਮਿਲਿਆ ਹੈ।

ਆਪ ਦੀ ਯਾਦਆਵਰੀ ਦਾ ਧੰਨਯਵਾਦ ਹੈ।

ਆਪ ਇਸ ਵੇਲੇ ਜਿਸ ਖੇਚਲ ਵਿਚ ਹੋ ਉਸ ਦੀ ਵਿਚਾਰ ਕਰਕੇ ਦਿਲ ਨੂੰ ਦੁੱਖ ਹੁੰਦਾ ਹੈ। ਆਸ ਨਹੀਂ ਕੀਤੀ ਜਾ ਸਕਦੀ ਕਿ ਇਸ ਉਮਰ ਵਿਚ ਆਪ ਨੂੰ ਇਹ ਖੇਚਲ ਵਾਪਰੇਗੀ, ਪਰ ਇਨਸਾਨੀ ਵਰਤਾਉ ਤੋਂ ਜੇ ਨਜ਼ਰ ਉੱਚੀ ਕੀਤੀ ਜਾਏ ਤਾਂ ਸਿੱਖ ਦੀ ਨਜ਼ਰ ਭਾਣੇ ਤੇ ਜਾ ਟਿਕਦੀ ਹੈ। ਤਦ ਫੇਰ ਸਿੱਖੀ ਰਹੁ ਰੀਤ ਤੇ ਗੁਰੂ ਕੀ ਬਾਣੀ ਇਹੋ ਸਿਖਾਲਦੀ ਹੈ ਕਿ "ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸ ਕਰਿ" ਇਸ ਲਈ ਅਰਦਾਸ ਹੈ ਕਿ ਗੁਰੂ ਆਪ ਦੀ ਸਹਾਇਤਾ ਕਰੇ।

ਆਪ ਨੇ ਜੋ Sentiments ਲਿਖੇ ਹਨ ਕਿ ਆਪ ਨੂੰ ਸਿੰਘ ਸਭਾ ਮੂਵਮੈਂਟ ਦੇ ਗੁਜ਼ਰ ਚੁੱਕੇ ਸੇਵਾਦਾਰਾਂ ਦੀ ਯਾਦ ਪਯਾਰ ਵਾਲੀ ਤੇ ਉਦਾਸੀ ਲਾਉਣ ਵਾਲੀ ਹੈ ਕਾਬਲੇ ਕਦਰ ਹੈਨ। ਜੋ ਸੇਵਕ ਸੱਚੇ ਦਿਲੋਂ ਸੇਵਾ ਭਾਵ ਨਾਲ ਕੰਮ ਕਰਦੇ ਗਏ ਹਨ ਗੁਰੂ ਉਹਨਾਂ ਦੀ ਘਾਲ ਥਾਂਇ ਪਾਵੇ ਤੇ ਜੋ ਹੁਣ ਜੀਉਂਦੇ ਹਨ ਉਹਨਾਂ ਨੂੰ ਬਰਕਤ ਦੇਵੇ ਕਿ ਉਹ ਸਿਦਕ ਦਿਲੀ ਨਾਲ ਸੇਵਾ ਕਰਨ ਜੋ ਸੇਵਾ ਦਾ ਫਲ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਣ।

ਅਸਲ ਵਿਚ ਦਯਾਨਤਦਾਰੀ ਦੀ ਰਾਇ ਦਾ ਵੇਰਵਾ ਇਕ

ਇਨਸਾਨੀ ਤਬੀਅਤ ਦਾ ਕੁਦਰਤੀ ਤਕਾਜ਼ਾ ਹੈ। ਇਸ ਦਾ ਪਰਸਪਰ ਸਹਾਰਾ ਹੋਣਾ ਚਾਹੀਏ। ਇਹ ਵਖੇਵਾਂ ਕਦੇ ਵੀ ਜਾਤੀਅਤ ਵਿਚ ਵਖੇਵੇਂ ਪਾਉਣ ਦਾ ਕਾਰਣ ਨਾ ਬਣੇ ਤਾਂ ਹੀ ਪੰਥ ਉੱਨਤ ਹੋ ਸਕਦਾ ਹੈ। ਸਿੱਖ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ 'ਪਰਵਿਰਿਕ-ਜਥੇਬੰਦੀ' ਦੇ ਅੰਗ ਹਨ, ਚਾਹੇ ਰਾਇ ਦਾ ਵਖੇਵਾਂ ਕਿਤਨਾ ਹੋਵੇ, ਉਹ ਉਸ ਪਿਤਾ ਦੇ ਪੁਤ੍ਰਤਵ ਅਤੇ ਪਰਸਪਰ ਭਰਾਤਰੀ ਭਾਵ ਤੋਂ ਦੂਰ ਨਹੀਂ ਹੋ ਸਕਦੇ। ਜੇ ਹੋਣ ਤਾਂ ਸਾਡੀ 'ਪਰਿਵਾਰਿਕ-ਜਥੇਬੰਦੀ' ਫਿਰ ਫਰਕ ਪੈਂਦਾ ਹੈ। ਵੀਚਾਰਵਾਨ ਸਿੱਖਾਂ ਨੂੰ ਟੁਰ ਗਿਆ ਸੇਵਕਾਂ ਦਾ ਘਾਟਾ ਹੁਣ ਵਧੇਰੇ ਪੀੜਾ ਕਰਦਾ ਹੈ। ਜੇ ਇਸ ਵੇਲੇ ਸਰਦਾਰ ਸੁੰਦਰ ਸਿੰਘ ਜੀ, ਸਰਦਾਰ ਤ੍ਰਿਲੋਚਨ ਸਿੰਘ ਜੀ, ਸਰਦਾਰ ਹਰਬੰਸ ਸਿੰਘ ਜੀ ਵਰਗੇ ਨਿਸ਼ਕਾਮ ਪੰਥ ਸੇਵਕ ਮੌਜੂਦ ਹੁੰਦੇ ਤਾਂ ਹੋ ਸਕਦਾ ਸੀ ਕਿ ਉਹ ਪੰਥਕ ਏਕਤਾ ਲਈ ਮੌਜੂਦਾ ਮੁਸ਼ਕਲਾਂ ਹੱਲ ਕਰ ਸਕਣ ਲਈ ਪ੍ਰਯਤਨ ਕਰਦੇ ਤੇ ਸਫਲਤਾ ਹੁੰਦੀ। ਪਰ ਭਾਣੇ ਵਿਚ ਸਭ ਕੁਛ ਹੈ, ਉਹ ਪੰਥ ਸੇਵਾ ਦੇ ਦਿਲਦਾਰ ਸੇਵਕ ਪਹਿਲੋਂ ਹੀ ਟੁਰ ਗਏ ਹਨ। ਸੋ ਹੁਣ ਗੁਰੂ ਅੱਗੇ ਦਿਲੀ ਪ੍ਰਾਰਥਨਾ ਹੀ ਸਾਡਾ ਜੋਰ ਰਹਿ ਜਾਂਦਾ ਹੈ ਕਿ ਉਹ ਆਪਣੇ ਪੰਥ ਦੀ ਆਪ ਰਖਵਾਲੀ ਕਰੇ।

ਮੈਂ ਪੰਥ ਵਿਚ ਇਕ ਛੋਟੀ ਜਿਹੀ ਹਸਤੀ ਵਾਲਾ ਲਗਭਗ ਗੋਸ਼ਾ ਨਸ਼ੀਨ ਫਕੀਰ ਜੇਹਾ ਹਾਂ। ਇਸ ਗੋਸ਼ਾ ਨਸ਼ੀਨੀ ਵਿਚ ਜੋ ਗੁਰੂ ਨੇ ਕਰਾਇਆ ਉਸ ਦੀ ਮਿਹਰ ਹੈ, ਮੈਂ ਤਾਂ ਗੁਰ ਸਿੱਖਾਂ ਦਾ ਦਾਸ ਹਾਂ।

ਹੁਣ ਬੀ ਖ਼ਾਲਸਾ ਸਮਾਚਾਰ, ਆਪਣੇ ਲਗਦੇ ਤਾਣ, ਜਿਸ ਨੂੰ ਇਹ ਦਰੁਸਤ ਸੇਵਾ ਇਸ ਸਮੇਂ ਸਮਝਦਾ ਹੈ, ਗੁਰੂ ਆਸਰੇ ਕਰ ਰਿਹਾ ਹੈ, ਆਪ ਜੀ ਨੇ ਪਿਛਲੇ ਡੇਢ ਸਾਲ ਦੇ ਪਰਚੇ ਪੜ੍ਹੇ ਹੀ ਹੋਣਗੇ।

ਮੇਰੀ ਤਾਂ ਬਾਰੰਬਾਰ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਗੁਰੂ ਆਪਣੇ ਪੰਥ ਦੀ ਬਾਹੁੜੀ ਕਰੇ ਤੇ ਅਸੀਂ ਉਸ ਦੀ ਟੇਕ ਤੇ ਕਦੇ ਨਿਰਾਸ ਨਾ ਹੋਵੀਏ।

'ਇਕੱਲ' ਇਨਸਾਨ ਲਈ ਸਭ ਤੋਂ ਅਉਖੀ ਗੱਲ ਹੁੰਦੀ ਹੈ। ਪਰ ਗੁਰਬਾਨੀ ਦਾ ਆਸਾਰਾ ਤੇ ਨਾਮ ਦਾ ਸਹਾਰਾ 'ਇਕੱਲ' ਨੂੰ 'ਏਕਾਂਤ' ਬਣਾ ਦਿੰਦਾ ਹੈ। ਗੁਰਬਾਨੀ ਦਾ ਪਾਠ ਤੇ ਗੁਰੂ ਕਾ ਆਸਰਾ ਗੁਰ ਸਿੱਖਾਂ ਨੂੰ ਬਚਪਨ ਤੋਂ ਪ੍ਰਾਪਤ ਹੋ ਜਾਂਦਾ ਹੈ।

ਪੁਰਾਤਨ ਗੁਰ ਸਿੱਖ, ਗੁਰ ਸਿੱਖਾਂ ਨਾਲ ਪਿਆਰ ਬਾਣੀ ਦੇ ਕੀਰਤਨ ਸੁਣਾਉਣ ਨਾਲ ਬੀ ਕੀਤਾ ਕਰਦੇ ਸਨ, ਉਸ ਰਹੁਰੀਤ ਦਾ ਆਸਰਾ ਲੈ ਕੇ ਮੈਂ ਆਪ ਨੂੰ ਇਕ ਪੋਥੀ ਪੰਜ ਗ੍ਰੰਥੀ ਸਟੀਕ ਦੀ ਰਜਿਸਟਰਡ ਡਾਕ ਦੁਆਰਾ ਘੱਲ ਰਿਹਾ ਹਾਂ ਕਿ ਆਪ ਨੂੰ ਇਸ ਏਕਾਂਤ ਵਿਚ ਗੁਰਬਾਨੀ ਤੋਂ ਹੋਰ ਵਧੇਰੇ ਰਸ ਪ੍ਰਾਪਤ ਹੋਵੇ।

ਗੁਰੂ ਆਪ ਦਾ ਸਹਾਈ ਰਹੇ, ਨਾਮ ਦਾਨ ਵਾਫਰ ਕਰੇ ਤੇ ਆਪਣੇ ਭਾਣੇ ਅੰਦਰ ਬੰਦ ਤੋਂ ਖਲਾਸੀ ਛੇਤੀ ਬਖਸ਼ੇ।

ਇਹ ਚਿੱਠੀ ਰਜਿਸਟਰੀ ਘੱਲੀ ਹੈ ਜੋ ਨਿਸ਼ਚੇ ਆਪ ਨੂੰ ਪਹੁੰਚ ਪਵੇ।

ਆਪ ਦਾ ਹਿਤਕਾਰੀ
ਵੀਰ ਸਿੰਘ

ਜੋਗ
ਮਾਸਟਰ ਤਾਰਾ ਸਿੰਘ ਜੀ

❑❑❑

## ਪ੍ਰੀਤਮ ਛੁਹ

ਤੁਸਾਂ ਤੋੜਿਆ ਅਸੀਂ ਟੁੱਟ ਪਏ
ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨੇ ਲਾ ਸੁਟਿਆ
ਵਿਛੁੜ ਗਏ ਤੁਸਾਂ ਨਾਲੋਂ,
ਪੈਰਾਂ ਹੇਠ ਲਿਤਾੜ ਲੰਘਾਊਆਂ
ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ 'ਛੁਹ ਤੁਹਾਡੀ' ਦਾ
ਅਜੇ ਨ ਭੁਲਦਾ ਸਾਨੋਂ !

*(ਲਹਿਰ ਹੁਲਾਰੇ)*

## ਕੋਈ ਹਰਿਆ ਬੂਟ ਰਹਿਓ ਰੀ

ਮੀਂਹ ਪੈ ਹਟਿਆ ਤਾਰ ਨਾਲ ਇਕ
ਤੁਪਕਾ ਸੀ ਲਟਕੰਦਾ,
ਡਿਗਦਾ ਜਾਪੇ, ਪਰ ਨਾ ਡਿੱਗੇ
ਪੁਛਿਆ ਰੋਇ ਸੁਣੰਦਾ
"ਅਰਸ਼ਾਂ ਤੋਂ ਲੱਖਾਂ ਹੀ ਸਾਥੀ
ਕੱਠੇ ਹੋ ਸਾਂ ਆਏ
ਕਿਤ ਵਲ ਲੋਪ ਯਾਰ ਓ ਹੋਏ ?
ਮੈਂ ਲਾ ਨੀਝ ਤਕੰਦਾ।"

*(ਲਹਿਰ ਹੁਲਾਰੇ)*

# ਭਾਈ ਵੀਰ ਸਿੰਘ ਦਾ ਸਥਾਨ

*ਪ੍ਰੋ. ਮੋਹਨ ਸਿੰਘ (ਸੁਵਰਗੀ)*

ਭਾਈ ਵੀਰ ਸਿੰਘ ਦਾ ਜਨਮ ਉਸ ਸਮੇਂ ਹੋਇਆ ਜਦ ਪੂਰਬੀ ਤੇ ਪਛਮੀ ਸਭਿਅਤਾ ਦਾ ਟਕਰਾਉ ਤੇ ਮਿਸ਼ਰਨ ਹੋ ਰਿਹਾ ਸੀ। ਇਹ ਉਹ ਸਮਾਂ ਸੀ ਜਦ ਰਜਵਾੜਾਸ਼ਾਹੀ ਦਾ ਸ਼ੀਰਾਜ਼ਾ ਬਿਖ਼ਰ ਰਿਹਾ ਸੀ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਾਂਗ ਪੰਜਾਬ ਵਿਚ ਵੀ ਮਧ ਸ਼੍ਰੇਣੀ ਦਾ ਜਨਮ ਤੇ ਵਿਕਾਸ ਹੋਣ ਲਗ ਪਿਆ ਸੀ। ਰਾਜਸੀ ਖੇਤਰ ਵਿਚ ਹਾਰ ਖਾ ਜਾਣ ਮਗਰੋਂ ਪੰਜਾਬੀਆਂ ਦਾ ਮਨ ਕੁਦਰਤੀ ਤੌਰ ਤੇ ਕਿਸੇ ਠੁਮਣੇ ਦੀ ਭਾਲ ਵਿਚ ਸੀ। ਵਰਤਮਾਨ ਵਿੱਚ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਦੇ ਸਿਵਾ ਹੋਰ ਕੋਈ ਚਾਰਾ ਨਹੀਂ ਸੀ ਰਿਹਾ। ਕੁਝ ਸਿਖ ਸਰਦਾਰਾਂ ਦੀਆਂ ਵਿਕੋਲਿਤਰੀਆਂ ਬਗਾਵਤਾਂ ਅਤੇ ਬਾਅਦ ਵਿਚ ਬਾਬਾ ਰਾਮ ਸਿੰਘ ਕੂਕੇ ਦੀ ਇਕ ਜ਼ਬਰਦਸਤ ਤੇ ਜਥੇਬੰਦ ਅੰਗਰੇਜ਼ ਵਿਰੋਧੀ ਲਹਿਰ ਵੀ ਜਦ ਦਬਾ ਦਿੱਤੀ ਗਈ ਤਾਂ ਸਿਖ ਚਿੰਤਕਾਂ ਨੇ ਆਪਣੇ ਛੂਤ ਵਿਚ ਪਨਾਹ ਲਈ ਅਤੇ ਸਿਖ ਇਤਿਹਾਸ ਦੀ ਪੁਰਾਤਨ ਸੂਰਮਗਤੀ, ਆਚਰਨ ਦੀ ਉਚਿਆਈ ਤੇ ਦੇਸ਼ ਭਗਤੀ ਦਾ ਸਹਾਰਾ ਲਿਆ। ਲੋਕ ਸਦਾ ਹੀ ਬਾਹਰਮੁਖੀ ਦੁਨੀਆਂ ਵਿਚ ਹਾਰ ਖਾਕੇ ਅੰਤਰਮੁਖੀ ਦੁਨੀਆਂ ਵਿਚ ਓਟ ਭਾਲਦੇ ਹਨ। ਇਹ ਸਥਿਤੀ ਕੇਵਲ ਪੰਜਾਬ ਵਿਚ ਹੀ ਨਹੀਂ ਸੀ ਸਗੋਂ ਜਿਥੇ ਜਿਥੇ ਵੀ ਲੋਕਾਂ ਨੇ ਅੰਗਰੇਜ਼ ਜਰਵਾਨਿਆਂ ਅਗੇ ਹਥਿਆਰ ਸੁਟ ਕੇ ਰਾਜਸੀ ਸੱਤਾ ਗਵਾਈ ਸੀ ਉਥੇ ਉਥੇ ਹੀ ਲੋਕਾਂ ਦੇ ਪ੍ਰਾਚੀਨ ਸਭਿਅਤਾ ਨੂੰ ਸੁਰਜੀਤ ਕਰਕੇ ਅਤੇ ਉਸ ਉੱਤੇ ਗੌਰਵ ਕਰਕੇ ਆਪਣੇ ਵਰਤਮਾਨ ਰਾਜਸੀ ਤੇ ਮਾਨਸਕ ਵਿਸ਼ਾਦ ਨੂੰ ਢੱਕਣ ਦਾ ਯਤਨ ਕੀਤਾ ਸੀ। ਇਹੋ ਕਾਰਨ ਹੈ ਕਿ ਉਸ ਸਮੇਂ ਸਾਰੇ ਭਾਰਤ ਵਿਚ ਪੁਰਾਣੀ ਸਭਿਅਤਾ ਨੂੰ ਸੁਰਜੀਤ ਕਰਨ ਦੀਆਂ ਲਹਿਰਾਂ ਚਲ ਪਈਆਂ ਸਨ। ਹਿੰਦੂਆਂ ਵਿਚ ਬ੍ਰਹਮੋ ਸਮਾਜ, ਆਰੀਆ ਤੇ ਪਰਾਰਥਨਾ ਸਮਾਜ ਦੀਆਂ ਲਹਿਰਾਂ, ਮੁਸਲਮਾਨਾਂ ਵਿਚ ਅਲੀਗੜ੍ਹ ਲਹਿਰ ਅਤੇ ਸਿੱਖਾਂ ਵਿੱਚ ਸਿੰਘ ਸਭਾ ਲਹਿਰ ਇਸੇ ਸਥਿਤੀ ਦਾ ਸਿਟਾ ਸਨ। ਹਿੰਦੂ ਲੇਖਕ ਵੇਦਾਂ ਅਤੇ ਉਪਨਿਸ਼ਦਾਂ ਦੇ ਉਚਤਮ ਅਧਿਆਤਮਵਾਦ ਵਲ ਮੁੜੇ। ਮੁਸਲਮਾਨਾਂ ਵਿਚੋਂ ਹਾਲੀ ਤੇ ਇਕਬਾਲ ਨੇ ਪ੍ਰਾਚੀਨ ਇਸਲਾਮੀ ਦਿਗਵਿਜੈ ਦੇ ਗੀਤ ਗਾਏ ਅਤੇ ਸਿੱਖ ਲੇਖਕਾਂ ਨੇ ਪੁਰਾਣੇ ਸਿਖ ਜੋਧਿਆਂ ਅਤੇ ਵਰਿਆਮਾਂ ਦੇ ਪਾਏ ਪੂਰਨਿਆਂ ਦੀ ਯਾਦ ਤਾਜ਼ਾ ਕਰਵਾਈ। ਸੋ ਭਾਈ ਵੀਰ ਸਿੰਘ ਜੀ ਦੀ ਰਚਨਾ, ਵਿਸ਼ੇਸ਼ ਕਰਕੇ ਮੁਢਲੀ ਤੋਂ ਕਿਵੇਂ ਕੋਰੀ ਰਹਿ ਸਕਦੀ ਸੀ। ਇਹਨਾਂ ਰਚਨਾਵਾਂ ਵਿਚ ਆਦ੍ਰਸ਼ਕ ਸਿੰਘਾਂ ਅਤੇ ਸਿੰਘਣੀਆਂ ਦਾ ਵਰਨਣ ਕਰਕੇ ਉਨ੍ਹਾਂ ਨੇ ਪ੍ਰਾਚੀਨ ਸਿੱਖ ਇਤਿਹਾਸ ਦੀ ਆਭਾ ਨਾਲ ਸਾਡੀਆਂ ਅੱਖਾਂ ਵਿਚ ਇਕ ਨਵੀਂ ਚਮਕ ਪੈਦਾ ਕਰਨ ਅਤੇ ਸਾਡੇ ਢਹਿੰਦੀ ਕਲਾ ਵਿਚ ਜਾ ਰਹੇ ਮਨਾਂ ਨੂੰ ਇਕ ਨਵਾਂ ਗੌਰਵ ਦੇਣ ਦਾ ਯਤਨ ਕੀਤਾ।

ਦੋਹਾਂ ਸਭਿਅਤਾਵਾਂ ਦੇ ਮਿਸ਼ਰਨ ਦੀ ਉਪਜ ਹੋਣ ਦੇ ਕਾਰਨ ਭਾਈ ਵੀਰ ਸਿੰਘ ਜੀ ਦੀ ਰਚਨਾ, ਵਿਸ਼ੇਸ਼, ਕਰਕੇ ਕਵਿਤਾ ਵਿਚ, ਨਵੀਨਤਾ ਤੇ ਪ੍ਰਾਚੀਨਤਾ ਦਾ ਮੇਲ ਕੁਦਰਤੀ ਸੀ। ਆਪ ਦੀ ਰਚਨਾ ਇਕ ਪੁਲ ਵਾਂਗ ਹੈ, ਜੋ ਸਾਹਿਤ ਦੀਆਂ ਪੂਰਬੀ ਤੇ ਪਛਮੀ ਰੂੜੀਆਂ ਦੇ ਵਿਚਾਲੇ ਬੱਝਾ ਹੋਇਆ ਹੈ। ਵਿਚਾਰ ਧਾਰਾ ਦੇ ਦ੍ਰਿਸ਼ਟੀ ਕੋਣ ਤੋਂ ਭਾਈ ਵੀਰ ਸਿੰਘ ਜੀ ਆਦ੍ਰਸ਼ਵਾਦੀ ਹਨ। ਭਾਵੇਂ ਭਾਰਤ ਦਾ ਆਦ੍ਰਸ਼ਵਾਦੀ ਸਾਹਿਤ ਜੋ ਸੁਹਜਵਾਦੀ ਰਹਸਵਾਦੀ ਅਧਿਆਤਮਵਾਦ ਦੇ ਤਣੇ ਉੱਤੇ ਖਲੋਤਾ ਹੈ ਇਕੋ ਪ੍ਰਕਾਰ ਦਾ ਹੈ ਫਿਰ ਵੀ ਉਹ ਸਿਖ ਗੁਰੂਆਂ ਦੇ ਮਹਾਨ ਅਧਿਆਤਮਵਾਦੀ ਅਨੁਭਵ ਦੇ ਕਾਰਨ ਥੋੜੀ ਜਿਹੀ ਵਖਰੀ ਰੰਗਣ ਧਾਰਨ ਕਰ ਗਿਆ ਸੀ। ਭਾਈ ਵੀਰ ਸਿੰਘ ਜੀ ਨੇ ਆਪਣੀ ਕਵਿਤਾ ਵਿਚ ਇਸ ਵਿਸ਼ੇਸ਼ ਰੰਗਣ ਵਾਲੇ ਅਧਿਆਤਮਵਾਦ ਨੂੰ ਹੀ ਵਿਅਕਤ ਕੀਤਾ ਹੈ। ਸਿੱਖ ਗੁਰੂਆਂ ਨੇ ਭਾਰਤ ਦੇ ਪ੍ਰਾਚੀਨ ਮਾਰਗਾਂ–ਗਿਆਨ ਮਾਰਗ, ਯੋਗ ਮਾਰਗ ਤੇ ਪ੍ਰੇਮ ਮਾਰਗ—ਵਿਚ ਸਤੁੰਲਣ ਉਤਪੰਨ ਕਰਕੇ ਇਕ ਨਵੇਂ ਮਾਰਗ ਦਾ ਪ੍ਰਚਾਰ ਕੀਤਾ ਸੀ ਜਿਸ ਨੂੰ ਸਹਿਜ ਮਾਰਗ ਦਾ ਨਾਂ ਦਿੱਤਾ ਗਿਆ। ਭਾਵੇਂ ਗੁਰੂਆਂ ਤੋਂ ਹਜ਼ਾਰਾਂ ਸਾਲ ਪਹਿਲੇ ਗੀਤਾ ਦੇ ਕਰਤਾ ਨੇ ਵੀ ਇਨ੍ਹਾਂ ਤਿੰਨਾਂ ਮਾਰਗਾਂ ਦਾ ਮਿਸ਼ਰਨ ਕਰਕੇ ਤਿੰਨਾਂ ਦੀ ਯੋਗ ਮਾਤਰਾ ਵਿਚ ਲੋੜ ਨੂੰ ਜਤਲਾਇਆ ਸੀ ਪਰ ਸਿੱਖ ਗੁਰੂਆਂ ਨੇ ਇਸ ਨੂੰ ਸਪਸ਼ਟ ਰੂਪ ਦੇ ਕੇ ਇਕ ਸਾਵੀ ਪੱਧਰੀ ਜ਼ਿੰਦਗੀ ਦਾ ਰਾਹ 'ਗੁਰਮੁਖ ਗਾਡੀਰਾਹ' ਚਲਾਇਆ—ਦਸਿਆ ਸੀ। ਸਿੱਖ ਦਾ ਮਨੋਰਥ ਮੁਕਤੀ ਜਾਂ ਕੈਵਲਯ ਨਹੀਂ ਸਗੋਂ ਇਸ ਜੀਵਨ ਵਿਚ ਇਕ ਸੰਤੁਲਤ ਮਾਨਸਕ ਸਹਿਜ ਅਵਸਥਾ ਦੀ ਪ੍ਰਾਪਤੀ ਹੈ। ਇਸੇ ਸਹਿਜ ਅਵਸਥਾ ਨੂੰ ਗੁਰੂਆਂ ਨੇ 'ਆਨੰਦ' ਦਾ ਨਾਂ ਦਿੱਤਾ ਹੈ। ਭਾਈ ਵੀਰ ਸਿੰਘ ਇਸ ਸਿਖੀ ਆਦਰਸ਼ ਦੇ ਸਭ ਤੋਂ ਵਡੇ ਵਿਆਖਿਆਕਾਰ ਆਖੇ ਜਾ ਸਕਦੇ ਹਨ। ਆਪ ਨੇ ਇਸ ਅਵਸਥਾ ਨੂੰ 'ਖੇੜੇ' ਦਾ ਨਾਂ ਦਿੱਤਾ ਹੈ ਜਿਵੇਂ ਇਕ ਫੁਲ ਦੀ ਸਭ ਤੋਂ ਉੱਚੀ ਅਵਸਥਾ ਪੂਰੇ ਖਿੜਾਉ ਵਿਚ ਆਉਣਾ ਹੈ ਅਤੇ ਆਪਣੇ ਚੁਗਿਰਦੇ ਨੂੰ ਮਹਿਕ ਨਾਲ ਭਰਨਾ ਹੈ ਇਸੇ ਤਰ੍ਹਾਂ ਇਕ ਵਿਅਕਤੀ ਦੀ ਉਚਤਮ ਮਾਨਸਕ ਦੀ ਅਵਸਥਾ ਖੇੜੇ ਦੀ ਅਵਸਥਾ ਵਿਚ ਪਹੁੰਚ ਕੇ ਮਨੁੱਖੀ ਸਮਾਜ ਵਿਚ ਆਪਣੀ ਸੁਗੰਧ ਨੂੰ ਖਿਡਾਉਣਾ ਹੈ। ਜੀਵਨ ਕੀ ਹੈ ? ਅਤੇ 'ਪਦਮ ਬ੍ਰਿਛ' ਆਦਿ ਕਵਿਤਾਵਾਂ ਵਿਚ ਭਾਈ ਵੀਰ ਸਿੰਘ ਜੀ ਨੇ ਇਸੇ ਅਵਸਥਾ ਦਾ ਬਿਆਨ ਕੀਤਾ ਹੈ।

ਭਾਈ ਵੀਰ ਸਿੰਘ ਜੀ ਦੇ ਮੱਤ ਅਨੁਸਾਰ ਇਸ ਅਵਸਥਾ ਦੀ

ਪ੍ਰਾਪਤੀ ਕਿਤਾਬੀ ਜਾਂ ਦੁਨਿਆਵੀ ਗਿਆਨ ਰਾਹੀਂ ਨਹੀਂ ਹੋ ਸਕਦੀ ਇਸੇ ਲਈ ਉਨ੍ਹਾਂ ਦਾ ਮੁੱਖ ਉਪਦੇਸ਼ ਹੋਸ਼ਾਂ ਨੂੰ ਤਿਆਗ ਕੇ ਮਸਤੀ ਦਾ ਰਾਹ ਫੜਨਾ ਹੈ। ਉਹ ਦੁਨਿਆਵੀ ਗਿਆਨ ਨੂੰ "ਜੂਠ ਨਾਲ ਭਰਿਆ ਠੂਠਾ" ਹੀ ਕਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਅਕਲ ਤੇ ਚਤਰਾਈ ਨਾਲ ਕੁਝ ਨਹੀਂ ਲਭਦਾ। ਸੋ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਜੀ ਇਕ ਵਾਕ ਵਿਚ ਸੁਹਜਵਾਦ ਰਹਸਵਾਦੀ ਆਦ੍ਰਸ਼ਵਾਦ ਦੇ ਧਾਰਨੀ ਕਹੇ ਜਾ ਸਕਦੇ ਹਨ। ਸੁਰਜਵਾਦ ਰਹਸਵਾਦੀ ਕਵੀ ਵਿਸ਼ੇਸ਼ ਕਰਕੇ ਵਿਅਕਤੀ ਵਾਦੀ ਹੀ ਹੁੰਦੇ ਹਨ। ਉਹ ਇਕ ਤਰ੍ਹਾਂ ਦੇ ਅਧਿਆਤਮਕ ਵਿਅਕਤੀਗਤ ਅਨੰਦ ਵਿਚ ਲਿਪਤ ਹੋਕੇ ਰਹਿ ਜਾਂਦੇ ਹਨ।

ਉਨ੍ਹਾਂ ਦਾ ਮਨ ਆਪਣੇ ਪਿਆਰੇ ਵਿਚ ਜੁੜਿਆ ਰਹਿੰਦਾ ਹੈ ਅਤੇ ਅਕੱਥ ਸੁਆਦੀ, ਝਰਨਾਟਾਂ, ਕੰਬਦੀਆਂ ਤੇ ਸੁਪਨਿਆਂ ਦੇ ਦੇਸ਼ ਦੀ ਧੁੰਦਲੀ ਸਵਰਨਮ ਦੁਨੀਆਂ ਹੀ ਉਨ੍ਹਾਂ ਦੀ ਦੁਨੀਆਂ ਬਣ ਕੇ ਰਹਿ ਜਾਂਦੀ ਹੈ। ਉਹ ਬਹੁਤ ਕਰਕੇ ਨਿਮਨ ਚੇਤਨ ਤੇ ਅੰਤਰ ਚੇਤਨ ਵਿਚ ਹੀ ਵਿਚਰਦੇ ਹਨ। ਜੀਵਨ ਦੀ ਚੇਤਨ ਸੱਤਾ ਤੇ ਉਸ ਦੀਆਂ ਲੋੜਾਂ ਕੀ ਹਨ ਭਾਵ ਬਾਹਰਮੁਖੀ ਦੁਨੀਆਂ ਵਿਚ ਕੀ ਹੋ ਰਿਹਾ ਹੈ, ਇਸ ਨਾਲ ਉਹ ਆਪਣੇ ਚੇਤਨ ਮਨ ਨੂੰ ਨਹੀਂ ਜੋੜਦੇ। ਇਸ ਦਾ ਨਤੀਜਾ ਇਕ ਸੁੰਦਰ ਅਨੂਪਮ ਤੇ ਵਚਿਤਰ ਰਚਨਾ ਤਾਂ ਹੁੰਦਾ ਹੈ ਪਰ ਉਹ ਲੋਕਾਂ ਦੀ ਬਾਹਰਮੁਖੀ ਰਾਜਸੀ ਤੇ ਆਰਥਕ ਸਥਿਤੀ ਨੂੰ ਸੁਧਾਰਨ ਸਵਾਰਨ ਤੇ ਸੇਧ ਦੇਣ ਵਾਲੀ ਨਹੀਂ ਹੁੰਦੀ। ਇਹਵੀ ਹੈਰਾਨੀ ਦੀ ਗਲ ਹੈ ਕਿ ਭਾਈ ਸਾਹਿਬ ਦੀ ਰਚਨਾਂ 'ਕੁਤਬ ਦੀ ਲਾਠ' 'ਅਟਕ' 'ਤੇ ਮਾਰਤੰਡ ਦੇ ਖੰਡਰ' ਆਦਿ ਕਵਿਤਾਵਾਂ ਵਿਚ ਚੇਤਨ ਅਵਸਥਾ ਦੀ ਕਲਾ ਨੇ ਵੀ ਜਨਮ ਲਿਆ ਹੈ।

ਸੋ ਵਿਚਾਰਾਂ ਦੇ ਦ੍ਰਿਸ਼ਟੀ ਕੋਨ ਤੋਂ ਭਾਈ ਵੀਰ ਸਿੰਘ ਜੀ ਦੀ ਰਚਨਾ ਪ੍ਰਾਚੀਨ ਭਾਰਤੀ ਆਦਰਸ਼ਵਾਦ ਦੀ ਛਾਪ ਵਾਲੀ ਹੀ ਹੈ। ਪਰ ਰੂਪਕ ਪਖ ਤੋਂ ਭਾਈ ਸਾਹਿਬ ਨੇ ਪਛਮੀ ਸਾਹਿਤ ਦੇ ਪ੍ਰਭਾਵ ਥਲੇ ਪੰਜਾਬੀ ਕਵਿਤਾ ਨੂੰ ਆਧੁਨਿਕ ਸੱਚਿਆਂ ਵਿਚ ਢਾਲਿਆ ਹੈ। ਉਨ੍ਹਾਂ ਨੇ ਕਿਸਾਕਾਰੀ ਦੀ ਪ੍ਰਾਚੀਨ ਲੀਹ ਨੂੰ ਛਡ ਕੇ ਪਛਮੀ ਰੂੜੀ ਅਨੁਸਾਰ ਮਹਾਂ ਕਾਵਿ ਵੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਛੋਟੀਆਂ ਕਵਿਤਾਵਾਂ ਲਿਖਣ ਦਾ ਮੁੱਢ ਬੰਨ੍ਹਿਆ ਹੈ। ਰੂਪਕ ਪਖ ਤੋਂ ਭਾਈ ਵੀਰ ਸਿੰਘ ਜੀ ਪੰਜਾਬੀ ਕਵਿਤਾ ਦੇ ਪਹਿਲੇ ਆਧੁਨਕ ਕਵੀ ਆਖੇ ਜਾ ਸਕਦੇ ਹਨ।

ਭਾਈ ਵੀਰ ਸਿੰਘ ਜੀ ਨਾ ਕੇਵਲ ਆਧੁਨਕ ਪੰਜਾਬੀ ਕਵਿਤਾ ਦੇ ਮੋਢੀ ਸਨ ਸਗੋਂ ਸਮੁਚੇ ਆਧੁਨਿਕ ਸਾਹਿਤ ਦੇ ਮੋਢੀ ਮੰਨੇ ਜਾਣੇ ਚਾਹੀਦੇ ਹਨ। ਉਨ੍ਹਾਂ ਨੇ ਸਾਹਿਤ ਦੇ ਅਨੇਕਾਂ ਖੇਤਰਾਂ ਵਿਚ ਸ਼ਲਾਘਾ ਯੋਗ ਕੰਮ ਕਰਕੇ ਆਉਣ ਵਾਲੇ ਲੇਖਕਾਂ ਲਈ ਰਸਤਾ ਸਾਫ਼ ਕਰਨ ਦਾ ਮਹਾਨ ਉਦਮ ਕੀਤਾ ਹੈ। ਆਪ ਪੰਜਾਬੀ ਦੇ ਸਭ ਤੋਂ ਸਫ਼ਲ ਪੱਤਰਕਾਰ, ਸਭ ਤੋਂ ਪਹਿਲੇ ਕੋਸ਼ਕਾਰ, ਜੀਵਨੀ ਕਾਰ, ਗਦ ਕਾਰ, ਨਾਵਲ ਕਾਰ, ਨਾਟਕ ਕਾਰ ਅਤੇ ਇਕ ਸੁਘੜ ਸੰਪਾਦਕ ਵੀ ਸਨ। ਭਾਈ ਗੁਰਦਾਸ ਦੀਆਂ ਵਾਰਾਂ ਅਤੇ ਭਾਈ ਸੰਤੋਖ ਸਿੰਘ ਦੇ ਗ੍ਰੰਥ 'ਸੂਰਜ ਪ੍ਰਕਾਸ਼' ਨੂੰ ਸੰਪਾਦਨ ਕਰਕੇ ਆਪ ਨੇ ਪ੍ਰਾਚੀਨ ਪੰਜਾਬੀ ਸਾਹਿਤ ਨੂੰ ਸੰਤੁਲਤ ਅਤੇ ਪੜ੍ਹਨ ਯੋਗ ਸ਼ਕਲ ਵਿਚ ਛਾਪਣ ਦੀ ਲੀਹ ਤੋਰੀ ਹੈ।

ਪਰ ਏਨੀ ਵਿਦਵਤਾ ਦੇ ਬਾਵਜੂਦ ਬੁਨਿਆਦੀ ਤੌਰ ਤੇ ਆਪ ਇਕ ਸੁਹਜਵਾਦੀ ਰਹਸਵਾਦੀ ਕਵੀ ਸਨ। ਆਪਣੀ ਅੰਤਮ ਪੁਸਤਕ 'ਮੇਰੇ ਸਾਈਆਂ ਜੀਓ' ਵਿਚ ਆਪਦਾ ਰਹਸਵਾਦ ਇਕ ਬੜੀ ਡੂੰਘੇਰੀ ਸ਼ਕਲ ਵਿਚ ਪ੍ਰਗਟ ਹੋਇਆ ਹੈ ਅਤੇ ਆਪਦੇ ਪ੍ਰੋਢ ਅਧਿਆਤਮਕ ਅਨੁਭਵ ਨੂੰ ਅਤਿਅੰਤ ਸੁਹਜਵਾਦੀ ਕਲਾ ਵਿਚ ਪੇਸ਼ ਕਰਦਾ ਹੈ।

## ਵਲਵਲਾ

ਜਿਨ੍ਹਾਂ ਉਚਿਆਈਆਂ ਉੱਤੇ
ਬੁੱਧੀ ਖੰਭ ਸਾੜ ਢੱਠੀ
ਮੱਲੋ ਮੱਲੀ ਓਥੇ ਦਿਲ
ਮਾਰਦਾ ਉਡਾਰੀਆਂ,
ਪਯਾਲੇ ਅਣਡਿੱਠੇ ਨਾਲ
ਬੁੱਲ੍ਹ ਲਗ ਜਾਣ ਓਥੇ
ਰਸ ਤੇ ਸਰੂਰ ਚੜ੍ਹੇ
ਝੂੰਮਾਂ ਆਉਣ ਪਯਾਰੀਆਂ,
ਗਯਾਨੀ ਸਾਨੂੰ ਹੋੜਦਾ ਤੇ
ਵਹਿਮੀ ਢੋਲਾ ਆਖਦਾ ਏ
ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੇ ਪਾਰ ਤਾਰੀਆਂ।
ਬੈਠ ਵੇ ਗਿਆਨੀ! ਬੁੱਧੀ—
ਮੰਡਲੇ ਦੀ ਕੈਦ ਵਿਚ,
'ਵਲਵਲੇ' ਦੇ ਦੇਸ਼ ਸਾਡੀਆਂ
ਲੱਗ ਗਈਆਂ ਯਾਰੀਆਂ।

*(ਲਹਿਰ ਹੁਲਾਰੇ)*

# ਮੇਰੇ ਵਡੇ ਸਮਕਾਲੀ; ਭਾਈ ਵੀਰ ਸਿੰਘ ਜੀ

*-ਸ੍ਰ. ਗੁਰਬਖ਼ਸ਼ ਸਿੰਘ (ਪ੍ਰੀਤ ਲੜੀ)*

ਪਹਿਲੀ ਵਡੀ ਲੜਾਈ ਲਗ ਚੁਕੀ ਸੀ। ਮੈਂ ਉਨ੍ਹੀਵੇਂ ਵਰ੍ਹੇ ਵਿਚ ਸਾਂ। ਦਸਵੀਂ ਪਾਸ ਕਰ ਕੇ ਕੁਝ ਸਮੇਂ ਲਈ ਕਮਸਰੇਟ ਵਿਚ ਕਲਰਕੀ ਕੀਤੀ ਸੀ, ਤੇ ਫਿਰ ਨੌਕਰੀ ਛਡ ਕੇ ਰੁੜਕੀ ਦੀ ਓਵਰਸੀਅਰੀ ਦੇ ਦਾਖ਼ਲੇ ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸਾਂ।

ਏਸ ਤਿਆਰੀ ਲਈ ਮੈਂ ਆਪਣੇ ਚਾਚਾ ਜੀ (ਮੇਰੇ ਪਿਤਾ ਜੀ ਦੇ ਪਰਮ ਦੋਸਤ ਜਿਹੜੇ ਮੇਰੇ ਪਿਤਾ ਜੀ ਦੀ ਮੌਤ ਤੋਂ ਪਿਛੋਂ ਮੇਰੇ ਲਈ ਪਿਤਾ ਸਮਾਨ ਸਨ) ਕੋਲ ਮੁਲਤਾਨ ਦੇ ਜ਼ਿਲੇ ਸਿਧਨਈ ਹੈਡ ਵਰਕਸ ਉੱਤੇ ਗਿਆ ਹੋਇਆ ਸਾਂ। ਚਾਚਾ ਜੀ ਨਹਿਰ ਮਹਿਕਮੇ ਵਿਚ ਐਸ.ਡੀ.ਓ. ਸਨ, ਤੇ ਇਸ ਤਰ੍ਹਾਂ ਮੇਰੀ ਤਿਆਰੀ ਵਿਚ ਬੜੇ ਸਹਾਈ ਹੋ ਸਕਦੇ ਸਨ।

ਚਾਚਾ ਜੀ ਭਾਈ ਸਾਹਿਬ ਵੀਰ ਸਿੰਘ ਹੋਰਾਂ ਦੀ ਲੇਖਣੀ ਦੇ ਬੜੇ ਡੂੰਘੇ ਪ੍ਰਸੰਸਕ ਸਨ। ਉਹਨਾਂ ਨੇ ਆਪਣੇ ਦੂਜੇ ਪੁੱਤਰ ਦਾ ਨਾਂ ਭਾਈ ਸਾਹਿਬ ਦੇ ਪ੍ਰਸਿੱਧ ਪਾਤ੍ਰ ਤੋਂ ਪ੍ਰੇਰਨਾ ਲੈ ਕੇ ਬਿਜੈ ਸਿੰਘ ਰਖਿਆ ਸੀ। ਉਹਨਾਂ ਮੈਨੂੰ ਭਾਈ ਸਾਹਿਬ ਦੀਆਂ ਲਿਖੀਆਂ ਦੋ ਪੁਸਤਕਾਂ, 'ਸੁੰਦਰੀ' ਤੇ 'ਬਿਜੈ ਸਿੰਘ' ਦਿੱਤੀਆਂ। ਮੇਰੇ ਲਈ ਆਪਣੀ ਮਾਂ-ਬੋਲੀ ਵਿਚ ਇਹ ਪਹਿਲੇ ਨਾਵਲ ਹੀ ਨਹੀਂ, ਲਗ ਭਗ ਪਹਿਲੀਆਂ ਪੁਸਤਕਾਂ ਸਨ। ਏਦੂੰ ਪਹਿਲਾਂ ਮੈਂ ਪੂਰਨ ਭਗਤ ਤੇ ਰਾਜਾ ਰਸਾਲੂ ਦੇ ਦੋ ਕਿਸੇ ਹੀ ਆਪਣੀ ਮਾਤਾ ਜੀ ਕੋਲੋਂ ਲੈ ਕੇ ਪੜ੍ਹੇ ਹੋਏ ਸਨ।

ਭਰ ਜਵਾਨੀ ਤੇ ਆਪਣੀ ਮਾਂ-ਬੋਲੀ ਵਿਚ ਪਹਿਲੀਆਂ ਦੋ ਦਿਲ-ਟੁੰਬਵੀਆਂ ਪੁਸਤਕਾਂ-ਇਹਨਾਂ ਦਾ ਮੇਰੇ ਉੱਤੇ ਜਵਾਨੀ ਦੇ ਪਹਿਲੇ ਪਿਆਰ ਵਰਗਾ ਅਸਰ ਹੋਇਆ। ਇਹ ਮੇਰੇ ਲਈ ਬੜੀਆਂ ਚੰਗੀਆਂ ਤੇ ਸ਼ੁੱਧ ਪ੍ਰੇਰਨਾਵਾਂ ਦਾ ਸੋਮਾ ਬਣੀਆਂ। ਮੈਨੂੰ ਇਹਨਾਂ ਵਿਚ ਵਰਤੀ ਮਾਂ-ਬੋਲੀ ਬੜੀ ਹੀ ਮਿੱਠੀ ਤੇ ਦਿਲ ਹੁਲਾਰਨ ਵਾਲੀ ਲਗੀ। ਮੈਂ ਇਹਨਾਂ ਦੇ ਕਈ ਭਾਗ ਦੁਹਰਾ ਦੁਹਰਾ ਕੇ ਪੜ੍ਹਦਾ। ਕਈ ਵਾਰ ਉੱਚੀ ਉੱਚੀ ਪੜ੍ਹ ਕੇ ਵੀ ਖ਼ੁਸ਼ੀ ਲੈਂਦਾ।

ਬਹੁਤ ਚਿਰ ਭਾਈ ਸਾਹਿਬ ਮੇਰੇ ਲਈ ਨਾਇਕ-ਲੇਖਕ ਰਹੇ, ਤੇ ਮੈਂ ਉਹਨਾਂ ਦਾ ਬੜਾ ਨਿੱਘਾ ਪ੍ਰਸੰਸਕ ਰਿਹਾ। ਮੈਂ ਉਹਨਾਂ ਦੀਆਂ ਦੋਵੇਂ ਰਚਨਾਵਾਂ ਪੜ੍ਹਣ ਤੋਂ ਪਹਿਲਾਂ ਕੁੱਝ ਚਿੱਠੀਆਂ ਹੀ ਆਪਣੀ ਮਾਂ ਬੋਲੀ ਵਿਚ ਆਪਣੀ ਮਾਂ ਜੀ ਤੇ ਭੈਣ ਨੂੰ ਲਿਖੀਆਂ ਸਨ। ਪਰ ਇਹ ਰਚਨਾਵਾਂ ਪੜ੍ਹਣ ਬਾਅਦ ਮੇਰੇ ਅੰਦਰਲੇ ਖ਼ਾਮੋਸ਼ ਸੁਪਨੇ ਪ੍ਰਗਟਾਵੇ ਲਈ ਉਤਾਵਲੇ ਹੋਏ ਜਾਪਣ ਲਗ ਪਏ, ਤੇ ਮੈਂ ਇਕ ਨਾਵਲ 'ਪ੍ਰਤਿਮਾ' ਲਿਖ ਲਿਆ; ਛਾਪਣ ਦੀ ਇੱਛਾ ਨਾਲ ਨਹੀਂ, ਆਪਣੇ ਅਨੋਖੀਆਂ ਖ਼ਾਹਿਸ਼ਾਂ ਰਖਣ ਵਾਲੇ ਦਿਲ ਦਾ ਨਕਸ਼ਾ ਆਪ ਖਿੱਚ ਕੇ ਵੇਖਣ ਲਈ। ਇਹ ਮੇਰਾ ਪਹਿਲਾ ਸਾਹਿਤਕ ਜਤਨ ਸੀ, ਤੇ ਇਹਦੇ ਪ੍ਰੇਰਕ ਭਾਹੀ ਸਾਹਿਬ ਵੀਰ ਸਿੰਘ ਸਨ। (ਏਸ ਆਪਣੇ ਸਾਹਿਤਕ ਜਤਨ ਦਾ ਸੰਖੇਪ ਰੂਪ ਮੇਰੇ ਸੰਗ੍ਰਿਹ 'ਪ੍ਰੀਤ ਕਹਾਣੀਆਂ' ਵਿਚ ਦਿੱਤਾ ਹੈ)।

ਉਸ ਸਮੇਂ ਸਾਡੀ ਬੋਲੀ ਵਿਚ ਭਾਈ ਸਾਹਿਬ ਦੀਆਂ ਲਿਖਤਾਂ ਦੇ ਛੁੱਟ ਕੋਈ ਪੜ੍ਹਣ ਯੋਗ-ਸਮਕਾਲੀ ਸਾਹਿੱਤ ਨਹੀਂ ਸੀ ਹੁੰਦਾ। ਭਾਈ ਸਾਹਿਬ ਦੇ ਉਪਰਲੇ ਦੋ ਨਾਵਲਾਂ ਦੇ ਬਾਅਦ ਮੈਂ ਉਹਨਾਂ ਦੀਆਂ ਕਵਿਤਾਵਾਂ ਪੜ੍ਹਣੀਆਂ ਸ਼ੁਰੂ ਕੀਤੀਆਂ। ਇਹ ਵੀ ਮੇਰੇ ਲਈ ਇਕ ਨਵਾਂ ਤਜ਼ਰਬਾ ਸਨ। ਏਦੂੰ ਪਹਿਲਾਂ ਮੈਂ ਆਪਣੀ ਬੋਲੀ ਵਿਚ ਅਤਿ ਵਧੀਆ ਲੋਕ-ਗੀਤ ਹੀ ਸੁਣੇ ਹੋਏ ਸਨ। ਇਹ ਨਵੇਂ ਰੰਗ ਦੀ, ਆਧੁਨਿਕ ਰੂਪ ਵਿੱਚ, ਛੋਟੀ ਕਵਿਤਾ ਉਸ ਸਭ ਕਾਸੇ ਤੋਂ ਇਕਲੌਤਰੀ ਸੀ, ਇਸ ਵਿਚ ਮੇਰੀ ਬੋਲੀ ਨੂੰ ਅਨੋਖੇ ਤੇ ਮਟਕਦੇ ਅੰਦਾਜ਼ ਵਿਚ ਪ੍ਰਗਟਾ ਕੇ ਰੱਬ ਦੇ ਪਿਆਰ ਨੂੰ ਆਕਾਸ਼ੀ ਨਹੀਂ, ਧਰਤੀ ਦੇ ਇਸ਼ਕ ਦਾ ਰੂਪ ਦਿੱਤਾ ਹੋਇਆ ਸੀ। ਧਰਤੀ ਦਾ ਪਿਆਰ ਮੇਰਾ ਸ਼ਿਰੋਮਣੀ ਜਜ਼ਬਾ ਹੋਣ ਕਰ ਕੇ ਭਾਈ ਸਾਹਿਬ ਦੀ ਮਟਕਦੀ ਕਵਿਤਾ ਨੇ ਓਦੋਂ ਮੇਰਾ ਬੜਾ ਧਿਆਨ ਖਿਚਿਆ।

ਮੈਂ ਪਹਿਲੀ ਵਡੀ ਲੜਾਈ ਦੇ ਅਖ਼ੀਰਲੇ ਵਰ੍ਹੇ ਵਿਚ ਫੌਜ ਦੀ ਨੌਕਰੀ ਕਰ ਕੇ ਈਰਾਨ ਤੇ ਇਰਾਕ ਵਿਚ ਗਿਆ। ਉਥੇ ਮੈਂ ਦੁਨੀਆਂ ਦਾ ਬਹੁਤ ਸਾਰਾ ਸਾਹਿੱਤ ਅੰਗਰੇਜ਼ੀ ਵਿਚ ਪੜ੍ਹਿਆ। ਓਥੇ ਪੰਜਾਬੀ ਦੀਆਂ ਸਿਰਫ਼ ਦੋ ਹੀ ਰਚਨਾਵਾਂ ਮੇਰੇ ਕੋਲ ਸਨ-ਇਕ, ਗੁਰੂ ਗ੍ਰੰਥ ਸਾਹਿਬ, ਦੂਜੀ ਭਾਈ ਸਾਹਿਬ ਦੀ ਪ੍ਰਸਿਧ ਰਚਨਾ 'ਰਾਣਾ ਸੂਰਤ ਸਿੰਘ' ਜਿਸ ਦਾ ਪਲਾਟ ਭਾਵੇਂ ਮੈਨੂੰ ਹੋਣਹਾਰ ਨਾ ਲਗਾ, ਪਰ ਉਹਦੀ ਜ਼ਬਾਨ ਤੇ ਜ਼ਬਾਨ ਦੇ ਕਰੁਣਾ ਭਰੇ ਪ੍ਰਗਟਾਵੇ ਨੇ ਮੇਰੇ ਉੱਤੇ ਭਾਈ ਸਾਹਿਬ ਦੀ ਪ੍ਰਤਿਭਾ ਦਾ ਬੜਾ ਡੂੰਘਾ ਅਸਰ ਪਾਇਆ।

ਬਾਅਦ ਵਿੱਚ ਜਦੋਂ ਮੈਂ ਸਰਹਦੀ ਸੂਬੇ ਵਿਚ ਨੌਸ਼ਹਿਰੇ ਦੇ ਕੋਲ ਅਕਾਲੀ ਫੂਲਾ ਸਿੰਘ ਦੀ ਸਮਾਧ ਵਾਲੇ ਪਿੰਡ ਵਿਚ ਰਹਿੰਦਾ ਸਾਂ, ਉਦੋਂ ਪਿਸ਼ਾਵਰ ਵਿਚ ਸਿਖ ਐਜੂਕੇਸ਼ਨਲ ਕਾਨਫ਼ਰੰਸ ਹੋਈ ਸੀ। ਮੈਂ ਵੀ ਸਵਾਗਤ ਕਮੇਟੀ ਦਾ ਮੈਂਬਰ ਸਾਂ। ਉਸ ਕਾਨਫ਼ਰੰਸ ਦੇ ਖੁਲ੍ਹੇ ਸਮਾਗਮ ਵਿਚ ਮੈਂ ਭਾਈ ਸਾਹਿਬ ਦੇ ਪਹਿਲੀ ਵਾਰੀ ਦੂਰੋਂ ਦਰਸ਼ਨ ਕੀਤੇ। ਕਾਨਫਰੰਸ ਵਿਚ ਜੁੜੇ ਲੋਕਾਂ ਦੇ ਦਿਲਾਂ ਵਿਚ ਭਾਈ ਸਾਹਿਬ ਲਈ ਮੈਂ ਅਪਾਰ ਸ਼ਰਧਾ ਵੇਖੀ। ਜਦੋਂ ਉਹ ਸੰਗਤ ਦੀ ਮੰਗ ਉੱਤੇ ਸੰਗਤ ਨੂੰ ਦਰਸ਼ਨ ਦੇਣ ਲਈ ਖੜੋਤੇ, ਤਾਂ ਸਾਰੇ ਦਰਸ਼ਕ ਹਲੂਣੇ ਗਏ ਦਿਸਦੇ ਸਨ। ਕਈ ਬੀਬੀਆਂ ਉਹਨਾਂ ਨੂੰ ਵੇਖ ਕੇ ਪਿਆਰ ਤੇ ਸ਼ਰਧਾ ਵਿਚ ਮਿਓਂ ਨਾ ਸਮਾਂਦੀਆਂ, ਤੇ ਇਕ ਦੂਜੀ ਨੂੰ

ਜੱਫੀਆਂ ਪਾਂਦੀਆਂ ਸਨ। ਮੈਨੂੰ ਵੀ ਓਸ ਵੇਲੇ ਉਹਨਾਂ ਦੇ ਚਿਹਰੇ ਉਤੇ ਸ੍ਵੈ-ਭਰਪੂਰਤਾ ਦਾ ਜਲਾਲ ਦਿੱਸਿਆ ਸੀ।

ਏਸੇ ਕਾਨਫ਼ਰੰਸ ਵਿਚ ਮੈਂ ਪਹਿਲੀ ਵਾਰੀ ਪੰਜਾਬੀ ਦੇ ਮਹਾਨ ਕਵੀ, ਓਦੋਂ ਨੌਜਵਾਨ ਮੋਹਨ ਸਿੰਘ 'ਮਾਹਿਰ' ਦੀ 'ਰਬ' ਉੱਤੇ ਇਕ ਅਨੋਖੀ ਤੇ ਧੜਕਦੀ ਕਵਿਤਾ ਸੁਣੀ ਸੀ ਤੇ ਅੰਗਰੇਜ਼ੀ ਦੇ ਅਲਬੇਲੇ ਸਾਹਿਤਕਾਰ ਸਰ ਜੋਗਿੰਦਰ ਸਿੰਘ ਨੂੰ ਸੁਣਿਆ ਸੀ। ਸਤੰਬਰ 1933 ਵਿਚ ਜਦੋਂ ਮੈਂ "ਪ੍ਰੀਤ ਲੜੀ" ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਤਾਂ ਮੈਂ ਇਹਦਾ ਪਹਿਲਾ ਪਰਚਾ ਭਾਈ ਸਾਹਿਬ ਨੂੰ ਭੇਜਿਆ। ਉਹਨਾਂ ਅਪਾਰ ਕਿਰਪਾ ਕੀਤੀ, ਤੇ ਓਸ ਵੇਲੇ ਮੇਰੇ ਵਰਗੇ ਅਣਜਾਣ, ਪੰਜਾਬ ਤੋਂ ਦੂਰ, ਸਰਹਦੀ ਸੂਬੇ ਵਿਚ ਨੌਸ਼ਹਿਰੇ ਰਹਿੰਦੇ, ਉੱਕੇ ਹੀ ਇਕ ਨਵੇਂ ਲੇਖਕ ਨੂੰ ਮਿਹਰਬਾਨੀ ਭਰੀਆਂ ਸ਼ੁਭ ਇਛਾਵਾਂ ਭੇਜੀਆਂ।

'ਪ੍ਰੀਤਲੜੀ' ਆਪਣੇ ਮੁਢਲੇ ਦੋ ਵਰ੍ਹਿਆਂ ਵਿਚ ਭਾਈ ਸਾਹਿਬ ਦੇ ਹੀ ਪ੍ਰੈਸ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਵਿਚ ਛਪਦੀ ਰਹੀ। ਇਹਦੀ ਛਪਾਈ ਦੇ ਸੰਬੰਧ ਵਿਚ ਕਦੇ ਕਦੇ ਮੈਂ ਏਸ ਪ੍ਰੈਸ ਵਿਚ ਵੀ ਜਾਂਦਾ ਸਾਂ। ਓਥੇ ਹੇਠਾਂ ਪ੍ਰੈਸ ਦੇ ਦਫਤਰ ਦੇ ਸਾਹਮਣੇ ਉਪਰਲੀ ਛਤ ਦੇ ਚੁਬਾਰੇ ਵਿਚ ਭਾਈ ਸਾਹਿਬ ਆਪਣੀ ਅਮੋਲਕ ਰਚਨਾ ਰਚਦੇ ਮੈਨੂੰ ਦਿਖਾਈ ਦਿਆ ਕਰਦੇ ਸਨ। ਮੈਂ ਦੂਰੋਂ ਉਹਨਾਂ ਨੂੰ ਦੇਖ ਕੇ ਖ਼ੁਸ਼ੀ ਲੈ ਲੈਂਦਾ ਸਾਂ, ਪਰ ਮੇਰੀ ਨਿਰਮਾਣਤਾ ਨੇ ਉਹਨਾਂ ਨੂੰ ਨੇੜਿਓਂ ਜਾ ਕੇ ਮਿਲਣ ਦੀ ਖੁਲ੍ਹ ਨਾ ਲਈ।

1937 ਵਿਚ ਲਾਹੌਰ ਇਕ ਸਾਂਝੇ ਸਨੇਹੀ ਪਰਵਾਰ ਦੇ ਘਰ ਵਿਆਹ ਉੱਤੇ ਪਹਿਲੀ ਵਾਰ ਮੈਨੂੰ ਉਹਨਾਂ ਨਾਲ ਰੂਬਰੂ ਹੋ ਕੇ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਮੇਜ਼ਬਾਨ ਨੇ ਮੇਰਾ ਉਹਨਾਂ ਨਾਲ ਪ੍ਰੀਚੇ ਕਰਾਇਆ, ਉਹਨਾਂ ਹਸ ਕੇ ਮੇਰੇ ਵਲ ਲਿਖੀ ਆਪਣੀ ਚਿੱਠੀ ਨੂੰ ਯਾਦ ਕੀਤਾ। ਉਹਨਾਂ ਦੀ ਇਹ ਮਿਲਣੀ, ਇਕ ਮਹਾਂ ਪੁਰਸ਼ ਦੀ ਬੜੀ ਦਿਆਲੂ ਮਿਲਣੀ, ਹਮੇਸ਼ਾਂ ਮੇਰੀ ਯਾਦ ਵਿਚ ਰਹੀ ਹੈ।

ਉਹਨਾਂ ਵਰ੍ਹਿਆਂ ਵਿਚ ਮੇਰੇ ਵਿਚਾਰ ਸਿੱਖ ਜਗਤ ਦੇ ਰਸੂਖ਼ ਰਖਣ ਵਾਲੇ ਹਿੱਸੇ ਵਿਚ ਬੜੇ ਬਾਗ਼ੀ ਤੇ ਖ਼ਤਰਨਾਕ ਸਮਝੇ ਜਾਂਦੇ ਸਨ। ਗੁਰਦੁਵਾਰਿਆਂ ਤੇ ਸਿੱਖ ਅਖ਼ਬਾਰਾਂ ਵਿਚ ਮੇਰੇ ਖ਼ਿਲਾਫ਼ ਬਹੁਤ ਕੁਝ ਆਖਿਆ ਤੇ ਲਿਖਿਆ ਜਾਂਦਾ ਸੀ। ਭਾਈ ਸਾਹਿਬ ਨਾਲ ਸੰਬੰਧਤ "ਖ਼ਾਲਸਾ ਸਮਾਚਾਰ" ਵਿਚ ਵੀ ਕਈ ਸਜਣਾਂ ਨੇ ਮੇਰੀ ਬੜੀ ਸਖ਼ਤ ਨੁਕਤਾਚੀਨੀ ਕੀਤੀ, ਪਰ ਮੈਂ ਬੜਾ ਕਿਰਤੱਗ ਹਾਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਮੇਰੇ ਖ਼ਿਲਾਫ਼ ਇਕ ਵੀ ਸ਼ਬਦ ਕਦੇ ਨਾ ਲਿਖਿਆ। ਉਸ ਵੇਲੇ ਜਿਹੋ ਜਿਹਾ ਮੇਰਾ ਰੌਂ ਸੀ, ਉਸ ਵਿਚ ਸ਼ਾਇਦ ਆਪਣੇ ਏਸ ਮਹਾਨ ਲੇਖਕ, ਜਿਹੜਾ ਮੇਰੀ ਜਵਾਨੀ ਦਾ ਪਹਿਲਾ ਸਾਹਿਤਕ ਪਿਆਰਾ ਸੀ, ਵਲੋਂ ਇਕ ਵੀ ਨੁਕਤਾਚੀਨੀ ਦਾ ਲਫ਼ਜ਼ ਮੇਰਾ ਦਿਲ ਤੋੜ ਦੇਂਦਾ।

ਅਸੀਂ ਇਕ ਦੂਜੇ ਦੇ ਬਹੁਤ ਨੇੜੇ ਵਸਦੇ ਰਹੇ ਹਾਂ—ਉਹ ਅੰਮ੍ਰਿਤਸਰ, ਤੇ ਮੈਂ ਪ੍ਰੀਤ ਨਗਰ-ਪਰ ਕਿਉਂਕਿ ਮੈਂ ਸੁਭਾਵਕ ਬੜਾ ਨਿਰਮਾਣ ਸਾਂ, ਵਿਦਵਤਾ ਤੋਂ ਵਾਂਝਿਆ ਹੀ ਆਪਣੇ ਆਪ ਨੂੰ ਸਦਾ ਸਮਝਦਾ ਰਿਹਾ ਹਾਂ, ਤੇ ਉਹ ਬੜੇ ਮਸਰੂਫ਼ ਤੇ ਘਟ ਮਿਲਣ ਵਾਲੇ ਸਨ, ਸੋ ਭਾਵੇਂ ਮੈਂ ਉਨ੍ਹਾਂ ਨੂੰ ਮਿਲਣ, ਕੁਝ ਦੇਰ ਨੇੜੇ ਬਹਿ ਕੇ ਖੁਲ੍ਹੀ ਤਰ੍ਹਾਂ ਉਹਨਾਂ ਨਾਲ ਗਲਾਂ ਕਰਨ ਲਈ ਤਾਂਘਦਾ ਰਿਹਾ ਹਾਂ, ਪਰ ਇਹ ਤਾਂਘ ਮੇਰੀ ਹਾਲੀ ਪੂਰੀ ਨਹੀਂ ਸੀ ਹੋਈ, ਕਿ ਉਹ ਦੁਨੀਆਂ ਤੋਂ ਚਲੇ ਗਏ।

ਉਹ ਸਾਡੇ ਸਾਹਿੱਤ ਦੇ ਪਰਮ ਉਸਰਈਆਂ ਵਿਚੋਂ ਹਨ। ਤੇ ਏਦੂੰ ਵੀ ਵਧ ਉਹਨਾਂ ਆਪਣੀ ਲਿਖਤ ਨਾਲ ਕਈ ਪੀੜ੍ਹੀਆਂ ਨੂੰ ਨੇਕੀ, ਸਾਊ ਰਹਿਣੀ ਤੇ ਚੰਗੇ ਅਮਲਾਂ ਲਈ ਪ੍ਰੇਰਿਆ ਹੈ। ਉਹਨਾਂ ਦੀ ਸ਼ੁਧ ਰਚਨਾ ਤੇ ਉਹਨਾਂ ਦਾ ਸੁੱਚਾ ਜੀਵਨ ਸਫ਼ਲ ਮਾਨਵਤਾ ਲਈ ਸਦੀਵੀ ਪ੍ਰੇਰਨਾ ਹਨ।

## ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋ ਨੀਰ ਵਸਾਂਦਾ,
ਫਿਰ ਵੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਣਿਆ ਜਾਂਦਾ
ਦਰਦ ਦੇਖ ਦੁਖ ਆਂਦਾ!

*(ਲਹਿਰਾਂ ਦੇ ਹਾਰ)*

## ਇੱਛਾ ਬਲ ਦੇ ਚਨਾਰ ਤੇ ਨੂਰਜਹਾਂ

ਕਿਸੇ ਸੁੰਦਰੀ ਦੇ ਹੱਥ ਲਾਉਣ ਤੇ
ਤੇਰੇ ਜਿਹੀਆਂ ਕਈ ਵੇਰ ਆ
ਹੱਥ ਅਸਾਨੂੰ ਲਾਏ,
ਪਯਾਰ ਲੈਣ ਨੂੰ ਜੀ ਕਰ ਆਵੇ
ਉਛਾਲ ਕਲੇਜਾ ਖਾਏ,
ਪਰ ਉਹ ਪਯਾਰ ਸਵਾਦ ਨ ਵਸਦਾ
ਹੋਰ ਕਿਸੇ ਹਥ ਅੰਦਰ
ਨੂਰ ਜਹਾਂ! ਜੋ ਛੁਹ ਤੇਰੀ ਨੇ
ਸਾਨੂੰ ਲਾਡ ਲਡਾਏ।

*(ਲਹਿਰ ਹੁਲਾਰੇ)*

# ਇਤਿਹਾਸ-ਖੋਜਕਾਰ : ਭਾਈ ਵੀਰ ਸਿੰਘ

*ਡਾ. ਕਿਰਪਾਲ ਸਿੰਘ**

ਸਾਹਿਤ ਦੇ ਪੜਚੋਲੀਏ ਆਮ ਇਤਿਹਾਸ ਲਿਖਣ ਵਾਲਿਆਂ ਦੀਆਂ ਤਿੰਨ ਸ਼ਰੇਣੀਆਂ ਮੰਨਦੇ ਹਨ, ਰੋਮਾਂਟਿਕ ਇਤਿਹਾਸਕਾਰ, ਵਿਗਿਆਨਕ ਇਤਿਹਾਸਕਾਰ ਅਤੇ ਦਾਰਸ਼ਨਿਕ ਇਤਿਹਾਸਕਰ। ਰੋਮਾਂਟਿਕ ਇਤਿਹਾਸਕਾਰ ਨੂੰ ਅਗੋਂ ਦੋ ਹਿੱਸਿਆ ਵਿੱਚ ਵੰਡਿਆ ਜਾਂਦਾ ਹੈ:- ਇਕ ਰੋਮਾਂਟਿਕ ਇਤਿਹਾਸਕਾਰ ਤੇ ਦੂਜਾ ਇਤਿਹਾਸਕ ਗਲਪਕਾਰ (Historical Romancer)। ਇਨ੍ਹਾਂ ਦੋਹਾਂ ਵਿਚ ਬਹੁਤ ਫ਼ਰਕ ਹੈ। ਭਾਵੇਂ ਦੋਵੇਂ ਬੀਤੇ ਜੀਵਨ ਨੂੰ ਕਹਾਣੀ ਰਾਹੀਂ ਪੇਸ਼ ਕਰਦੇ ਹਨ ਪਰ ਇਤਿਹਾਸਕ ਗਲਪਕਾਰ ਇਤਿਹਾਸ ਨੂੰ ਕੇਵਲ ਪਿਛੋਕੜ ਦੇ ਰੂਪ ਵਿਚ ਵਰਤਦਾ ਹੈ ਅਤੇ ਮੁਖ ਕਹਾਣੀ ਉਸ ਦੀ ਆਪਣੀ ਕਲਪਨਾ ਦਾ ਸਿੱਟਾ ਹੁੰਦੀ ਹੈ। ਰੋਮਾਂਟਿਕ ਇਤਿਹਾਸਕਾਰ ਕਹਾਣੀ ਦੱਸਣ ਦੀ ਸੂਝ ਦੀ ਵਰਤੋਂ ਕਰ ਕੇ ਸੱਚੀ ਮੁੱਚੀ ਬੀਤੇ ਹਾਲਾਤ ਦੇ ਖ਼ਾਕੇ ਵਿਚ ਰੰਗ ਭਰ ਕੇ ਸਵਾਦਲਾ ਬਣਾ ਦੇਂਦਾ ਹੈ। ਰੋਮਾਂਟਿਕ ਇਤਿਹਾਸਕਾਰ ਦਾ ਮਨੋਰਥ ਖੁਸ਼ਕ ਇਤਿਹਾਸ ਨੂੰ ਸੁਆਦੀ ਤੇ ਜਿਉਂਦਾ ਬਨਾਣਾ ਹੈ ਅਤੇ ਪਾਠਕ ਦੇ ਮਨ ਵਿਚ ਬੀਤੇ ਹਾਲਾਤ ਨੂੰ ਇਸ ਤਰ੍ਹਾਂ ਪੇਸ਼ ਕਰਨਾ ਹੈ ਜਿਵੇਂ ਕਿ ਸਦੀਆਂ ਦੀ ਪਾੜ ਮਿਟ ਜਾਏ ਤੇ ਪਾਠਕ ਬੀਤੇ ਹਾਲ ਨੂੰ ਮੌਜੂਦਾ ਸਮੇਂ ਦੇ ਹਾਲ ਵਾਂਗੂ ਅਨੁਭਵ ਕਰਨ ਲਗ ਪੈਣ। ਰੋਮਾਂਟਿਕ ਇਤਿਹਾਸਕਾਰ ਆਮ ਪਾਠਕਾਂ ਦੀ ਰੁਚੀ ਇਤਿਹਾਸ ਵਲ ਲਿਆਉਂਦਾ ਹੈ ਅਤੇ ਉਨ੍ਹਾਂ ਦੀ ਦਿਲਚਸਪੀ ਇਤਿਹਾਸ ਵਿਚ ਐਨੀ ਬਣਾ ਦੇਂਦਾ ਹੈ ਕਿ ਉਨ੍ਹਾਂ ਨੂੰ ਬੀਤਿਆ ਸਮਾਂ ਧੁੰਧਲਾ ਜਾਂ ਓਪਰਾ ਨਹੀਂ ਲਗਦਾ।

ਭਾਈ ਵੀਰ ਸਿੰਘ ਜੀ ਰੋਮਾਂਟਿਕ ਇਤਿਹਾਸਕਾਰ ਸਨ; ਉਨ੍ਹਾਂ ਨੇ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਵਿਚ ਇਤਿਹਾਸਕ ਘਟਨਾਵਾਂ ਨੂੰ ਜਿਉਂਦਾ ਸਾਬਤ ਕਰਕੇ ਵਿਖਾਇਆ ਹੈ। ਇਹ ਤਿੰਨ ਪੁਸਤਕਾਂ ਕਿਸੇ ਇਕ ਇਤਿਹਾਸਕ ਘਟਨਾ ਤੇ ਆਧਾਰਤ ਨਹੀਂ, ਸਗੋਂ ਇਨ੍ਹਾਂ ਵਿਚ ਯਤਨ ਕੀਤਾ ਗਿਆ ਹੈ ਕਿ ਸਮੁੱਚੇ ਸਮੇਂ ਦੇ ਇਤਿਹਾਸ ਨੂੰ ਉਲੀਕਿਆ ਜਾਏ। ਇਤਿਹਾਸਕ ਨਾਵਲ ਦਾ ਇਕ ਮੁਢਲਾ ਗੁਣ ਇਹ ਹੁੰਦਾ ਹੈ ਕਿ ਉਹ ਕਿਸੇ ਇਤਿਹਾਸਕ ਨਾਵਲ ਨਹੀਂ ਕਿਹਾ ਜਾ ਸਕਦਾ। ਸ਼ਾਇਦ ਇਸੇ ਕਰਕੇ ਇਨ੍ਹਾਂ ਸਤਰਾ ਦੇ ਲਿਖਾਰੀ ਨੂੰ ਇਕ ਵਾਰੀ ਭਾਈ ਸਾਹਿਬ ਵੀਰ ਸਿੰਘ ਨੇ ਦਸਿਆ "ਮੈਂ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਨਾਵਲ ਨਹੀਂ ਲਿਖੇ, ਸਗੋਂ ਇਤਿਹਾਸ ਲਿਖਿਆ ਹੈ; ਮੇਰਾ ਇਤਿਹਾਸ ਲਿਖਣ ਦਾ ਆਪਣਾ ਢੰਗ ਹੈ।"

ਇਕ ਦ੍ਰਿਸ਼ਟੀਕੋਨ ਤੋਂ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਲੜੀਵਾਰ ਸਿੱਖ ਇਤਿਹਾਸ ਨੂੰ ਦਰਸਾਉਂਦੇ ਹਨ। ਸੁੰਦਰੀ ਵਿਚ, ਜ਼ਿਕਰੀਆ ਖ਼ਾਂ (1726-1745 ਈਸਵੀ) ਦੇ ਸਮੇਂ ਦਾ ਹਾਲ ਤੇ ਉਸ ਤੋਂ ਪਿਛੋਂ ਉਸਦੇ ਪੁਤਰ ਯਾਹਯਾ ਖਾਂ (1745-48 ਈਸਵੀ) ਦੇ ਸਮੇਂ ਦੇ ਹਾਲ ਹਨ। ਯਾਹਯਾ ਖਾਂ ਦੇ ਸਮੇਂ ਛੋਟਾ ਘੱਲੂਘਾਰਾ 1748 ਈਸਵੀ ਵਿਚ ਹੋਇਆ ਜਿਸ ਦਾ ਹਾਲ ਕਰਤਾ ਨੇ 'ਸੁੰਦਰੀ' ਵਿਚ ਦੋ ਕਾਂਡਾਂ ਵਿਚ ਲਿਖਿਆ ਹੈ। ਸੁੰਦਰੀ ਦਾ ਅੰਤ ਮੀਰ ਮੈਨੂੰ (1748-1753 ਈਸਵੀ) ਦੇ ਸਮੇਂ ਕੌੜਾ ਮਲ ਬਹਾਦਰ ਦੀ ਮੌਤ ਜੋ 1752 ਵਿਚ ਹੋਈ, ਨਾਲ ਹੁੰਦਾ ਹੈ। ਬਿਜੈ ਸਿੰਘ ਪੁਸਤਕ 1753 ਤੋਂ ਲੈ ਕੇ 1756 ਵਿਚ ਹੋਈ, ਨਾਲ ਹੁੰਦਾ ਹੈ। ਬਿਜੈ ਸਿੰਘ ਪੁਸਤਕ 1753 ਤੋਂ ਲੈ ਕੇ 1756 ਤਕ ਮੁਕ ਜਾਂਦੀ ਹੈ। ਇਸ ਵਿਚ ਮੀਰ ਮਨੂੰ ਦੇ ਸਿੰਘਾਂ ਤੇ ਅਤਿਆਚਾਰ ਵਿਸਥਾਰ ਨਾਲ ਦਸੇ ਹਨ। 1753 ਈਸਵੀ ਵਿਚ ਮੀਰ ਮੰਨੂੰ ਦੀ ਮੌਤ ਪਿਛੋਂ ਮੁਗ਼ਲਾਨੀ ਬੇਗਮ ਦੇ ਹਥੋਂ ਪੰਜਾਬ ਦੀ ਹਾਲਤ ਖ਼ਰਾਬ ਹੋ ਗਈ। ਛੇਤੀ ਛੇਤੀ ਗਵਰਨਰਾਂ ਦੀ ਬਦਲੀ ਅਤੇ ਮੁਗ਼ਲਾਨੀ ਬੇਗਮ ਦੀਆਂ ਆਪਣੀਆਂ ਨਿੱਜੀ ਕਮਜ਼ੋਰੀਆਂ ਨੇ ਪੰਜਾਬ ਨੂੰ ਫ਼ਸਾਦੀਆਂ ਦਾ ਅੱਡਾ ਬਣਾ ਦਿਤਾ। ਬਿਜੈ ਸਿੰਘ ਅਬਦਾਲੀ ਦੇ ਚੌਥੇ ਹਲੇ ਨਾਲ ਸਮਾਪਤ ਹੁੰਦਾ ਹੈ। ਸਤਵੰਤ ਕੌਰ ਤੈਮੂਰ ਸ਼ਾਹ ਅਤੇ ਜਮਾਲ ਖ਼ਾਂ ਦੇ ਰਾਜ 1756 ਅਤੇ 1757 ਤੋਂ ਅਰੰਭ ਹੁੰਦੀ ਹੈ। ਅਬਦਾਲੀ ਦੇ ਹਮਲੇ ਵਿਚ ਦਿੱਲੀ ਅਤੇ ਪੰਜਾਬ ਵਿਚ ਇਸਤ੍ਰੀਆਂ ਤੇ ਬਹੁਤ ਅਤਿਆਚਾਰ ਹੋਏ। ਤੈਮੂਰ ਅਤੇ ਸ਼ਾਹ ਜਮਾਲ ਖ਼ਾਂ ਦਾ ਸਮਾਂ ਸਿੱਖਾਂ ਵਾਸਤੇ ਬਹੁਤ ਕਰੜਾ ਸਮਾਂ ਸੀ। ਅਖ਼ੀਰ ਵਿਚ ਅਦੀਨਾ ਬੇਗ ਜਲੰਧਰ ਫੌਜਦਾਰ ਨੇ ਮਰਹੱਟਿਆਂ ਨੂੰ ਪੰਜਾਬ ਵਿਚ ਸਦ ਕੇ ਅਫ਼ਗਾਨ ਸਰਕਾਰ ਦਾ ਪੰਜਾਬ ਵਿਚੋਂ ਸਫ਼ਾਇਆ ਕਰ ਦਿੱਤਾ। ਸਤਵੰਤ ਕੌਰ ਦਾ ਅੰਤ ਅਬਦਾਲੀ ਦੇ ਪੰਜਵੇਂ ਹਮਲੇ ਤੇ ਹੁੰਦਾ ਹੈ। ਲਾਹੌਰ ਤੇ ਸਰਹਿੰਦ ਤੇ ਕਬਜ਼ਾ ਕਰ ਲੈਂਦਾ ਹੈ। ਪਰ ਪਾਣੀਪਤ ਦੀ ਤੀਜੀ ਲੜਾਈ ਜੋ ਜਨਵਰੀ 1761 ਵਿਚ ਮਰਹੱਟਿਆਂ ਅਤੇ ਅਫ਼ਗਾਨਾਂ ਵਿਚਕਾਰ ਹੋਈ, ਉਸਦਾ ਕਥਨ ਨਹੀਂ ਹੈ।

ਵਿਗਿਆਨਕ ਇਤਿਹਾਸ ਅਤੇ ਰੌਮਾਂਟਿਕ ਇਤਿਹਾਸ ਜਾਂ ਇਤਿਹਾਸਕ ਗਲਪਕਾਰ ਵਿਚ ਇਕ ਵੱਡਾ ਅੰਤਰ ਇਹ ਹੈ ਕਿ ਵਿਗਿਆਨਕ ਇਤਿਹਾਸਕਾਰ ਸਦਾ ਬੀਤੇ ਹਾਲਾਤ ਦੇ ਲੱਛਣ ਦੀ ਖੋਜ ਪੜਤਾਲ ਵਿਚ ਰੁਝਿਆ ਹੁੰਦਾ ਹੈ। ਉਹ ਲੱਭੇ ਹਾਲਾਤ ਨੂੰ ਉਨ੍ਹਾਂ ਦੇ ਸੋਮਿਆਂ ਸਣੇ ਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੈ। ਜਿਥੇ ਕਿਸੇ ਗੱਲ ਦਾ ਪਤਾ ਨਹੀਂ ਲਗਦਾ, ਉਹ ਉਸ ਨੂੰ ਉਸੇ ਤਰ੍ਹਾਂ ਰਹਿਣ ਦੇਂਦਾ ਹੈ। ਪਰ ਰੋਮਾਂਟਿਕ ਇਤਿਹਾਸਕਾਰ ਜਾਂ ਇਤਿਹਾਸਕ

* 1288 ਸੈਕਟਰ 15-ਬੀ, ਚੰਡੀਗੜ੍ਹ

ਗਲਪਕਾਰ ਆਪਣੀ ਕਲਪਨਾ ਨਾਲ ਇਤਿਹਾਸਕ ਪੈੜਾਂ ਨੂੰ ਦੂਰ ਕਰਨ ਦਾ ਯਤਨ ਕਰਨਗੇ ਅਤੇ ਥੋੜੇ ਬਹੁਤ ਮਿਲਦੀਆਂ ਟੂਕਾਂ ਨੂੰ ਆਪਣੀ ਕਲਪਨਾ ਨਾਲ ਉਸ ਸਮੇਂ ਦੇ ਵਾਤਾਵਰਨ ਵਿਚ ਪੂਰੇ ਜੀਵਨ ਦੀ ਝਲਕੀ ਦੇਣਗੇ ਤਾਂ ਜੋ ਪਾਠਕ ਜ਼ਿਆਦਾ ਪ੍ਰਭਾਵਤ ਹੋ ਸਕਣ। ਉਨ੍ਹਾਂ ਦਾ ਮਨੋਰਥ ਇਤਿਹਾਸ ਨੂੰ ਸੁਆਦਲਾ, ਬਹੁ-ਰੰਗਾ ਅਤੇ ਪ੍ਰਭਾਵਕ ਬਨਾਉਣਾ ਹੈ। ਭਾਈ ਵੀਰ ਸਿੰਘ ਜੀ 'ਬਿਜੈ ਸਿੰਘ' ਦੀ ਭੂਮਿਕਾ ਵਿਚ ਲਿਖਦੇ ਹਨ। ਇਸ ਪੁਸਤਕ ਦੇ ਲਿਖਣ ਵਿਚ ਇਸ ਸੰਸਾਰ ਤੋਂ ਕੂਚ ਕਰ ਗਏ ਬਜ਼ੁਰਗਾਂ ਦੇ ਸੁਣੇ ਸਮਾਚਾਰਾਂ, ਦੋਵੇਂ ਪੰਥ ਪ੍ਰਕਾਸ਼, ਖ਼ਾਲਸਾ ਤਵਾਰੀਖ਼, ਪ੍ਰਿੰਸੀਪਲ, ਕਨਿੰਘਮ, ਮੁਹੰਮਦ ਲਤੀਫ਼, ਮੈਲਕਮ, ਮੈਗ੍ਰੇਗਰ ਅਰ ਹੋਰਨਾਂ ਪੁਸਤਕਾਂ ਤੋਂ ਸਹਾਇਤਾ ਲਈ ਹੈ ਜਿਨ੍ਹਾਂ ਦਾ ਦਿਲੀ ਧੰਨਵਾਦ ਹੈ। ਕਈ ਸਮਾਚਾਰ, ਸਰੋਤਾਂ ਕਈ ਗੀਤਾਂ ਤੋਂ ਲਏ ਹਨ ਅਰ ਅਨ-ਮਿਲਦੀ ਥਾਈਂ ਸੰਗਲੀਆਂ ਆਪ ਮੇਲੀਆਂ ਹਨ। ਹੋਰ ਸੋਮੇ ਇਤਿਹਾਸ ਦੇ ਖੋਜਣ ਦਾ ਸਮਾਂ ਨਹੀਂ ਪੰਥਕ ਲੋੜ ਡਾਢੀ ਹੈ ਤੇ ਕਾਹਲੀ ਦੀ ਹੈ। ਇਸ ਕਰਕੇ ਇਹਿਤਾਸ ਤੇ ਰਵਾਇਤਾਂ ਆਦਿਕ ਦੇ ਮੇਲ ਤੋਂ ਇਹ ਸਾਜਨਾ ਸਾਜੀ ਗਈ ਹੈ।"

ਇਹ ਗੱਲ ਸਪਸ਼ਟ ਹੈ ਕਿ ਭਾਈ ਸਾਹਿਬ ਵੀਰ ਸਿੰਘ ਜੀ ਦਾ ਇਤਿਹਾਸ ਲਿਖਣ ਦਾ ਢੰਗ ਵਿਗਿਆਨਕ ਇਤਿਹਾਸਕਾਰ ਨਾਲੋਂ ਵੱਖਰਾ ਹੈ। ਉਨ੍ਹਾਂ ਦੀਆਂ ਲਿਖਤਾਂ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਸਮਿਗਰੀ ਦੀ ਭਾਲ ਵਿਚ ਖੋਜ ਪੜਤਾਲ ਵਿਚ ਉਹ ਕਿਸੇ ਤਰ੍ਹਾਂ ਵੀ ਵਿਗਿਆਨਕ ਇਤਿਹਾਸ-ਖੋਜਕਾਰ ਨਾਲੋਂ ਵਖਰੇ ਜਾਂ ਘਟ ਨਹੀਂ। ਉਹ ਵਿਗਿਆਨਕ ਇਤਿਹਾਸਕਾਰ ਵਾਂਗੂ ਸਮਿਗਰੀ ਦੀ ਭਾਲ ਕਰਦੇ ਹਨ, ਹਰ ਸੋਮੇ ਨੂੰ ਘੋਖਦੇ ਹਨ। ਕਈ ਵਾਰੀ ਉਹ ਐਸੇ ਇਤਿਹਾਸਕ ਸੋਮੇ ਲੱਭ ਲੈਂਦੇ ਹਨ, ਜਿਨ੍ਹਾਂ ਵੱਲ ਸ਼ਾਇਦ ਵਿਗਿਆਨਕ ਇਤਿਹਾਸਕਾਰ ਦਾ ਧਿਆਨ ਨਾ ਜਾਂਦਾ ਹੋਵੇ। ਮਿਸਾਲ ਦੇ ਤੌਰ ਤੇ 'ਸੁੰਦਰੀ ਦੀ ਸਿਰਜਨਾ ਇਕ ਲੋਕ ਗੀਤ ਤੋਂ ਕੀਤੀ ਗਈ, ਜਿਸ ਵਿਚ ਇਕ ਮੁਗਲ ਇਕ ਸੁੰਦਰ ਇਸਤ੍ਰੀ ਨੂੰ ਚੁੱਕ ਕੇ ਲੈ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਦੇ ਭੰਡਾਰ ਨੂੰ ਉਨ੍ਹਾਂ ਇਤਿਹਾਸਕ ਦ੍ਰਿਸ਼ਟੀ ਤੋਂ ਪਹਿਲੀ ਵਾਰੀ ਘੋਖਿਆ ਹੈ। "ਸਤਵੰਤ ਕੌਰ' ਵਿਚ ਇਕ ਪੰਜਾਬੀ ਲੋਕ ਗੀਤ ਦਿੱਤਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਨਾਦਰ ਸ਼ਾਹ ਸਰਦੀਆਂ ਵਿਚ ਆਇਆ ਅਤੇ ਗਰਮੀਆਂ ਅਰੰਭ ਹੋਣ ਤੇ ਭਾਰਤ ਵਿੱਚੋਂ ਚਲਾ ਗਿਆ ਅਤੇ ਪੰਜਾਬ ਵਿਚ ਬਹੁਤ ਤਬਾਹੀ ਕੀਤੀ। ਉਹ ਲੋਕ-ਗੀਤ ਇਸ ਤਰ੍ਹਾਂ ਹੈ:-

**ਆਯਾ ਨਾਦਰ ਕੱਲ ਕੁੜੇ, ਕਪਾਹੀਂ ਪੈਂਦੇ ਫੁੱਲ ਕੁੜੇ।**
**ਰੰਨਾਂ ਚੜ੍ਹ ਪਹਾੜੀ ਗਈਆਂ, ਮਰਦਾਂ ਮੱਲੀ ਚੁੱਲ੍ਹ ਕੁੜੇ।**
**ਮੁੜਿਆ ਨਾਦਰ ਰੁੱਲ ਕੁੜੇ, ਸਰਹੋਂ ਸੜੇਂਦੇ ਫੁੱਲ ਕੁੜੇ।**
**ਦਿੱਲ ਰੰਡੀ ਕਰ ਕੇ ਆਇਆ, ਸਾਡੀ ਠੰਡੀ ਚੁੱਲ੍ਹ ਕੁੜੇ।**

ਇਸ ਥਲੇ ਫੁਟ ਨੋਟ ਇਹ ਦਿੱਤਾ ਹੈ:- ਇਹ ਪ੍ਰਾਚੀਨ ਟੱਪੇ ਨਾਦਰ ਦੇ ਹਮਲੇ ਦਾ ਇਤਿਹਾਸ ਹੈ। ਅੱਸੂ ਦੀ ਰੁਤ ਸੀ, ਜਦੋਂ ਕਪਾਹ ਨੂੰ ਫੁੱਲ ਪੈਂਦੇ ਸਨ, ਜਦੋਂ ਨਾਦਰ ਦੇ ਆਉਣ ਦੀ ਸੋ ਆਈ ਸੀ ਦੋਹਾਂ ਦੇ ਟੱਬਰ ਕਬੀਲੇ ਮਾਲ ਮਤੇ ਸਮੇਤ ਪਹਾੜੀ ਭੇਜ ਦਿੱਤੇ, ਆਪ ਰੋਟੀਆਂ ਪਕਾਉਂਦੇ ਘਰਾਂ ਵਿਚ ਵਕਤ ਟਪਾਉਂਦੇ ਸਨ। ਜਦ ਨਾਦਰ ਮੁੜਿਆ ਤਾਂ ਮੌਸਮ ਸਿਆਲ ਦਾ ਅੰਤ ਹੋ ਚੁੱਕਾ ਸੀ ਤੇ ਦਿੱਲੀ ਤੋਂ ਸਾਰੇ ਹੀਰੇ ਜਵਾਹਰਾਤ ਮੋਹਰਾਂ ਰੁਪਏ ਰੋਲ ਕੇ ਭਾਵ ਲੁਟ ਕੇ ਲੈ ਆਇਆ ਸੀ ਤੇ ਪੰਜਾਬ ਦਾ ਹਾਲ ਸੀ ਕਿ ਅੰਨ ਨਹੀਂ ਸੀ ਲੱਭਦਾ, ਪਕਾਉਣ ਜੋਗਾ। ਨਾਦਰ ਬਰਸਾਤ ਲਾਗੇ ਅਟਕ ਤੇ ਅਪੜਿਆ ਸੀ।

ਭਾਈ ਵੀਰ ਸਿੰਘ ਜੀ ਦਾ ਅਤੁਟ ਵਿਸ਼ਵਾਸ ਹੈ ਕਿ ਕਿਸੇ ਕੌਮ ਦੀਆਂ ਰਵਾਇਤਾਂ, ਸੀਨਾ ਬਸੀਨਾ ਚਲੀਆਂ ਆਉਂਦੀਆਂ ਵਾਰਤਾਵਾਂ ਉਸ ਕੌਮ ਦੇ ਇਤਿਹਾਸ ਦੀ ਜਿੰਦ ਜਾਨ ਹਨ। 'ਸਕੈਚ ਆਫ਼ ਦੀ ਸਿਖਸ' ਦੀ ਭੂਮਿਕਾ ਵਿਚ ਜਾਨ ਮੈਲਕਮ ਨੇ ਇਸ ਤਰ੍ਹਾਂ ਲਿਖਿਆ ਹੈ :-

'ਮਨੁੱਖ ਦੇ ਸਮੁੱਚੇ ਇਤਿਹਾਸ ਦੀ ਹਰ ਖੋਜ ਵਿਚ ਇਹ ਅਤਿਅੰਤ ਜ਼ਰੂਰੀ ਹੈ ਕਿ ਵਾਚਿਆ ਜਾਏ ਕਿ ਕੋਈ ਕੋਮ ਆਪਣੇ ਬਾਰੇ ਕੀ ਕਹਿੰਦੀ ਹੈ। ਇਹੋ ਜਿਹਾ ਸੋਮਿਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਦਾ ਮੁਲ ਇਤਿਹਾਸਕ ਪ੍ਰਤਿਯੋਗਤਾ ਤੋਂ ਕਿਤੇ ਵਧੇਰੇ ਹੈ।[1]

ਭਾਈ ਵੀਰ ਸਿੰਘ ਜੀ ਨੇ ਪੁਰਾਣੇ ਸਮੇਂ ਦੀਆਂ ਪ੍ਰਚਲਤ ਰਵਾਇਤਾਂ ਨੂੰ ਇਕੱਤਰ ਕਰਨ ਵਿਚ ਇਕ ਮੁਢਲੀ ਅਗਵਾਈ ਵਾਲਾ ਕੰਮ ਕੀਤਾ ਹੈ। ਕਿਸੇ ਇਤਿਹਾਸਕ ਖੋਜਕਾਰ ਲਈ ਰਵਾਇਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸੁੰਦਰੀ ਵਿਚ ਭਾਈ ਵੀਰ ਸਿੰਘ ਜੀ ਨੇ ਦੀਵਾਨ ਕੌੜਾ ਮਲ ਸਬੰਧੀ ਬਹੁਤ ਸਾਰੀਆਂ ਰਵਾਇਤਾਂ ਨੂੰ ਇਕੱਤਰ ਕੀਤਾ ਹੈ। (ਵੇਖੋ ਸੁੰਦਰੀ ਦਾ ਕਾਂਡ ਨੰਬਰ ਤੇਰਾਂ) ਦੀਵਾਨ ਕੌੜਾ ਮਲ ਦਾ ਇਕ ਨਾਮਜ਼ ਤੇ ਚੜ੍ਹਾਈ ਕਰਨਾ ਤੇ ਜੁਗਤੀ ਨਾਲ ਉਸ ਨੂੰ ਸੋਧ ਕੇ ਲੜਨ ਤੋਂ ਬਿਨਾਂ ਜਿਤ ਕੇ ਵਾਪਸ ਆਉਣ ਦਾ ਕਾਫ਼ੀ ਵਿਸਥਾਰ ਦਿੱਤਾ ਹੈ ਤੇ ਫੁਟ ਨੋਟ ਵਿਚ ਲਿਖਿਆ ਹੈ– "ਦੀਵਾਨ ਸਾਹਿਬ ਦੇ ਲੋਕਾਂ ਵਿਚ ਮਸ਼ਹੂਰ ਕਾਰਨਾਮੇ ਜੋ ਜ਼ਬਾਨੀ ਜ਼ਬਾਨੀ ਟੁਰੇ ਆਏ ਉਹਨਾਂ ਵਿਚੋਂ ਇਹ ਬਿਰਧਾਂ ਤੋਂ ਸੁਣਿਆ ਹੈ। ਇਸੇ ਤਰ੍ਹਾਂ ਦਰਾਨੀ ਜਠਾਨੀ ਦਾ ਇਨਸਾਫ ਦੀ ਰਵਾਇਤ ਵੀ ਦਿੱਤੀ ਹੈ ਤੇ ਦਸਿਆ ਹੈ ਕਿ ਕਿਵੇਂ ਬਕਰੀ ਵਾਲੀ ਦਾ ਮੱਖਣ ਨਿਕਲਦਾ ਹੈ ਮਹਿੰ ਵਾਲੀ ਦਾ ਨਹੀਂ। ਇਸ ਤੇ ਫੁਟ ਨੋਟ ਦਿੱਤਾ ਹੈ: "ਇਹ ਵੀ ਦੀਵਾਨ ਸਾਹਿਬ ਬਾਬਤ ਪ੍ਰਸਿੱਧ ਰਵਾਯਤ ਬਿਰਧਾਂ ਤੋਂ ਸੁਣੀ ਗਈ ਸੀ।[2]" ਇਸੇ ਤਰ੍ਹਾਂ ਰਚਨਾ ਦੁਆਬੇ ਦੇ ਤੁਮੰਨਦਾਰ ਸਦਰਹਿਮਤ ਖਾਂ ਦੇ ਸਿੱਖਾਂ ਦੀ ਭਾਲ ਵਿਚ ਜ਼ੁਲਮ ਕਰਨ ਦੀਆਂ ਰਵਾਇਤਾਂ ਸਤਵੰਤ ਕੌਰ ਦੇ ਵੀਹਵੇਂ ਕਾਂਡ ਵਿਚ ਦਿੱਤੀਆਂ ਹਨ ਤੇ ਦੱਸਿਆ ਕਿਸ ਤਰ੍ਹਾਂ ਬੁਲਾਕੀ ਚੱਕਾਂ ਦੇ ਬੁਲਾਕੀ ਸ਼ਾਹ ਦੇ ਪੁੱਤਰਾਂ ਸੁੱਖਾ ਤੇ ਮਨਸੂ ਜੋ ਸੁੱਖਾ ਸਿੰਘ ਅਤੇ

ਮਨਸਾ ਸਿੰਘ ਬਣ ਗਏ ਸਨ ਨੇ ਸਦਰਹਿਮਤ ਖ਼ਾਂ ਤੋਂ ਬਦਲਾ ਲਿਆ। ਇਸ ਰਵਾਇਤ ਦੇ ਥੱਲੇ ਫ਼ੁਟ ਨੋਟ ਦਿੱਤਾ ਹੈ। "ਇਹ ਅਖਾਵਤ ਬੁਲਾਕੀ ਚੱਕਾਂ ਵਿਚ ਬੋਲੀ ਜਾਂਦੀ ਰਹੀ ਹੈ। ਇਸ ਇਲਾਕੇ ਦੇ ਮਾਲਕ ਹੁਣ ਤੀਕ ਸੁਖਾ ਸਿੰਘ ਅਤੇ ਮਨਸਾ ਸਿੰਘ ਦੀ ਉਲਾਦ ਸੁਣੀਂਦੇ ਹਨ, ਜੋ ਗੁਰਾਏ ਦਸੀਂਦੇ ਹਨ। ਇਹ ਹਾਲ ਪੁਰਾਤਨ ਸਿੰਘਾਂ ਦੇ ਯਾਦ ਸਨ। ਸਾਨੂੰ ਸਰਦਾਰ ਹਰਚੰਦ ਸਿੰਘ ਜੀ (ਮਨੇਜਰ ਰਿਆਸਤ ਡਮਰੀ) ਨੇ ਸੁਣਾਏ ਹਨ। ਸਰਦਾਰ ਸਾਹਿਬ ਨੂੰ ਪੁਰਾਣੇ ਹਾਲਾਤ ਦੀ ਬੜੀ ਵਾਕਫ਼ੀਅਤ ਹੈ।[3] ਇਸ ਤਰ੍ਹਾਂ ਪੁਰਾਣੀਆਂ ਰਵਾਇਤਾਂ ਦੇ ਇਕੱਤਰ ਕਰਨ ਵਿਚ ਅਤੇ ਉਨ੍ਹਾਂ ਰਵਾਇਤਾਂ ਨੂੰ ਇਤਿਹਾਸਕ ਰੂਪ ਦੇਣ ਵਿਚ ਭਾਈ ਸਾਹਿਬ ਨੇ ਇਕ ਇਤਿਹਾਸ ਖੋਜਕਾਰ ਦਾ ਕੰਮ ਕੀਤਾ।

ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਲਿਖਣ ਤੋਂ ਪਹਿਲਾਂ ਭਾਈ ਵੀਰ ਸਿੰਘ ਜੀ ਦੇ ਯਤਨਾਂ ਨਾਲ 1894 ਵਿਚ ਖ਼ਾਲਸਾ ਟ੍ਰੈਕਟ ਸੋਸਾਇਟੀ ਅਸਥਾਪਤ ਹੋਈ। ਇਸ ਵਿਚ ਕੁਲ ਟਰੈਕਟ 1221 ਛਪੇ। ਇਨ੍ਹਾਂ ਵਿਚ ਭਾਈ ਸਾਹਿਬ ਨੇ ਸਿੱਖ ਇਤਿਹਾਸ ਬਾਰੇ ਬਹੁਤ ਟਰੈਕਟ ਲਿਖੇ। ਇਨ੍ਹਾਂ ਟਰੈਕਟਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਨਾ ਕੇਵਲ ਦਸਾਂ ਗੁਰੂਆਂ ਦੇ ਟਰੈਕਟ ਲਿਖੇ ਗਏ, ਸਗੋਂ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਵੱਖਰੇ ਵੱਖਰੇ ਟਰੈਕਟ ਛਪੇ। ਜਿਵੇਂ 'ਜਗਨ ਨਾਥ ਫੇਰੀ', 'ਬਗ਼ਦਾਦ ਫੇਰੀ', 'ਚਮਕੌਰ ਦਾ ਜੰਗ' ਆਦਿ। ਦਸਾਂ ਗੁਰੂਆਂ ਤੋਂ ਪਿਛੋਂ ਦਾ ਇਤਿਹਾਸ ਟਰੈਕਟਾਂ ਰਾਹੀਂ ਲਿਖਿਆ ਜਿਵੇਂ ਕਿ ਟਰੈਕਟਰ 'ਤਾਰਾ ਸਿੰਘ ਜੀ ਸ਼ਹੀਦ', 'ਵੱਡਾ ਘਲੂਘਾਰਾ' ਆਦਿ ਤੋਂ ਪਤਾ ਲਗਦਾ ਹੈ। ਭਾਈ ਸਾਹਿਬ ਨੇ ਸਿੱਖਾਂ ਦੇ ਨਵੀਨ ਇਤਿਹਾਸ ਨੂੰ ਵੀ ਅਣਛੋਹਿਆ ਨਹੀਂ ਰਹਿਣ ਦਿੱਤਾ, ਜਿਵੇਂ ਕਿ ਉਨ੍ਹਾਂ ਦੇ 'ਸਾਰਾਗੜ੍ਹੀ' ਦੇ ਟਰੈਕਟ ਤੋਂ ਪਤਾ ਲਗਦਾ ਹੈ। ਟਰੈਕਟ ਲਿਖਣ ਲਗਿਆ ਭਾਈ ਸਾਹਿਬ ਨੇ ਪਿੰਡਾਂ ਵਿਚ ਵਸਦੇ ਕਬੀਲਿਆਂ, ਜਾਤਾਂ ਅਤੇ ਗੋਤਾਂ ਦਾ ਸੋਹਣਾ ਹਾਲ ਲਿਖਿਆ ਹੈ। ਇਹ ਹਾਲ ਲਿਖਣ ਲਗਿਆਂ ਉਨ੍ਹਾਂ ਬਹੁਤ ਇਤਿਹਾਸਕ ਸੂਝ ਵਿਖਾਈ ਹੈ ਅਤੇ ਇਕ ਇਤਿਹਾਸ ਖੋਜਕਾਰ ਦਾ ਕੰਮ ਕੀਤਾ ਹੈ। ਤਾਰਾ ਸਿੰਘ ਜੀ ਸ਼ਹੀਦ ਦਾ ਟਰੈਕਟ ਇਸ ਤਰ੍ਹਾਂ ਅਰੰਭ ਹੁੰਦਾ ਹੈ :-

"ਮਾਝੇ ਵਿਚ 'ਡੱਲਾ' ਅਤੇ 'ਵਾਂ' ਉੱਘੇ ਪਿੰਡ ਹਨ, ਜਿਥੇ ਬੁਟਰ ਜੱਟਾਂ ਦੀ ਵਸੋਂ ਸੀ। ਪਰ ਉਨ੍ਹਾਂ ਤੋਂ ਮਗਰੋਂ ਇਹ ਪਿੰਡ ਖਤਰੀਆਂ ਦੇ ਹੱਥ ਆ ਗਿਆ। ਜਦ ਇਹ ਵੀ ਕਮਜ਼ੋਰ ਹੋ ਗਏ ਤਾਂ ਈਚੋਗਿਲ ਦੇ ਬੁਟਰਾਂ ਨੇ ਇਹ ਪਿੰਡ ਆ ਸਾਂਭਿਆ, ਸੋ ਉਦੋਂ ਦੇ ਇਹ ਹੀ ਮਾਲਕ ਰਹੇ। ਰਾਵੀ ਕੰਢੇ ਇਕ ਰਾਣੀਆਂ ਪਿੰਡ ਵਸਦਾ ਹੈ, ਜਿਸ ਦੇ ਪਾਸ ਹੀ ਦੂਜਾ ਪਿੰਡ ਈਚੋਗਿੱਲ ਵੀ ਕਦੇ ਉੱਘਾ ਸੀ। ਇਥੋਂ ਦੇ ਬੁਟਰ ਜੱਟਾਂ ਨੇ ਜਦ 'ਵਾਂ' ਪਿੰਡ ਵੀ ਸਾਂਭ ਬੈਠੇ। ਇਹ ਦੋਵੇਂ ਪਿੰਡ ਲਾਗੇ ਲਾਗੇ ਹੀ ਹਨ ਇਸ ਲਈ ਆਮ ਆਦਮੀ ਡਲਵਾਂ ਇਕ ਹੀ ਨਾ ਆਖਦੇ ਹਨ। 'ਵਾਂ' ਪਿੰਡ ਦੀਆਂ ਪਤੀਆਂ ਵਿਚੋਂ ਇਕ ਤੋਲੇ ਦੀ ਪਤੀ ਹੈ ਜਿਸ ਵਿਚ 'ਚੁਘ' ਨਾਮੇ ਜ਼ਿਮੀਦਾਰ ਹੋਇਆ ਹੈ। ਇਸ ਦੇ ਤਿੰਨ ਪੁਤਰ ਸਨ—ਮਾਹੀ, ਜੈਤਾ ਅਤੇ ਗੁਰਦਾਸ। ਇਸ ਦੇ ਛੋਟੇ ਪੁੱਤਰ ਗੁਰਦਾਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਛਕ ਕੇ ਸਿੰਘਾਂ ਦਾ ਸਾਥ ਦਿੱਤਾ ਅਤੇ ਬੰਦੇ ਬਹਾਦਰ ਦੇ ਸਮੇਂ ਜਦ ਮਾਝੇ ਵਿਚ ਰਾਮ ਰੋਲਾ ਪਿਆ ਤਾਂ ਗੁਰਦਾਸ ਸਿੰਘ ਨੇ ਉਸ ਸਮੇਂ ਦੀਆਂ ਲੜਾਈਆਂ ਵਿਚ ਬਹੁਤ ਸਾਰਾ ਹਿੱਸਾ ਲਿਆ। ਗੁਰੂ ਜੀ ਨੇ ਆਪ ਨੂੰ ਪੰਜ ਪੁੱਤਰ ਬਖ਼ਸ਼ੇ :- ਤਾਰਾ ਸਿੰਘ, ਭਾਗ ਸਿੰਘ, ਸੰਗਤ ਸਿੰਘ, ਨਥੂ ਸਿੰਘ ਅਤੇ ਕਥੂ ਸਿੰਘ।"

ਭਾਈ ਸਾਹਿਬ ਵੀਰ ਸਿੰਘ ਜੀ ਨੇ 1899 ਵਿਚ ਖ਼ਾਲਸਾ ਸਮਾਚਾਰ ਸਪਤਾਹਕ ਪੱਤਰ ਜਾਰੀ ਕੀਤਾ। ਇਸ ਵਿਚ ਭਾਈ ਸਾਹਿਬ ਕਦੀ ਕਦੀ ਪੁਰਾਤਨ ਸਿੱਖਾਂ ਦੇ ਪ੍ਰਸੰਗ ਛਾਪਦੇ ਰਹਿੰਦੇ ਸਨ। ਇਹ ਪ੍ਰਸੰਗ ਕਵਿਤਾ ਵਿਚ ਹੁੰਦੇ ਸਨ ਪਿਛੋਂ ਜੋ 'ਗੁਰੂ ਸਿੱਖ ਵਾੜੀ' ਨਾਮੀ ਪੁਸਤਕ ਦੇ ਰੂਪ ਵਿਚ ਸਾਡੇ ਸਾਮਹਣੇ ਆਏ ਹਨ। ਇਸ ਪੁਸਤਕ ਵਿਚ ਪੰਜਾਹ ਕੁ ਉਨ੍ਹਾਂ ਸਿੱਖਾਂ ਦੇ ਪ੍ਰਸੰਗ ਹਨ ਜੋ ਦਸਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਪਿੱਛੋਂ ਦੇ ਹਨ। ਭਾਵੇਂ ਇਨ੍ਹਾਂ ਪ੍ਰਸੰਗਾਂ ਦਾ ਮੁੱਢਲਾ ਮਨੋਰਥ ਸਿੱਖੀ ਪਰਚਾਰ ਸੀ ਪਰ ਇਨ੍ਹਾਂ ਪ੍ਰਸੰਗਾਂ ਦੇ ਉਥਾਨਕੇ ਕਿਧਰੇ ਕਿਧਰੇ ਦਿਤੇ ਹਨ ਜੋ ਉਸ ਸਮੇਂ ਦਾ ਇਤਿਹਾਸ ਦਸਦੇ ਹਨ ਅਤੇ ਲੇਖਕ ਦੀ ਇਤਿਹਾਸ ਸਮਗਰੀ ਇਕੱਤਰ ਕਰਨ ਦੀ ਅਦੁੱਤੀ ਸੂਝ ਦੇ ਸੂਚਕ ਹਨ। 'ਰਾਣੀ ਝਾਲਾ ਕੌਰ' ਦਾ ਪ੍ਰਸੰਗ ਇਸ ਤਰ੍ਹਾਂ ਅਰੰਭ ਹੁੰਦਾ ਹੈ:- "ਸਰਹਾਲੀ (ਮੌਜੂਦਾ ਜ਼ਿਲ੍ਹਾ ਤਰਨਤਾਰਨ) ਦਾ ਚੌਧਰੀ ਕੇਸਰੂ ਮਲ ਚਾਰ ਹਜ਼ਾਰੀ ਜਿਸ ਨੂੰ ਰਾਜੇ ਦਾ ਖ਼ਿਤਾਬ ਸੀ, ਸਰਵਰ ਦੀ ਪੂਜਾ ਛਡ ਕੇ ਇਸਤ੍ਰੀ ਅਤੇ ਪੁੱਤਰ ਸਣੇ ਸਿੰਘ (ਮੱਲ ਸਿੰਘ) ਸੱਜ ਗਿਆ ਸੀ। ਅਰ ਦਸ਼ਮੇਸ਼ ਜੀ ਦੇ ਜੰਗਾਂ ਵਿਚ ਹਿੱਸਾ ਲੈਂਦਾ ਰਿਹਾ ਸੀ। ਉਸ ਦੀ ਵਹੁਟੀ ਜਿਸ ਨੂੰ ਰਾਣੀ ਕਰਕੇ ਕਹਿੰਦੇ ਸੀ, 'ਝਾਲਾ ਕੌਰ' ਬੜੀ ਸਿਦਕ ਵਾਲੀ ਸੀ। ਉਸ ਦੇ ਸਿਦਕ ਦੀ ਵੰਨਗੀ ਇਹ ਹੈ (ਅਗੇ ਕਵਿਤਾ ਹੈ)[1]"

'ਗੁਰ-ਸਿੱਖ-ਵਾੜੀ' ਵਿਚ ਕਈ ਰਵਾਇਤਾਂ ਨੇ ਪਹਿਲੀ ਵਾਰੀ ਲਿਖਤੀ ਰੂਪ ਧਾਰਿਆ ਹੈ ਜਿਵੇਂ ਕਿ 'ਪ੍ਰਸੰਗ ਭਾਈ ਸੁਜਾਨ ਸਿੰਘ ਜੀ' ਦੀ ਉਥਾਨਕਾ ਵਿਚ ਲਿਖਿਆ ਹੈ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਬਾ ਮਾਲੀ ਸਿੰਘ ਜੀ ਨੇ ਅੰਮ੍ਰਿਤ ਛਕਿਆ। ਬਾਬਾ ਜੀ ਬੜੇ ਸਿਦਕੀ ਤੇ ਜਪੀ ਤਪੀ ਸਿੰਘ 110 ਵਰ੍ਹੇ ਦੇ ਹੋ ਕੇ ਚੜ੍ਹੇ। ਆਪ ਨੇ ਅਨਗਿਣਤਾਂ ਨੂੰ ਅੰਮ੍ਰਿਤ ਛਕਾਇਆ ਜਿਨ੍ਹਾਂ ਵਿਚੋਂ ਇਕ ਸਿੰਘ ਸੌ ਕੁ ਵਰ੍ਹੇ ਦੇ ਹੋ ਕੇ ਚੜ੍ਹੇ। ਹੇਠ ਲਿਖਿਆ ਪ੍ਰਸੰਗ ਆਪ ਨੇ

1. ਰਿਲੀਜਨ ਆਫ਼ ਦੀ ਸਿਖਸ, ਸੁਸ਼ੀਲ ਗੁਪਤਾ (ਇੰਡੀਆ) ਪ੍ਰਾਈਵੇਟ ਲਿਮੇਟਿਡ 1958 ਸਫ਼ਾ 85.
2. ਸੁੰਦਰੀ ਕਾਂਡ ਤੇਰਵਾਂ
3. ਸਤਵੰਤ ਕੌਰ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1969, ਕਾਂਡ 20, ਪੰਨਾ 200.

1. ਗੁਰ ਸਿੱਖ ਵਾੜੀ—ਖ਼ਾਲਸਾ ਟਰੈਕਟ ਸੋਸਾਇਟੀ, ਅੰਮ੍ਰਿਤਸਰ, 1959, ਪੰਨਾ 245.

ਬਾਬਾ ਜੀ ਤੋਂ ਸੁਣਿਆ ਸੀ ਤੇ ਆਪ ਨੇ ਅਗੇ ਸੁਣਾਇਆ। ਇਨ੍ਹਾਂ ਨੂੰ ਚੜ੍ਹਾਈ ਕੀਤਿਆਂ 25 ਕੁ ਬਰਸ ਹੋਏ ਹਨ (ਇਹ ਲੇਖ 1903 ਈਸਵੀ ਦੀ ਲਿਖਤ ਹੈ।) ਇਹ ਪ੍ਰਸੰਗ ਇਸ ਤਰ੍ਹਾਂ ਸਾਡੇ ਪਾਸ ਪਹੁੰਚਾ ਹੈ। ਪੁਸਤਕਾਂ ਵਿੱਚ ਨਹੀਂ ਲਿਖਿਆ।"[2]

ਇਤਿਹਾਸਕ ਖੋਜ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਜੀ ਦਾ ਸਭ ਤੋਂ ਉਤਮ ਕੰਮ ਇਤਿਹਾਸ ਦੇ ਸੋਮਿਆਂ ਨੂੰ ਸੰਪਾਦਨ ਕਰ ਕੇ ਛਾਪਣਾ ਸੀ। ਪੁਰਾਤਨ ਹੱਥ-ਲਿਖਤੀ ਖਰੜਿਆਂ ਦੀ ਭਾਲ ਦਾ ਆਪ ਨੂੰ ਬਹੁਤ ਸ਼ੌਕ ਸੀ ਅਤੇ ਸਦਾ ਪੁਰਾਤਨ ਹੱਥ-ਲਿਖਤਾਂ ਬਾਰੇ ਪੁਛ-ਪੜਤਾਲ ਕਰਦੇ ਰਹਿੰਦੇ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ-ਵਿਭਾਗ ਵਿਚ ਸੁਰਖਿਅਤ ਹੱਥ-ਲਿਖਤਾਂ ਵਿਚੋਂ ਕਈ ਭਾਈ ਸਾਹਿਬ ਕੋਲ ਸੁਰਖਿਅਤ ਹੱਥ-ਲਿਖਤਾਂ ਦੀਆਂ ਨਕਲਾਂ ਹਨ। ਇਨ੍ਹਾਂ ਹੱਥ-ਲਿਖਤ ਖਰੜਿਆਂ ਵਿਚੋਂ ਬਹੁਤ ਸਾਰਿਆਂ ਨੂੰ ਭਾਈ ਸਾਹਿਬ ਨੇ ਆਪ ਹੀ ਸੰਪਦਾਨ ਕਰ ਕੇ ਛਪਵਾਇਆ ਹੈ। ਆਪ ਨੇ ਸੰਪਾਦਨ ਦਾ ਕੰਮ ਵੀ ਬੜੀ ਸੂਝ ਨਾਲ ਕੀਤਾ ਹੈ। 'ਪੁਰਾਤਨ ਜਨਮਸਾਖੀ' ਦੇ ਸੰਪਾਦਨ ਵੇਲੇ ਆਪ ਨੇ ਤਿੰਨ ਜਨਮਸਾਖੀਆਂ ਨੂੰ ਇਕੱਠਾ ਕੀਤਾ ਹੈ। ਆਪ ਪੁਰਾਤਨ ਜਨਮ ਸਾਖੀ ਦੀ ਭੂਮਿਕਾ ਵਿਚ ਲਿਖਦੇ ਹਨ :-

"ਵਲੈਤ ਵਾਲੀ ਜਨਮਸਾਖੀ ਦਾ ਫ਼ੋਟੋ ਦਾ ਨੁਸਖਾ, ਹਾਫ਼ਜ਼ਾਬਾਦੀ ਨੁਸਖੇ ਦਾ ਪੱਥਰ ਦੇ ਛਾਪੇ ਦਾ ਨੁਸਖ਼ਾ ਜੋ ਮਿਸਟਰ ਮੈਕਾਲਿਫ਼ ਵਾਲਾ ਪ੍ਰਸਿਧ ਹੈ ਤੇ ਸਿੰਘ ਸਭਾ ਲਾਹੌਰ ਦੇ ਛਾਪੇ ਦਾ ਨੁਸਖ਼ਾ ਤ੍ਰੈਆਂ ਦਾ ਮੁਕਾਬਲਾ ਕਰ ਕੇ ਇਹ ਉਤਾਰਾ ਤਿਆਰ ਹੋਇਆ ਹੈ।"

ਇਸੇ ਤਰ੍ਹਾਂ 'ਪੰਥ-ਪ੍ਰਕਾਸ਼—ਰਤਨ ਸਿੰਘ' ਦੀ ਭੂਮਿਕਾ ਵਿਚ ਲਿਖਦੇ ਹਨ, "ਇਸ ਦੀ ਕਾਵਯ ਦੀ ਕੂਤ ਤਾਂ ਬਹੁਤੀ ਨਹੀਂ, ਸਿਧੇ ਪਧਰੇ, ਅਕਸਰ ਪਿੰਗਲ ਤੋਂ ਸੁਤੰਤਰ ਤੋਲ ਮਾਪ ਵਰਤੇ ਹਨ, ਪਰ ਇਤਿਹਾਸਕਾਰਾਂ ਨਾਲ ਮਿਲਦੇ ਹਨ, ਦਰੁਸਤ ਹਨ, ਹਾਲਾਤ ਲਿਖਣ ਵਿਚ ਸਚਾਈ ਵਰਤੀ ਹੈ ਅਰ ਨਿਰਾ ਕਾਵਯ ਵਾਲਾ ਮੁਬਾਲਗੇ ਦਾ ਰੰਗ ਇਤਨਾ ਘਟ ਦਿੱਤਾ ਹੈ ਕਿ ਇਤਿਹਾਸਕ ਕੂਤ ਸੁੱਚੀ ਰਹੀ ਹੈ। ਇਸ ਵਿਚ ਭਾਈ ਸਾਹਿਬ ਨੇ ਕਵਿਤਾ ਦੇ ਰੰਗ ਅਤੇ ਇਤਿਹਾਸਕ ਸਚਾਈ ਦੀ ਸੂਝ ਦਾ ਕਿੰਨਾ ਸੋਹਣਾ ਸਪਸ਼ਟੀਕਰਣ ਕੀਤਾ ਹੈ। ਆਪ ਜਿਥੇ ਉੱਚ ਕੋਟੀ ਦੇ ਕਵੀ ਸਨ, ਉਥੇ ਆਪ ਡੂੰਘੀ ਇਤਿਹਾਸਕ ਸੂਝ ਦੇ ਵੀ ਮਾਲਕ ਸਨ।"

ਇਤਿਹਾਸਕ ਜਾਣਕਾਰੀ ਦੇ ਸੋਮਿਆਂ ਨੂੰ ਸੰਪਾਦਨ ਕਰਨ ਦੇ ਖੇਤਰ ਵਿਚ ਸਭ ਤੋਂ ਮਹਾਨ ਕੰਮ ਗੁਰ-ਇਤਿਹਾਸ ਦੇ ਸਭ ਤੋਂ ਉੱਘੇ ਅਤੇ ਮਹਾਨ ਗ੍ਰੰਥ ਸੂਰਜ-ਪ੍ਰਕਾਸ਼ ਦਾ ਸੰਪਾਦਨ ਕਰਨਾ ਸੀ। ਇਸ ਮਹਾਨ ਗ੍ਰੰਥ ਨੂੰ ਸੰਪਾਦਨ ਕਰਨ ਤੋਂ ਪਹਿਲਾਂ ਆਪ ਨੇ ਪ੍ਰਸਤਾਵਨਾ ਪੋਥੀ ਵਿਚ ਕਵੀ ਸੰਤੋਖ ਸਿੰਘ ਜੀ ਦੇ ਜੀਵਨ ਸਬੰਧੀ ਖੋਜ ਕਰ ਕੇ ਲਿਖਿਆ ਹੈ। ਆਪ ਦੀ ਇਸ ਸਬੰਧ ਵਿਚ ਇਤਿਹਾਸਕ ਖੋਜ ਦਾ ਅਨੁਮਾਨ ਨਿਮਨ ਟੂਕ ਤੋਂ ਲਗਦਾ ਹੈ :-

'ਸਢੌਰੇ ਦੇ ਕੋਲ ਜੇ ਵੱਡਾ ਸਰਦਾਰ ਘਰਾਣਾ ਉਸ ਸਮੇਂ ਦਾ ਲਭੀਏ ਤਾਂ ਬੂੜੀਏ ਦਾ ਹੀ ਮਤਲਬ ਹੈ। ਬੂੜੀਏ ਨੂੰ ਸਮਝਣ ਵਾਸਤੇ ਜ਼ਰਾ ਕੁ ਵਿਸਥਾਰ ਦੀ ਲੋੜ ਹੈ। ਬੂੜੀਆ ਅਸਲ ਵਿਚ ਕੋਲੋ ਕੋਲ ਵਸਦੀਆਂ 4 ਵਸਤੀਆਂ ਦਾ ਨਾਮ ਸੀ। 1863-4 ਈਸਵੀ ਦੀ ਆਰਕਾਯੋਲਾਜੀਕਲ ਰੀਪੋਰਟ ਵਿਚ ਕਨਿੰਘਮ ਨੇ 3875 ਘਰ ਦਸੇ ਹਨ। 3500 ਬੂੜੀਏ ਵਿਚ, 150 ਘਰ ਦਿਆਲਗੜ੍ਹ ਵਿਚ, 100 ਮੰਡਲਪੁਰ ਤੇ 125 ਸੁੱਘ ਵਿਚ। ਪਰ ਹੁਣ ਦਿਆਲਗੜ੍ਹ ਵਿਚ ਇਕ ਹਵੇਲੀ ਜਹੀ ਬਾਕੀ ਹੈ ਤੇ ਬੂੜੀਏ ਵਿਚ ਤ੍ਰੈ ਚਾਰ ਸੌ ਘਰ। ਬਾਕੀ ਵੈਰਾਨ ਹੋ ਗਏ ਹਨ। ਕਵੀ ਜੀ ਦੇ ਸਮੇਂ, ਜੋ ਉਪਰਲੀ ਰੀਪੋਰਟ ਤੋਂ ਪਹਿਲਾਂ ਦਾ ਸਮਾਂ ਹੈ, ਪਤਾ ਨਹੀਂ ਕੀ ਹਾਲ ਸੀ। ਪਰ ਤਦੋਂ ਇਹ ਇਸ ਤੋਂ ਵੀ ਚੰਗੀ ਵਸੋਂ ਦੇ ਟਿਕਾਣੇ ਸਨ। ਹੁਣ ਇਹ ਉਜੜ ਕੇ ਜਗਾਧਰੀ ਵਡੀ ਹੋ ਗਈ ਹੈ। ਤਦੋਂ ਬੂੜੀਆਂ ਇਕ ਰਿਆਸਤ ਸੀ ਤੇ ਦਯਾਲਗੜ੍ਹ ਇੱਕ ਵਡੀ ਭਾਰੀ ਸਰਦਾਰੀ ਸੀ। ਬੂੜੀਏ ਦੇ ਐਸ਼ਵਰਜ ਦੀ ਗੱਲ ਹੁਣ ਤਕ ਉਥੇ ਦਸੀਦੀ ਹੈ ਕਿ ਨਾਹਣ ਵਾਲੇ ਬੂੜੀਏ ਨੂੰ ਘੋੜਾ ਤੇ ਬਾਜ਼ ਹਰ ਸਾਲ ਘਲਿਆ ਕਰਦੇ ਸਨ।[1]

ਭਾਈ ਵੀਰ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਦਾ ਚੌਦਾਂ ਜਿਲਦਾਂ ਵਿਚ ਸੰਪਾਦਨ ਕਰ ਕੇ ਕਈ ਇਤਿਹਾਸਕ ਭੁਲੇਖੇ ਦੂਰ ਕੀਤੇ ਹਨ। ਆਪ ਨੇ ਕਈ ਥਾਵਾਂ ਤੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਇਤਿਹਾਸਕ ਖੋਜ ਕਰ ਕੇ ਟੂਕਾਂ ਦਿੱਤੀਆਂ ਹਨ। ਕਈ ਥਾਵਾਂ ਤੇ ਇਨ੍ਹਾਂ ਟੂਕਾਂ ਦਾ ਆਧਾਰ ਮੁਸਲਮਾਨਾਂ ਦੇ ਸਮਕਾਲੀ ਇਤਿਹਾਸ ਹਨ। 'ਸੂਰਜ ਪ੍ਰਕਾਸ਼' ਨੂੰ ਸੰਪਾਦਨ ਕਰਦਿਆਂ ਆਪ ਨੇ ਕਈਆਂ ਥਾਵਾਂ ਤੇ ਫ਼ੁਟ ਨੋਟਾਂ ਰਾਹੀਂ ਵਾਕਿਆਤ ਤੇ ਖੋਜ-ਭਰਪੂਰ ਅਤੇ ਨਵੀਂ ਰੋਸ਼ਨੀ ਪਾਈ ਹੈ। ਇਸ ਪ੍ਰਕਾਰ ਦੇ ਨੋਟਾਂ ਦੀਆਂ ਕਈ ਵੰਨਗੀਆਂ ਦਿਤੀਆਂ ਜਾ ਸਕਦੀਆਂ ਹਨ। ਭਾਈ ਸਾਹਿਬ ਦਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੇ ਨੋਟ ਇਸ ਪ੍ਰਕਾਰ ਦੀ ਇਕ ਵੰਨਗੀ ਹੈ, ਜਿਸ ਤੋਂ ਭਾਈ ਸਾਹਿਬ ਦੀ ਇਤਿਹਾਸਕ ਸੂਝ ਅਤੇ ਖੋਜ ਦਾ ਪਤਾ ਲਗਦਾ ਹੈ। ਇਹ ਨੋਟ ਬਹੁਤ ਲੰਮਾ ਹੈ। ਥੋੜ੍ਹਾ ਹਿੱਸਾ ਇਥੇ ਦਿਤਾ ਜਾਂਦਾ ਹੈ—

"ਫਿਰ ਪਾਤਸ਼ਾਹ ਲਿਖਦਾ ਹੈ ਕਿ 16 ਤਰੀਕ ਜ਼ੀਉਲਜ (ਮੁਤਾਬਕ 15 ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, 17 ਜ਼ੀ: (ਮੁਤਾ: 16 ਅਪ੍ਰੈਲ) ਦੀ ਸਵੇਰੇ ਸੁਲਤਾਨਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁੱਜਾ। ਏਥੇ ਖ਼ਬਰ ਮਿਲੀ ਕਿ ਖੁਸਰੋ ਤੇ ਫ਼ਤਹ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। 28 ਜ਼ੀ: (17 ਅਪ੍ਰੈਲ) ਨੂੰ

2. ਗੁਰ-ਸਿੱਖ-ਵਾੜੀ—ਖ਼ਾਲਸਾ ਟਰੈਕਟ ਸੋਸਾਇਟੀ, ਅੰਮ੍ਰਿਤਸਰ, 1959, ਪ੍ਰਸੰਗ ਭਾਈ ਸੁਜਾਨ ਸਿੰਘ, ਪੰਨਾ 1911.

1. ਗੁਰ ਪ੍ਰਤਾਪ ਸੂਜ ਗ੍ਰੰਥਾਵਲੀ (ਪ੍ਰਸਤਾਵਨਾ ਪੋਥੀ), ਜਿਲਦ ਪਹਿਲੀ, ਖ਼ਾਲਸਾ-ਸਮਾਚਾਰ, ਅੰਮ੍ਰਿਤਸਰ, ਤੀਜੀ ਛਾਪ, ਪੰਨਾ 94।

ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ 7 ਕੋਹ ਉਰੇ ਹੈ। 17 ਤੋਂ 28, ਗੋਯਾ ਲਗ ਪਗ 12 ਦਿਨ ਮਾਝੇ ਵਿਚ ਰਹਿ ਕੇ ਪਾਤਸ਼ਾਹ ਨੂੰ ਭੌਜਿਆ ਜਾਂਦਿਆਂ ਮਿਲਦੀਆਂ ਰਹੀਆਂ, ਹੁਣ 12 ਦਿਨ ਮਾਝੇ ਵਿਚ ਰਹਿ ਕੇ ਪਾਤਸ਼ਾਹ ਨੂੰ ਕਿਉਂ ਖ਼ਬਰ ਨਾ ਮਿਲੀ? ਇਹ ਹੋ ਨਹੀਂ ਸਕਦਾ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖ਼ਬਰ ਨਾ ਮਿਲਦੀ। ਪਾਤਸ਼ਾਹ ਦੇ ਸ਼ੂਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ-ਖ਼ੋਰ ਚੱਪੇ-ਚੱਪੇ ਭਰੇ ਪਏ ਸਨ। ਜਿਸ ਦਿਨ ਖ਼ੁਸਰੋ ਨੱਸਾ ਹੈ, ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖ਼ੁਸਰੋ ਬਾਬਤ ਖ਼ਬਰਾਂ ਲੈਣ ਤੇ ਉਸ ਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਵੀ ਗੁਰੂ ਜੀ ਦੀ ਖ਼ਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨਪੁਰ, ਗੋਇੰਦਵਾਲ ਤੇ 12 ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖ਼ਬਰ ਨਾ ਮਿਲਦੀ।"

"29 ਜ਼ੀ: (28 ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰ ਕੇ ਮਿਰਜ਼ਾ ਕਾਮਰਾਨ ਦੇ ਬਾਗ਼ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖ਼ੁਸਰੋ ਦੇ ਹਾਰ ਖਾ ਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖ਼ਬਰ ਪੁੱਜੀ ਤੇ ਚੌਥੇ ਦਿਨ ਅਰਥਾਤ 3 ਮੁਹਰੱਮ (1 ਮਈ) ਨੂੰ ਖ਼ੁਸਰੋ ਗ੍ਰਿਫਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸ ਵੇਲੇ ਖ਼ੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖ਼ੁਸਰੋ ਦੀ ਫ਼ੌਜ ਦੇ ਆਦਮੀ, ਜੋ ਗ੍ਰਿਫਤਾਰ ਸਨ, ਸੂਲੀ ਦਿੱਤੇ ਗਏ (ਅਲਫ਼ਿਨਸਨਟੋਨ 700 ਲਿਖਦਾ ਹੈ) ਪਾਤਸ਼ਾਹ 9 ਮੁਹੱਰਮ (7 ਮਈ) ਤਕ ਕਾਮਰਾਨ ਦੇ ਬਾਗ਼ ਵਿਚ ਰਿਹਾ। ਜੋ ਜੋ ਲੋਕ ਅਪਰਾਧੀ ਸਮਝੇ ਗਏ, ਸਜ਼ਾਵਾਂ ਪਾ ਗਏ, ਜਿਨ੍ਹਾਂ ਖ਼ਿਦਮਤਾਂ ਕੀਤੀਆਂ ਸਨ ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਇਆ। ਗੋਇਆ ਇਸ ਤਾਰੀਖ਼ ਨੂੰ ਖ਼ੁਸਰੋ ਦਾ ਮਾਮਲਾ ਮੁੱਕ ਚੁੱਕ ਗਿਆ, ਦੋਸ਼ੀ ਡੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖ਼ੁਸਰੋ ਨੂੰ ਮਿਲਣ ਦੀ ਗੱਲ ਅਜੇ ਵੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗੱਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫ਼ਤਾਰ ਹੋ ਗਏ ਸਨ, ਉਹਨਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇ ਕੇ ਯਾ ਲਾਲਚ ਪੇਸ਼ ਕਰ ਕੇ ਖ਼ੁਸਰੋ ਦੇ ਪੱਧੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਵੀ ਨਾ ਮਿਲੀ, ਜੋ, ਸਾਰੇ ਖ਼ੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖ਼ੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ 9 ਤੋਂ ਬਾਅਦ 22 ਤਾਰੀਖ਼ ਤਕ 13 ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁੱਕੇ ਨੂੰ 13 ਕੁ ਦਿਨ ਹੋਰ ਉਪਰ ਲੰਘ ਗਏ ਹਨ। 22 ਤਾਰੀਖ਼ ਮੁਹੱਰਮ (20 ਮਈ) ਤੋਂ ਬਾਦ ਕਿਸੇ ਦਿਨ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖ਼ਬਰ ਮਿਲਦੀ ਹੈ। (ਗੁਰੂ ਸਾਹਿਬ ਦੀ ਸ਼ਹਾਦਤ 29 ਮਈ ਨੂੰ ਹੈ, ਤ੍ਰੈ ਚਾਰ ਦਿਨ ਦੇ ਤਸੀਹੇ ਹਨ। ਇਕ ਅੱਧ ਦਿਨ ਪਹਿਲੇ ਖ਼ਬਰ ਮਿਲੀ ਹੋਸੀ। ਸੌ 24 ਯਾ 25 ਮਈ ਦੇ ਕਰੀਬ ਖ਼ਬਰ ਮਿਲੀ)। ਹੁਣ ਵੀਚਾਰ ਕਰ ਲਓ ਕਿ ਵਾਕਿਆਤ ਦੀਆਂ ਤਾਰੀਖ਼ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗੱਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਵੀ 13 ਦਿਨ ਮਗਰੋਂ ਅਚਾਨਕ ਇਹ ਖ਼ਬਰ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਸ ਘੜੀ ਤੇ ਤੁਅੱਸਬ-ਭਰੇ ਅਫ਼ਸਰਾਂ ਦੇ ਰਾਹੀਂ ਪਹੁੰਚਾਈ। ਬਾਦਸ਼ਾਹ ਆਪ ਮੰਨਦਾ ਹੈ ਕਿ ਉਹ ਅਗੇ ਹੀ ਤੁਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿੱਤੀ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰੁਲਾਉਣੀ ਹੈ ਤੇ ਫਿਰ ਹਰ ਸਫੁਟ ਸਹੀ ਹੋ ਜਾਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤੁਅੱਲਕ ਖ਼ੁਸਰੋ ਦੇ ਮਾਮਲੇ ਨਾਲ ਨਹੀਂ ਸੀ।[1]

1. **ਸੂਰਜ ਪ੍ਰਕਾਸ਼ ਜਿਲਦ 7ਵੀਂ, ਪੰਨਾ 2381-82, ਰਾਸ 4, ਅੰਸੂ 371**

## ਕਿੱਕਰ

ਕਿੱਕਰ ਦਾ ਅਟੰਕ ਰਹਿਣ ਵਾਲਾ ਬ੍ਰਿਛ ਆਪਣੇ ਦਿਲ ਤਰੰਗ ਮਾਨੋ ਇਉਂ ਕਹਿੰਦਾ ਹੈ:-

ਕੱਢ ਸਿਰੀ ਉਪਰ ਨੂੰ ਟੁਰਿਆ
ਵੱਲ ਅਕਾਸ਼ਾਂ ਜਾਵਾਂ,
ਉਪਰ ਨੂੰ ਤੱਕਾਂ ਰਬ ਵੰਨੇ
ਝਾਤਿ ਨ ਹੋਰਥੇ ਪਾਵਾਂ।
ਸ਼ਹਿਰ ਗਿਰਾ ਮਹਿਲ ਨਹੀਂ ਮਾੜੀ
ਕੁੱਲੀ ਢੋਕ ਨ ਭਾਲਾਂ,
ਮੀਂਹ ਹਨੇਰੀ ਗੜੇ ਧੁੱਪ ਵਿਚ
ਨੰਗੇ ਸਿਰ ਦਿਨ ਘਾਲਾਂ।
ਲੋ ਅਰਸ਼ਾਂ ਦੇ ਵਾਲੀ ਵੰਨੇ
ਹੋਰ ਲਾਲਸਾ ਨਾਹੀਂ,
ਗਿੱਠ ਥਾਉਂ ਧਰਤੀ ਤੋਂ ਲੀਤੀ
ਵਧਾਂ, ਟਿਕਾਂ, ਇਸ ਮਾਹੀਂ।
ਫੁੱਲਾਂ, ਫਲਾਂ, ਖਿੜਾਂ ਰਸ ਚੋਵਾਂ
ਰਹਿ ਅਛੋਤ ਟੁਰ ਜਾਵਾਂ,
ਕੁੱਲੀ, ਗੁੱਲੀ, ਜੁੱਲੀ ਦੁਨੀਆਂ।
ਬਿਨ ਮੰਗੇ ਮਰ ਜਾਵਾਂ।
ਮੀਂਹ ਦਾ ਪੀਵਾਂ ਪਾਣੀ ਦੁਨੀਆਂ
ਪੌਣ ਭੱਖ ਕੇ ਜੀਵਾਂ,
ਸਦੀਆਂ ਤੋਂ ਇਸਥਿਤ ਮੈਂ ਜੋਗੀ
ਸਦੀਆਂ ਇਵੇਂ ਟਿਕੀਵਾਂ।
ਛੇੜਾਂ ਛੇੜ ਕਰਾਵਾਂ ਨਾਹੀਂ
ਹਾਂ ਵਿਰਕਤ ਨਿਰਗੁਨੀਆ,
ਮੇਰੇ ਜੋਗਾ ਬੀ ਤੈ ਪੱਲੇ,
ਹਾਇ, ਕੁਹਾੜਾ, ਦੁਨੀਆਂ।

*(ਲਹਿਰ ਹੁਲਾਰੇ)*

# ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਿੱਖ ਪ੍ਰਸੰਗ

***ਡਾ. ਬਲਕਾਰ ਸਿੰਘ****

ਇਹ ਸਿਰਲੇਖ "ਨਾਵਲਾਂ ਦਾ ਸਿੱਖ ਪ੍ਰਸੰਗ" ਆਪਣੇ ਆਪ ਵਿਚ ਇੱਛਤ-ਨਤੀਜਿਆਂ ਤੱਕ ਸੁੰਗੜਿਆ ਹੋਇਆ ਲਗਦਾ ਜ਼ਰੂਰ ਹੈ, ਪਰ ਇਸ ਨੂੰ ਇਸ ਤਰ੍ਹਾਂ ਸਮਝ ਕੇ ਹੋਰ ਸੁੰਗੇੜਣ ਦੀ ਲੋੜ ਨਹੀਂ ਹੈ। ਕਾਰਣ ਇਹ ਹੈ ਕਿ ਮੇਰੇ ਸਾਹਮਣੇ ਇਹ ਮਸਲਾ ਹੈ ਕਿ ਭਾਈ ਵੀਰ ਸਿੰਘ (5 ਦਸੰਬਰ 1872 ਤੋਂ 10 ਜੂਨ 1957 ਤੱਕ) ਦੇ ਨਾਵਲਾਂ ਦਾ ਊਰਜਾ-ਸ੍ਰੋਤ ਕੀ ਹੈ? ਇਹ ਸਿਰਲੇਖ ਇਸੇ ਸਵਾਲ ਦਾ ਸੰਖੇਪ ਉਤਰ ਹੈ। ਇਸੇ ਦਾ ਪ੍ਰਸੰਗਕ ਵਿਸਥਾਰ ਇਸ ਪਰਚੇ ਵਿਚ ਕੀਤਾ ਜਾਣਾ ਹੈ। ਭਾਈ ਸਾਹਿਬ ਪੰਜਾਬੀ ਸਾਹਿਤ ਦੇ ਆਧੁਨਿਕ ਯੁੱਗ ਦੇ ਮੋਢੀ ਲੇਖਕਾਂ ਵਿਚੋਂ ਮੰਨੇ ਜਾ ਚੁੱਕੇ ਹਨ। ਉਨ੍ਹਾਂ ਨੇ ਸਾਰੀਆਂ ਸਾਹਿਤਕ ਵਿਧਾਵਾਂ ਨੂੰ ਆਪਣੀਆਂ ਲਿਖਤਾਂ ਵਿਚ ਵਰਤਿਆ ਸੀ। ਬੇਸ਼ੱਕ ਉਨ੍ਹਾਂ ਨੂੰ ਵਧੇਰੇ ਮਾਨਤਾ ਕਵੀ ਵਜੋਂ ਹੀ ਦਿੱਤੀ ਜਾਂਦੀ ਰਹੀ ਹੈ, ਪਰ ਨਾਵਲਕਾਰ ਵਜੋਂ ਵੀ ਉਨਾਂ ਦੀ ਪੰਜਾਬੀ ਸਾਹਿਤ ਵਿਚ ਮੋਢੀ ਵਾਲੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਨਾਵਲਾਂ ਵਿਚ ਸੁੰਦਰੀ (1898), ਬਿਜੈ ਸਿੰਘ (1899), ਸਤਵੰਤ ਕੌਰ ਭਾਗ ਪਹਿਲਾ (1900) ਅਤੇ ਭਾਗ ਦੂਜਾ 1927 (ਇਸ ਵੇਲੇ ਦੋਵੇਂ ਇਕੱਠੇ ਮਿਲਦੇ ਹਨ)। ਸਤਵੰਤ ਕੌਰ ਦਾ ਭਾਗ ਦੂਜਾ ਲਿਖਣ ਤੋਂ ਪਹਿਲਾਂ ਬਾਬਾ ਨੌਧ ਸਿੰਘ (1921) ਲਿਖਿਆ ਜਾ ਚੁੱਕਾ ਸੀ। ਇਹ ਵੀ ਦੋ ਭਾਗਾਂ ਵਿਚ ਲਿਖਿਆ ਗਿਆ ਸੀ ਅਤੇ ਇਸ ਵੇਲੇ ਦੋਵੇਂ ਭਾਗ ਇਕੱਠੇ ਛਪੇ ਹੋਏ ਪ੍ਰਾਪਤ ਹਨ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਨਾਵਲਾਂ ਦੀ ਰਚਨਾ ਬਾਕੀ ਰਚਨਾਵਾਂ ਦੇ ਨਾਲ ਨਾਲ ਚਲਦੀ ਰਹਿੰਦੀ ਸੀ। ਲੇਖਕ ਵਜੋਂ ਜਿਸ ਤਰ੍ਹਾਂ ਦੀ ਛਬੀ ਭਾਈ ਸਾਹਿਬ ਦੀ ਪ੍ਰਾਪਤ ਹੈ, ਉਸ ਤੋਂ ਇਹ ਅੰਦਾਜ਼ਾ ਸਹਿਜ ਹੀ ਲਾਇਆਂ ਜਾ ਸਕਦਾ ਹੈ ਕਿ ਉਹ ਆਪਣੇ ਵਰਗੇ ਆਪ ਹੀ ਸਨ। ਸਿੱਖ ਭਾਈਚਾਰੇ ਦੇ ਅਮੀਰ ਸ਼ਹਿਰੀ ਵਰਗ ਨਾਲ ਉਨ੍ਹਾਂ ਦਾ ਸਬੰਧ ਸੀ। ਉਨ੍ਹਾਂ ਕੋਲ ਉਹ ਸਾਰੀਆਂ ਸਹੂਲਤਾਂ ਸਨ, ਜਿਹੜੀਆਂ ਸੰਭਵ ਹੋ ਸਕਦੀਆਂ ਸਨ। ਪਰ ਆਪਣੇ ਇਸ ਵਰਗ-ਯਥਾਰਥ ਨੂੰ ਉਨ੍ਹਾਂ ਨੇ ਆਪਣੀਆਂ ਲਿਖਤਾਂ ਉਤੇ ਅਸਰਅੰਦਾਜ਼ ਨਹੀਂ ਹੋਣ ਦਿੱਤਾ ਸੀ। ਉਨ੍ਹਾਂ ਦੇ ਨਾਵਲਾਂ ਦੇ ਵਿਸ਼ੇ ਆਮ ਸਿੱਖ ਨਾਲ ਜੁੜੇ ਹੋਏ ਹਨ। ਸੁੰਦਰੀ, ਅਮੀਰ ਮਾਂ ਬਾਪ ਦੀ ਬੇਟੀ ਹੈ ਅਤੇ ਇਹ ਨਾਵਲ ਦੀ ਲੋੜ ਨਾਲ ਜੁੜੀ ਹੋਈ ਹੈ। ਇਕ ਪਾਸੇ ਨਾਵਲ ਵਿਚ ਇਹ ਦੱਸਿਆ ਜਾ ਰਿਹਾ ਹੈ ਕਿ ਅਮੀਰੀ, ਦਾਅ ਤੇ ਲੱਗੀ ਹੋਈ ਇੱਜ਼ਤ ਆਬਰੂ ਨੂੰ ਬਚਾਉਣ ਵਾਸਤੇ ਸਹਾਇਕ ਸਾਬਤ ਨਹੀਂ ਹੁੰਦੀ। ਦੂਜੇ ਪਾਸੇ ਨਾਵਲ ਵਿਚ ਇਹ ਦੱਸਿਆਂ ਜਾ ਰਿਹਾ ਹੈ ਕਿ ਧਨਾਢ ਹਿੰਦੂ ਸ਼ਾਮਾ ਦੀ ਬੇਟੀ ਸੁਰਸਤੀ ਮੁਕਲਾਈ ਜਾਣ ਵੇਲੇ ਇਕ ਮੁਗ਼ਲ ਅਹਿਲਕਾਰ ਵਲੋਂ ਚੁੱਕ ਲਈ ਜਾਂਦੀ ਹੈ ਅਤੇ ਮਾਪਿਆਂ ਅਤੇ ਸਹੁਰਿਆਂ ਦਾ ਧਨ ਉਸ ਨੂੰ ਮੁਗ਼ਲ ਦੇ ਪੰਜੇ ਵਿਚੋਂ ਨਹੀਂ ਛੁਡਾ ਸਕਦਾ। ਅਮੀਰੀ ਦੀ ਗ਼ਰੀਬੀ ਅਤੇ ਗ਼ਰੀਬੀ ਦੀ ਅਮੀਰੀ ਦਾ ਬਿਰਤਾਂਤ ਇਸ ਨਾਵਲ ਵਿਚ ਸਿੱਖ ਪਾਤਰਾਂ ਦੀ ਨਾਬਰੀ-ਊਰਜਾ ਦੇ ਹਵਾਲੇ ਨਾਲ ਸਾਹਮਣੇ ਆ ਗਿਆ ਹੈ। ਬਾਵਜੂਦ ਇਸ ਦੇ ਕਿ ਭਾਈ ਸਾਹਿਬ ਦੀਆਂ ਪਰਿਵਾਰਕ-ਕੜੀਆਂ ਦੀਵਾਨ ਕੌੜਾ ਮੱਲ ਨਾਲ ਜਾ ਮਿਲਦੀਆਂ ਹਨ, ਉਨ੍ਹਾਂ ਨੇ ਪ੍ਰਾਪਤ ਨਾਲੋਂ ਵੱਖਰਾ ਰਾਹ ਚੁਣਿਆ ਸੀ। ਦੀਵਾਨ ਕੌੜਾ ਮਲ, ਸਿੱਖ-ਦੋਖੀ ਮੁਗਲ ਹਾਕਮ ਫਰੁਖਸੀਅਰ ਦੇ ਸਮੇਂ ਲਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੀ ਫੌਜ ਵਿਚ ਵਡਾ ਅਹੁਦੇਦਾਰ ਸੀ। ਮੁਗਲਾਂ ਦੇ ਵਿਸ਼ਵਾਸ਼ਪਾਤਰ ਵਜੋਂ ਦੀਵਾਨ ਕੌੜਾ ਮਲ ਲਾਹੌਰ ਦੇ ਦੀਵਾਨ (1747) ਵੀ ਬਨੇ ਅਤੇ ਮੁਲਤਾਨ ਦੇ ਹਾਕਮ (1750) ਵੀ ਬਣ ਗਏ ਸਨ।ਸਿੱਖ-ਦੋਖੀਆਂ ਵਿਚ ਰਹਿਕੇ ਵੀ, ਜਿਸ ਤਰ੍ਹਾਂ ਸਿੱਖ-ਹਿਤੈਸ਼ੀ ਦੀ ਭੂਮਿਕਾ ਦੀਵਾਨ ਕੌੜਾ ਮਲ ਨਿਭਾਉਂਦੇ ਰਹੇ ਸਨ, ਇਹ ਵੱਖਰਾ ਵਿਸ਼ਾ ਹੈ। ਭਾਈ ਸਾਹਿਬ ਦੇ ਦਾਦਾ ਬਾਬਾ ਕਾਹਨ ਸਿੰਘ, ਸਿੱਖ ਸਜ ਗਏ ਸਨ ਅਤੇ ਉਨ੍ਹਾਂ ਦੇ ਪੁੱਤਰ ਡਾ. ਚਰਨ ਸਿੰਘ ਜਦੋਂ 19 ਸਾਲ ਦੇ ਸਨ, ਉਸ ਵੇਲੇ ਉਨ੍ਹਾਂ ਦੇ ਘਰ ਭਾਈ ਵੀਰ ਸਿੰਘ ਨੇ ਜਨਮ ਲਿਆ ਸੀ। ਲਾਡਾਂ ਵਿਚ ਪਲੇ ਭਾਈ ਵੀਰ ਸਿੰਘ ਦੇ ਨਾਵਲਾਂ ਦੀ ਪ੍ਰਧਾਨ ਸੁਰ, ਉਨ੍ਹਾਂ ਦੀਆਂ ਬਾਕੀ ਰਚਨਾਵਾਂ ਵਾਂਗ ਸਿੱਖ-ਸੁਰ ਸੀ ਅਤੇ ਹੈ। ਕੋਈ ਵੀ ਰਚਨਾ ਆਪਣੇ ਸਮਕਾਲ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਆਪਣੇ ਸਮਕਾਲ ਤੋਂ ਪ੍ਰਭਾਵਿਤ ਹੁੰਦੀ ਵੀ ਹੈ। ਏਸੇ ਕਰਕੇ ਤਾਂ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਮਿਲਦੇ ਸਮਕਾਲ ਬਾਰੇ ਇਹ ਪ੍ਰਭਾਵ ਬਨਦਾ ਹੈ ਕਿ ਉਹਨਾਂ ਨੇ ਜਿਸ ਸਮਕਾਲ ਨੂੰ ਨਾਵਲਾਂ ਦੇ ਵਿਸ਼ੇ ਵਜੋਂ ਲਿਆ ਹੈ, ਉਹ ਸਿੱਖ-ਭਾਈਚਾਰੇ ਦੀ ਦ੍ਰਿਸ਼ਟੀ ਤੋਂ ਵੰਗਾਰਾਂ ਵਿਚ ਘਿਰਿਆ ਹੋਇਆ ਸੀ। ਇਕ ਪਾਸੇ ਸਿੱਖ ਸਮਾਜ ਆਪਸੀ-ਪਾਟੋਧਾੜ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਸਮਕਾਲੀ ਧਰਮਾਂ ਦੇ ਹਮਲਿਆਂ ਦਾ ਸ਼ਿਕਾਰ ਸੀ। ਬਾਹਰੋਂ ਈਸਾਈਆਂ ਵਲੋਂ ਧਰਮ-ਪਰਿਵਰਤਨ ਦੀ ਲਹਿਰ ਚਲਾਈ ਜਾ ਰਹੀ ਸੀ ਅਤੇ ਅੰਦਰੋਂ ਆਰੀਆ ਸਮਾਜੀਆਂ ਵਲੋਂ ਸਿੱਖੀ ਤੇ ਹਮਲੇ ਹੋ ਰਹੇ ਸਨ। "ਇਨ੍ਹਾਂ ਬਿਖੜੇ ਹਾਲਾਤ ਵਿਚ ਭਾਈ ਵੀਰ ਸਿੰਘ ਨੇ ਕਲਮ ਚੁੱਕੀ ਸੀ। ਉਨ੍ਹਾਂ ਨੇ ਆਪਣਾ ਨਿਸ਼ਾਨਾ ਸਿੱਖੀ ਆਦਰਸ਼ ਅਤੇ ਸਿੱਖ ਇਤਿਹਾਸ ਨੂੰ ਚੜ੍ਹਦੀਆਂ ਕਲਾਂ ਵਿਚ ਪੇਸ਼ ਕਰਨਾ ਬਨਾਇਆ ਸੀ, ਤਾਂ ਜੋ ਨ ਕੇਵਲ ਸਿੱਖਾਂ ਵਿਚੋਂ ਕੁਰੀਤੀਆਂ ਦੂਰ ਹੋਣ ਸਗੋਂ ਸਿੱਖ ਆਪਣੇ ਵਿਰਸੇ ਤੋਂ ਉਤਸ਼ਾਹਤ ਹੋਣ"।*[1] ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਭਾਈ ਸਾਹਿਬ ਦੇ ਨਾਵਲਾਂ ਦੇ ਪਾਤਰ ਲੋੜੀਂਦੀ ਊਰਜਾ, ਗੁਰਬਾਣੀ

* **ਰੀਟਾਇਰਡ ਪ੍ਰੋਫੈਸਰ ਗੁਰੂ ਗ੍ਰੰਥ ਅਧਿਐਨ ਵਿਭਾਗ, ਪੰ.ਯੂ. ਪਟਿਆਲਾ**

ਅਤੇ ਸਿੱਖ ਇਤਿਹਾਸ ਤੋਂ ਲੈਂਦੇ ਹਨ। ਇਹ ਨਾਵਲ ਆਧੁਨਿਕ ਨਾਵਲੀ ਤਕਨੀਕ ਦੀ ਦ੍ਰਿਸ਼ਟੀ ਉਤੇ ਭਲੇ ਹੀ ਪੂਰੇ ਨ ਉਤਰਦੇ ਹੋਣ, ਪਰ ਪੰਜਾਬੀ ਨਾਵਲ ਦਾ ਆਗਾਜ਼ ਇਨ੍ਹਾਂ ਨਾਵਲਾਂ ਤੋਂ ਹੀ ਹੁੰਦਾ ਹੈ।

ਕਿਸੇ ਵੀ ਸਮਕਾਲ ਨੂੰ ਸੁਧਾਰਨ ਵਾਸਤੇ ਵਿਰਾਸਤੀ ਪ੍ਰਾਪਤੀਆਂ ਕੰਮ ਆ ਸਕਦੀਆਂ ਹਨ।ਭਾਈ ਸਾਹਿਬ ਸਿੱਖਾਂ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਆਪਣੇ ਸਮਕਾਲ ਨੂੰ ਊਰਜਿਤ ਕਰਨ ਵਾਸਤੇ ਨਾਵਲਾਂ ਵਿਚ ਵਰਤਿਆ ਹੈ।ਕਿਸੇ ਵੀ ਸਮਕਾਲ ਨੂੰ ਉਸ ਦੇ ਸਭਿਆਚਾਰ, ਧਰਮ ਅਤੇ ਅਧਿਆਤਮ ਨਾਲੋਂ ਤੋੜਕੇ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਦੂਜਿਆਂ ਤੇ ਪਹਿਲ ਜ਼ਰੂਰ ਦਿਤੀ ਜਾ ਸਕਦੀ ਹੈ, ਪਰ ਇਕ ਦੂਜੇ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਫਿਰ ਵੀ ਨਵੀਆਂ ਅੰਤਰਦ੍ਰਿਸ਼ਟੀਆਂ ਇਨ੍ਹਾਂ ਤਿੰਨਾਂ ਨੂੰ ਨਿਖੇੜਕੇ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ। ਇਸੇ ਦਾ ਸਿੱਟਾ ਇਹ ਨਿਕਲ ਆਇਆ ਹੈ ਕਿ ਵਰਤਮਾਨ ਪੰਜਾਬੀ ਸਾਹਿਤਕਾਰ ਜਿੰਨੇ ਕੁ ਧਰਮ ਤੋਂ ਸੰਗਨ ਲਗ ਪਏ ਹਨ, ਉਸ ਨਾਲੋਂ ਵਧ ਧਰਮ, ਪੰਜਾਬੀ ਸਾਹਿਤਕਾਰਾਂ ਤੋਂ ਸੰਗਨ ਲਗ ਪਿਆ ਹੈ। ਧਰਮ ਤੋਂ ਸੰਗਨ ਦਾ ਹੀ ਨਤੀਜਾ ਹੈ ਕਿ ਅਸੀਂ ਅਧਿਆਤਮਿਕ ਸਰੋਕਾਰਾਂ ਦੇ ਅਨਭਵ ਅਤੇ ਚੇਤਨਾਂ ਨਾਲੋਂ ਟੁੱਟਦੇ ਜਾ ਰਹੇ ਹਾਂ। ਇਸ ਦੀ ਸਾਰਿਆਂ ਨਾਲੋਂ ਵਧ ਕੀਮਤ ਸਭਿਆਚਾਰ ਨੂੰ ਚੁਕਾਉਣੀ ਪੈ ਰਹੀ ਹੈ। ਨਤੀਜਨ ਧਾਰਮਿਕ-ਸੂਝ ਪੰਜਾਬੀ ਸਾਹਿਤ ਵਿਚੋਂ ਗੁੰਮਨ ਲਗ ਪਈ ਹੈ ਅਤੇ ਧਰਮ, ਧਾਰਮਿਕ-ਸ਼੍ਰੇਣੀ ਦੀ ਮਲਕੀਅਤ ਹੋ ਜਾਣ ਵਾਲੇ ਰਾਹੇ ਪੈ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਧਰਮ ਨੂੰ ਇਸ ਸਥਿਤੀ ਵਿਚੋਂ ਕੱਢਕੇ, ਸਭਿਆਚਾਰ ਦੇ ਏਨਾਂ ਨੇੜੇ ਲੈ ਆਂਦਾ ਸੀ ਕਿ ਸਿੱਖੀ ਨੂੰ ਆਮ ਆਦਮੀ ਦਾ ਧਰਮ ਬਣਾ ਦਿਤਾ ਗਿਆ ਸੀ। ਧਰਮ ਨੂੰ ਆਮ ਆਦਮੀ ਦਾ ਧਰਮ ਬਣਾਈ ਰਖਣ ਦੀ ਭੂਮਿਕਾ ਸਾਹਿਤਕਾਰ ਉਸ ਮਾਤਰਾ ਵਿਚ ਹੀ ਨਿਭਾ ਸਕਦੇ ਹਨ, ਜਿਸ ਮਾਤਰਾ ਵਿਚ ਉਹ ਵਿਰਾਸਤੀ-ਚੇਤਨਾ ਨਾਲ ਜੁੜੇ ਹੋਏ ਹੋਣਗੇ। ਇਸੇ ਵਿਰਾਸਤੀ-ਭੂਮਿਕਾ ਦਾ ਮੋਢੀ ਭਾਈ ਵੀਰ ਸਿੰਘ ਸੀ ਅਤੇ ਉਨ੍ਹਾਂ ਦੇ ਨਾਵਲਾਂ ਤੋਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਸਿੱਖ ਧਰਮ ਦੀ ਅਕਾਦਮਿਕਤਾ ਸਥਾਪਤ ਕਰਨ ਦੀ ਸ਼ੁਰੂਆਤ ਵੀ ਭਾਈ ਵੀਰ ਸਿੰਘ ਤੋਂ ਹੀ ਕਰਨੀ ਪੈਣੀ ਹੈ। ਅਜਿਹਾ ਨਹੀਂ ਕਰਾਂਗੇ ਤਾਂ ਆਪਣੇ ਹੀ ਧਰਮ ਬਾਰੇ ਆਪਣੀ ਹੀ ਜਾਣਕਾਰੀ ਨਾਲ ਸੰਤੁਸ਼ਟ ਹੋ ਜਾਣ ਦੀ ਸਜ਼ਾ ਭੁਗਤਣੀ ਪਵੇਗੀ? ਆਪਣੇ ਵਿਰਾਸਤੀ ਸਰਕਾਰਾਂ ਬਾਰੇ ਸੀਮਿਤ ਜਾਣਕਾਰੀ ਦੀ ਉਲਾਰ-ਸੰਤੁਸ਼ਟੀ, ਧਰਮ ਨੂੰ ਸਬੰਧਤ ਧਰਮ ਦੀ ਸ਼ਰਧਾ ਤੱਕ ਸੁੰਗੇੜਨ ਦੇ ਰਾਹ ਪਾ ਦੇਂਦੀ ਹੈ। ਧਰਮ ਆਪਣੇ ਆਪ ਵਿਚ ਇਕ ਵਿਧੀ ਹੈ ਅਤੇ ਵਿਧੀ, ਪ੍ਰਾਪਤੀ ਜਾਂ ਮੰਜ਼ਲ ਨਹੀਂ, ਸਗੋਂ ਪ੍ਰਾਪਤੀ ਵਾਸਤੇ ਸਾਧਨ ਹੁੰਦੀ ਹੈ। ਧਰਮ, ਸਭਿਆਚਾਰ ਅਤੇ ਅਧਿਆਤਮ ਵਿਚਕਾਰ ਪੁਲ ਦੀ ਭੂਮਿਕਾ ਨਿਭਾਉਂਦਾ ਹੈ ਅਤੇ ਪੁਲ ਤਾਂ ਸਾਧਨ ਹੁੰਦਾ ਹੈ ਸਭਿਆਚਾਰ ਵਿਚੋਂ ਅਧਿਆਤਮ ਵੱਲ ਜਾਣ ਦਾ ਅਤੇ ਅਧਿਆਤਮ ਤੋਂ ਸਭਿਆਚਾਰ ਵਿਚ ਆਉਣ ਦਾ। ਇਸ ਕਰਕੇ ਧਰਮ ਨੂੰ ਸਾਧਨ ਹੀ ਰਹਿਣਾ ਚਾਹੀਦਾ ਹੈ। ਸਭਿਆਚਾਰ ਤੋਂ ਅਧਿਆਤਮ ਅਤੇ ਅਧਿਆਤਮ ਤੋਂ ਸਭਿਆਚਾਰ ਵਲ ਜਾਣ ਦੇ ਰਾਹ ਵਿਚ ਧਰਮ ਦੀ ਅਹਿਮ ਭੂਮਿਕਾ ਰਹਿਣੀ ਹੈ ਅਤੇ ਇਸ ਨੂੰ ਏਸੇ ਕਰਕੇ ਪੁਲ ਕਿਹਾ ਜਾ ਰਿਹਾ ਹੈ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨਾਲ ਸੰਤੁਸ਼ਟ ਹੋ ਜਾਣਾ, ਕਿਸੇ ਨ ਕਿਸੇ ਕਿਸਮ ਦੀ ਖੜੋਤ ਦਾ ਆਗਾਜ਼ ਹੋਵੇਗਾ? ਭਾਈ ਵੀਰ ਸਿੰਘ ਦੇ ਨਾਵਲ, ਇਨ੍ਹਾਂ ਤਿੰਨਾਂ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਵੇਖਦੇ ਹਨ ਅਤੇ ਕਿਸੇ ਕਿਸਮ ਦੀ ਇਕਹਿਰੀ ਸੰਤੁਸ਼ਟੀ ਦੀ ਥਾਂ ਤੇ ਸਾਂਝੀ-ਸੰਤੁਸ਼ਟੀ ਦਾ ਰਾਹ ਵਿਖਾਉਂਦੇ ਹਨ। ਬਾਬਾ ਨੌਧ ਸਿੰਘ ਵਿਚ ਇਸ ਧਾਰਨਾ ਦੇ ਵੇਰਵੇ ਵਿਸਥਾਰ ਵਿਚ ਆ ਗਏ ਹਨ। ਇਹ ਗੱਲ ਠੀਕ ਹੈ ਕਿ ਪਾਤਰ ਉਸਾਰੀ ਦੀ ਲੋੜ ਮੁਤਾਬਿਕ "ਜਿਥੇ ਸਿੱਖ ਪਾਤਰ ਉਚ ਆਦਰਸ਼ ਦੇ ਮਾਲਕ ਹਨ, ਉਥੇ ਹੋਰ ਪਾਤਰ ਹਵਸ ਦੇ ਮਾਰੇ ਹੋਏ ਜ਼ਾਲਮ, ਕਠੋਰ ਹਨ ਤੇ ਕਈ ਡਰਪੋਕ ਤੇ ਬੁਜ਼ਦਿਲ ਹਨ"।*[2] ਇਸ ਨੂੰ ਨਾਵਲਕਾਰ ਦੀ ਸੰਪਰਦਾਇਕ ਦ੍ਰਿਸ਼ਟੀ ਤੋਂ ਵੇਖੇ ਜਾਣ ਦੀ ਇਸ ਕਰਕੇ ਲੋੜ ਨਹੀਂ ਹੈ ਕਿਉਂਕਿ ਸਤਵੰਤ ਕੌਰ ਨੂੰ ਤਾਂ ਇਕ ਮੁਸਲਮਾਨ ਦੀ ਸੇਵਾ ਕਰਨ ਕਰਕੇ ਹੀ ਬਲਦੀ ਦੇ ਬੁੱਥੇ ਇਸ ਕਰਕੇ ਆਉਣਾ ਪੈਂਦਾ ਹੈ। ਭਾਈ ਵੀਰ ਸਿੰਘ ਦੀ ਸਾਹਿਤਕਤਾ ਵਿਚ ਮਿਸ਼ਨਰੀ ਅਤੇ ਪਰਚਾਰਕ-ਭਾਵਨਾ ਉਸ ਤਰ੍ਹਾਂ ਭਾਰੂ ਨਹੀ ਹੈ ਜਿਵੇਂ ਸਾਹਿਤਕਾਰੀ ਭਾਰੂ ਹੈ। ਮਿਸ਼ਨਰੀ ਅਤੇ ਪਰਚਾਰਕ ਪਹਿਲੂਆਂ ਨੂੰ ਭਾਈ ਸਾਹਿਬ ਨੇ ਧਾਰਮਿਕਤਾ ਤੱਕ ਸੀਮਿਤ ਰੱਖਿਆ ਹੈ। ਨਾਵਲਾਂ ਦੇ ਪਾਤਰ ਧਰਮ ਨੂੰ ਸਾਧਨ ਜਾਂ ਵਿਧੀ ਵਾਂਗ ਵਰਤਕੇ ਬੰਦੇ ਨੂੰ ਬੰਦੇ ਦੀ ਗੁਲਾਮੀ ਤੋਂ ਮੁਕਤੀ ਦਿਵਾਉਣ ਵਾਸਤੇ ਜੂਝਦੇ ਹਨ। ਨਾਵਲਾਂ ਦੇ ਸਿੱਖ-ਪਾਤਰ, ਹਾਕਮ ਅਤੇ ਮਹਿਕੂਮ ਵਿਚਕਾਰ ਆਉਣ ਕਰਕੇ ਨੁਮਾਇਆਂ, ਵਖਰੇ ਅਤੇ ਬਹਾਦਰ ਲੱਗਦੇ ਹਨ। ਇਸ ਨਾਲ ਜੇ ਮਿਸ਼ਨਰੀ ਪ੍ਰਭਾਵ ਪੈਦਾ ਹੋ ਵੀ ਜਾਂਦਾ ਹੈ ਤਾਂ ਇਸ ਨੂੰ ਸਮਕਾਲੀ ਮਿਸ਼ਨਰੀਆਂ ਦੇ ਹਵਾਲੇ ਨਾਲ ਹੀ ਪਰਖੇ ਜਾਣ ਦੀ ਲੋੜ ਹੈ। ਬਹੁਤੀਆਂ ਸਮੱਸਿਆਵਾਂ ਇਸ ਕਰਕੇ ਵੀ ਪੈਦਾ ਹੋ ਗਈਆਂ ਹਨ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਉਨ੍ਹਾਂ ਦੇ ਪ੍ਰਸੰਗ ਵਿਚੋਂ ਕੱਢਕੇ, ਆਧੁਨਿਕਤਾ ਨਾਲ ਸਾਹਮਣੇ ਆ ਗਈ ਧਰਮ ਨਿਰਪੇਖ ਸਿਆਸਤ ਅਤੇ ਸੰਪਰਦਾਇਕ ਸਰੋਕਾਰਾਂ ਨਾਲ ਉਲਝਾਇਆ ਜਾ ਰਿਹਾ ਹੈ। ਭਾਈ ਸਾਹਿਬ ਦੇ ਪਾਤਰ ਸਿੱਖ ਹਨ ਅਤੇ ਸਿੱਖੀ ਵਿਚ ਧਰਮ ਨਿਰਪੇਖਤਾ ਅਤੇ ਸੰਪਰਦਾਇਕਤਾ ਵਾਸਤੇ ਕੋਈ ਥਾਂ ਹੀ ਨਹੀਂ ਹੈ। ਭਾਈ ਸਾਹਿਬ ਨੇ ਆਪਣੇ ਨਾਵਲਾਂ ਵਿਚ ਧਰਮ ਨੂੰ ਇਕ ਵਿਧੀ ਵਾਂਗ ਵਰਤਕੇ, ਹੋਰ ਪ੍ਰਾਪਤੀਆਂ ਵਲ ਸੇਧਤ ਨਤੀਜੇ ਕੱਢੇ ਹੋਏ ਹਨ। ਇਸ ਕਰਕੇ ਕੁਝ ਵਿਦਵਾਨਾਂ ਦੀ ਇਹ ਧਾਰਨਾ ਠੀਕ ਨਹੀਂ ਹੈ ਕਿ " ਉਸ (ਭਾਈ ਵੀਰ ਸਿੰਘ) ਨੇ ਗੁਰੂਆਂ ਦੇ ਜੀਵਨ ਦਾ ਅਧਿਆਤਮਿਕ ਅਤੇ ਭਾਵੁਕ ਪੱਖ ਚਿਤਰਿਆ ਹੈ, ਉਨ੍ਹਾਂ ਦੇ ਸਮਾਜ-ਪਰਿਵਰਤਨ ਵਾਲੇ ਪੱਖ ਨੂੰ ਲਗ ਭਗ ਅੱਖੋਂ ਪਰੋਖੇ ਹੀ ਰੱਖਿਆ ਹੈ"।

ਸਿੱਖ-ਧਰਮ ਨੇ ਇਹ ਤੱਥ ਵੀ ਸਾਹਮਣੇ ਲਿਆਂਦਾ ਹੋਇਆ ਹੈ ਕਿ ਧਰਮ, ਵਿਰਾਸਤ ਵਿਚ ਮਿਲਣ ਦੇ ਬਾਵਜੂਦ, ਧਰਮ ਨੂੰ ਜਨਮ ਤੋਂ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਧਰਮ ਨੂੰ ਜਨਮ ਤੋਂ ਮੰਨ ਲੈਣ ਨਾਲ ਸਮਾਜਿਕ ਵੰਡੀਆਂ ਅਰਥਾਤ ਜਾਤਾਂ ਗੋਤਾਂ ਦੇ ਝਗੜੇ ਪੈਦਾ ਹੋ ਜਾਂਦੇ ਹਨ। ਧਰਮ ਅਤੇ ਧਾਰਮਿਕ ਸਭਿਆਚਾਰ ਵਿਚ ਫਰਕ ਹੁੰਦਾ ਹੈ ਅਤੇ ਇਸ ਨੂੰ ਸਿੱਖ-ਧਰਮ ਦੇ ਪ੍ਰਸੰਗ ਵਿਚ ਸਮਝੇ ਜਾਣ ਦੀ ਲੋੜ ਹੈ। ਜ਼ਿੰਦਗੀ ਦਾ ਵਰਤਾਰਾ ਇਸ ਗੱਲ ਦਾ ਸ਼ਾਹਦ ਹੈ ਕਿ ਜਨਮ, ਧਰਮ ਵਿਚ ਨਹੀਂ ਹੁੰਦਾ, ਸਗੋਂ ਧਾਰਮਿਕ-ਸਭਿਆਚਾਰ ਵਿਚ ਹੁੰਦਾ ਹੈ। ਇਸ ਧਾਰਨਾ ਦੀ ਪੁਸ਼ਟੀ ਵਾਸਤੇ ਨਾਵਲ "ਸਤਵੰਤ ਕੌਰ" ਦੇ ਪਾਤਰ ਆਗ਼ਾ ਖਾਂ ਦੀ ਮਿਸਾਲ ਲਈ ਜਾ ਸਕਦੀ ਹੈ। ਸਿੱਖ ਮਾਂ ਪਿਉ ਦਾ ਪੁੱਤਰ ਇਸਲਾਮੀ-ਸਭਿਆਚਾਰ ਵਿਚ ਪਲਣ ਪੋਸ਼ਣ ਕਰਕੇ ਆਗ਼ਾ ਖਾਂ ਹੋ ਗਿਆ ਹੈ। ਜਵਾਨ ਹੋਕੇ ਉਹ ਵਾਪਸ ਆਪਣੇ ਮਾਂ ਪਿਉ ਦੇ ਸਭਿਆਚਾਰ ਵਿਚ ਪਰਤਦਾ ਹੈ ਤਾਂ ਸਿੱਖ-ਧਰਮ ਧਾਰਨ ਕਰਕੇ ਅਲਾਂਬਾ ਸਿੰਘ ਹੋ ਜਾਂਦਾ ਹੈ। ਇਹ ਇਕ ਧਾਰਮਿਕ ਸਭਿਆਚਾਰ ਤੋਂ ਦੂਜੇ ਧਾਰਮਿਕ ਸਭਿਆਚਾਰ ਵਿਚ ਚਲੇ ਜਾਣਾ ਹੈ। ਇਹ ਸੰਭਾਵਨਾ ਹੀ ਧਰਮ ਨੂੰ ਜਨਮ ਤੋਂ ਮੰਨ ਲੈਣ ਨੂੰ ਨਕਾਰਦੀ ਹੈ। ਜੇ ਅਜਿਹਾ ਮਰਜ਼ੀ ਤੋਂ ਬਿਨਾਂ ਮਜਬੂਰੀ ਵਿਚ ਕਰਨਾ ਪਵੇ ਤਾਂ ਇਸ ਨੂੰ ਧਰਮ-ਪਰਿਵਰਤਨ (conversion) ਕਿਹਾ ਜਾਂਦਾ ਹੈ ਅਤੇ ਧਰਮ-ਪਰਿਵਤਨ ਦੇ ਵਿਸ਼ਵਾਸ਼ੀ ਧਰਮਾਂ ਵਿਚ ਇਹੀ ਕੀਤਾ ਜਾਂਦਾ ਸੀ।ਭਾਈ ਵੀਰ ਸਿੰਘ ਨੇ ਧਰਮ-ਪਰਿਵਰਤਨ (ਸਾਮੀ ਧਰਮਾਂ ਵਿਚ) ਅਤੇ ਧਾਰਮਿਕ-ਸ਼ੁਧੀ (ਭਾਰਤੀ ਪ੍ਰਸੰਗ ਵਿਚ) ਨਾਲੋਂ ਨਿਖੇੜਕੇ ਸਿੱਖ-ਧਰਮ ਦੀ ਵੱਖਰੀ ਵਿਧੀ ਨੂੰ ਪੇਸ਼ ਕੀਤਾ ਹੈ। ਪਹਿਲੀਆਂ ਦੋਹਾਂ ਵਿਧਾਵਾਂ (ਸਾਮੀ ਅਤੇ ਭਾਰਤੀ) ਵਿਚ ਧਾਰਮਿਕ-ਸੁੰਗੜਾਅ ਦਾ ਬੋਲਬਾਲਾ ਰਹਿੰਦਾ ਹੈ, ਪਰੰਤੂ ਭਾਈ ਸਾਹਿਬ ਨੇ ਸੁੱਤੇ ਹੋਏ ਵਿਰਾਸਤੀ-ਜਲੌਅ ਨੂੰ ਦੀਵੇ ਨਾਲ ਦੀਵਾ ਜਗਾਉਣ ਦੀ ਵਿਧੀ ਵਾਂਗ ਜਗਾਇਆ ਹੈ। ਇਸ ਨੂੰ ਕਾਂ ਦੇ ਆਹਲਣੇ ਵਿਚ ਪੈਦਾ ਹੋਏ ਕੋਇਲ ਦੇ ਬੱਚੇ ਦੇ ਬਿੰਬ ਰਾਹੀਂ ਵੀ ਪ੍ਰਗਟ ਕੀਤਾ ਹੋਇਆ ਹੈ। ਅਲਾਂਬਾ ਸਿੰਘ ਵਾਸਤੇ ਵੀ ਓਹੋ ਵਿਧੀ ਵਰਤੀ ਗਈ ਹੈ, ਜਿਹੜੀ ਬੱਚੇ ਨੂੰ ਸਿੱਖੀ ਵਿਚ ਪਰਵੇਸ਼ ਕਰਾਉਣ ਵੇਲੇ ਵਰਤੀ ਜਾਂਦੀ ਹੈ। ਸਿੱਖ-ਧਰਮ ਦਾ ਵਿਸ਼ਵਾਸ਼ ਹੈ ਕਿ ਧਰਮ-ਵਿਹੂਣ ਸਮਾਜ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸ ਦਾ ਆਧਾਰ ਜਪੁਜੀ ਸਾਹਿਬ ਦੀ ਇਸ ਤੁਕ ਨੂੰ ਮੰਨਿਆ ਜਾ ਸਕਦਾ ਹੈ:

**ਭਰੀਐ ਮਤਿ ਪਾਪਾਂ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥**

"**ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਪਤਿਤ ਪਵਿਤ ਭਏ ਰਾਮ ਨਾਮੁ ਕਹਤ ਹੀ ॥** ਨਾਮਦੇਵ, ਪੰਨਾ 718" ਨਾਲ ਵੀ ਇਸੇ ਧਾਰਨਾ ਦੀ ਪੁਸ਼ਟੀ ਹੋ ਜਾਂਦੀ ਹੈ। ਏਸੇ ਕਰਕੇ ਸਿੱਖ-ਧਰਮ ਵਿਚ ਸਭਿਆਚਾਰ ਅਤੇ ਅਧਿਆਤਮ, ਧਰਮ ਦੀ ਵਿਧੀ ਦੁਆਰਾ ਇਕ ਦੂਜੇ ਨਾਲ ਜੁੜੇ ਹੋਏ ਪਰਵਾਨ ਕੀਤੇ ਹੋਏ ਹਨ। ਏਸੇ ਕਰਕੇ ਇਨ੍ਹਾਂ ਤਿੰਨਾ ਦੀ ਸਹਿਯੋਗੀ ਭੂਮਿਕਾ ਸਿੱਖੀ ਦਾ ਹਿੱਸਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦੀ ਪ੍ਰਧਾਨ ਸੁਰ ਇਹੀ ਹੈ। ਇਸ ਨੂੰ ਸਿੱਖ-ਸੁਰ ਵੀ ਕਿਹਾ ਜਾ ਸਕਦਾ ਹੈ। ਇਸ ਸੁਰ ਦੁਆਲੇ ਉਸਾਰੇ ਗਏ ਭਾਈ ਸਾਹਿਬ ਦੇ ਨਾਵਲਾਂ ਵਿਚ ਸਿੱਖ ਇਤਿਹਾਸ ਨੂੰ ਖੁਲ੍ਹਕੇ ਵਰਤਿਆ ਗਿਆ ਹੈ। ਪਰ ਇਸ ਦਾ ਇਹ ਅਰਥ ਬਿਲਕੁਲ ਨਹੀਂ ਨਿਕਲਦਾ ਕਿ ਇਹ ਨਾਵਲ ਮਹਿਜ਼ ਇਤਿਹਾਸ-ਕੇਂਦਰਤ ਹਨ।ਇਨ੍ਹਾਂ ਨਾਵਲਾਂ ਵਿਚ ਉਹੀ ਇਤਿਹਾਸ ਵਰਤਿਆ ਗਿਆ, ਜਿਹੜਾ ਬਾਣੀ ਤੋਂ ਊਰਜਿਤ ਹੈ। ਏਸੇ ਕਰਕੇ ਨਾਵਲਾਂ ਦਾ ਕੋਈ ਪਾਤਰ ਵੀ ਕੱਟੜਤਾ ਵਾਲੀ ਭੂਮਿਕਾ ਨਹੀਂ ਨਿਭਾਉਂਦਾ ਅਤੇ ਸਮਾਜਿਕ-ਸੰਤੁਲਨ ਬਨਾਈ ਰੱਖਣ ਵਾਸਤੇ ਪਰਉਪਕਾਰੀ-ਸਰੋਕਾਰਾਂ ਦੇ ਸਨਮੁਖ ਰਹਿੰਦਾ ਹੈ। ਇਸ ਸਿੱਖ-ਵਰਤਾਰੇ ਨੂੰ ਲਏ ਹੋਏ ਪ੍ਰਸੰਗ ਵਿਚ ਸਮਝਣ ਲਈ ਭਾਈ ਸਾਹਿਬ ਦੀ ਇਹ ਰਾਏ ਕਿ "ਸਿੱਖ ਈਮਾਨ ਨਿਰਾ ਇਤਿਹਾਸ ਆਸ਼੍ਰਿਤ ਨਹੀਂ" ਹੈ*³ ਅਤੇ ਇਸ ਨੂੰ ਧਿਆਨ ਵਿਚ ਰਖਕੇ ਹੀ ਨਾਵਲਾਂ ਦਾ ਅਲੋਚਨਾਤਮਕ ਵਿਸ਼ਲੇਸ਼ਣ (critique) ਉਸਾਰਿਆ ਜਾਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਇਹ ਸਿਖਾਇਆ ਜਾ ਰਿਹਾ ਹੈ ਕਿ ਸਿੱਖ ਦੇ ਤੌਰ ਤੇ ਜੀਅ ਕੇ ਤਾਂ ਵੇਖੋ, ਸਿੱਖੀ ਦੀ ਅਹਿਮੀਅਤ ਆਪਣੇ ਆਪ ਸਮਝ ਆ ਜਾਵੇਗੀ। ਸਿੱਖ ਹੋਣ ਵਾਸਤੇ ਜਿੰਨੀ ਕੁ ਸਿਖਿਆ ਦੀ ਲੋੜ ਹੈ, ਉਹ ਗੁਰਬਾਣੀ ਦੀ ਅਗਵਾਈ ਵਿਚ ਲਈ ਜਾ ਸਕਦੀ ਹੈ। ਬੰਦਾ, ਗੁਰਬਾਣੀ ਅਤੇ ਸਿਖਿਅਕ ਵਿਚਕਾਰ ਇਕ ਸੀਮਾਂ ਤੱਕ ਹੀ ਭੂਮਿਕਾ ਨਿਭਾ ਸਕਦਾ ਹੈ। ਉਸ ਨੂੰ ਬਾਣੀ ਦਾ ਦੇਹਧਾਰੀ-ਬਦਲ ਹੋਣ ਦਾ ਭਰਮ ਪਾਲਕੇ ਸਿਖਿਅਕ ਵਾਸਤੇ ਗਰੰਟੀਸ਼ੁਦਾ ਨਤੀਜਿਆਂ ਦਾ ਦਾਹਵਾ ਨਹੀਂ ਕਰਨਾ ਚਾਹੀਦਾ। ਇਸ ਮਰਮ ਨੂੰ ਬਾਬਾ ਨੌਧ ਸਿੰਘ ਦੇ ਪਾਤਰ ਰਾਹੀਂ ਸੌਖਿਆਂ ਸਮਝਿਆ ਜਾ ਸਕਦਾ ਹੈ।ਭਾਈ ਵੀਰ ਸਿੰਘ ਆਪਣੇ ਨਾਵਲਾਂ ਦੇ ਪਾਤਰਾਂ ਰਾਹੀਂ ਇਹ ਪ੍ਰਗਟ ਕਰਦਾ ਹੈ ਕਿ ਲੋੜਵੰਦੋ ਆਉ! ਮੈਂ ਤੁਹਾਨੂੰ ਉਵੇਂ ਸਿਖਾਉਂਦਾ ਹਾਂ, ਜਿਵੇਂ ਮੈਨੂੰ ਬਾਣੀ ਦੇ ਲੜ ਲਗਕੇ ਸਮਝ ਆਈ ਹੈ। ਅਜਿਹਾ ਨਹੀਂ ਕਰੋਗੇ ਤਾਂ ਭੈਅ ਵਿਚ ਜਿਊਣ ਦੇ ਆਤੰਕ ਦਾ ਸ਼ਿਕਾਰ ਹੋ ਜਾਉਗੇ। ਬੰਦਾ ਭੈਅ ਦੀਆਂ ਬਹੁਤ ਸਾਰੀਆਂ ਏਜੰਸੀਆਂ ਵਿਚ ਘਿਰਿਆ ਰਹਿੰਦਾ ਹੈ। ਭੈਅ ਨੂੰ ਵਰਤਕੇ ਜਿਸ ਤਰ੍ਹਾਂ ਦੇ ਉਲਾਰ-ਸਰੋਕਾਰ ਪੈਦਾ ਹੋ ਸਕਦੇ ਹਨ, ਉਨ੍ਹਾਂ ਨੂੰ ਨੌਂਵੇਂ ਪਾਤਸ਼ਾਹ ਹਜ਼ੂਰ ਦੇ ਇਸ ਬਚਨ- "**ਭੈਕਾਹੂੰ ਕੋ ਦੇਤ ਨਹਿ ਨਹਿ ਭੈਅ ਮਾਨਤ ਆਨ**" ਰਾਹੀਂ ਸਮਝਿਆ ਜਾ ਸਕਦਾ ਹੈ ਅਤੇ ਬਾਬਾ ਨੌਧ ਸਿੰਘ ਦੇ ਪਾਤਰਾਂ ਬੈਰਿਸਟਰ ਤੇ ਉਸ ਦੀ ਪਤਨੀ ਨਾਲ ਚਲਦੇ ਸੁਤੇ ਸੰਬਾਦ ਰਾਹੀਂ ਇਹ ਸੱਚ ਸਾਹਮਣੇ ਆ ਜਾਂਦਾ ਹੈ ਕਿ ਕਿਵੇਂ ਨੈਤਿਕ ਵਿਹੂਣ ਸਰੋਕਾਰ ਅਸੀਂ ਆਪ ਹੀ ਸਹੇੜ ਲਾਏ ਹਨ- "ਸੋ ਜਦੋਂ ਸੱਚ ਗਿਆ, ਸਤਿਕਾਰ ਗਿਆ, ਤੇ ਫਿਰ ਨੇਕੀ ਤੋਂ ਖਾਲੀ ਵਿਦਿਆ ਆ ਗਈ, ਬਸ ਬਦੀ ਤ੍ਰਿਖੀ ਹੋ ਗਈ। ਜਦ ਨੇਕੀ ਤੋਂ ਛੁਟ ਮਿਲੀ ਉਸ ਮੰਦੀ ਛੁਟ ਦਾ ਫਲ ਉਹੋ-ਜੋ ਤੁਸੀਂ ਦੇਖ ਰਹੇ ਹੋ-ਅਸ਼ਾਂਤੀ, ਦੁੱਪਰਿਆਰ ਤੇ

ਬਖੀਲੀ (ਪੰਨਾ 139)। ਬਾਬਾ ਨੌਧ ਸਿੰਘ ਕਿਸੇ ਨੂੰ ਉਚੀ ਸੁਰ ਵਿਚ ਸਿੱਖ-ਮਿਸ਼ਨਰੀ ਹੋਣ ਦਾ ਅਹਿਸਾਸ ਨਹੀਂ ਕਰਵਾਉਂਦਾ। ਉਹ ਤਾਂ ਏਨਾਂ ਹੀ ਕਹਿੰਦਾ ਹੈ ਕਿ ਜਿਸ ਧਰਮ ਨੂੰ ਮੈਂ ਮੰਨਦਾ ਹਾਂ, ਉਹ ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ ਤੇ ਟਿਕਿਆ ਹੋਇਆ ਹੈ। ਬਾਬਾ ਨੌਧ ਸਿੰਘ ਇਹ ਕਹਿੰਦਾ ਹੀ ਨਹੀਂ ਸਗੋਂ ਕਰਕੇ ਵੀ ਵਿਖਾਉਂਦਾ ਹੈ। ਇਹ ਮਾਰਗ ਆਪ ਜੀਣ ਅਤੇ ਹੋਰਨਾ ਨੂੰ ਜਿਊਣ ਦੇਣ ਦਾ ਮਾਰਗ ਹੈ। ਸਹੂਲਤਾਂ ਦਾ ਲਾਲਚ ਅਤੇ ਸਹੂਲਤਾਂ ਦਾ ਭੈਅ ਦੁਫਾੜ ਮਾਨਸਿਕਤਾ ਨੂੰ ਜਨਮ ਦੇਂਦੇ ਹਨ। ਨਾਵਲਾਂ ਦੇ ਪਾਤਰ ਇਹ ਸਿਖਾਉਂਦੇ ਹਨ ਕਿ ਆਉ! ਤੁਹਾਨੂੰ ਉਸ ਇਤਿਹਾਸ ਤੋਂ ਵਾਕਫ ਕਰਾਵਾਂ, ਜਿਹੜਾ ਦੁਫਾੜ ਮਾਨਸਿਕਤਾ ਤੋਂ ਮੁਕਤ ਹੋਕੇ ਜਿਊਣ ਵਾਲਿਆਂ ਦਾ ਇਤਿਹਾਸ ਹੈ। ਸੁੰਦਰੀ ਨੇ ਕੇਵਲ ਭੈਅ ਹੀ ਤਾਂ ਤਿਆਗਿਆ ਸੀ। ਭੈਅ ਛੱਡਣ ਵਾਸਤੇ ਉਸ ਨੂੰ ਘਰ ਛੱਡਣਾ ਪੈ ਗਿਆ ਸੀ। ਇਸ ਨਾਲ ਇਹ ਸੱਚ ਵੀ ਸਾਹਮਣੇ ਆ ਗਿਆ ਹੈ ਕਿ ਭੈਅ ਛੱਡਣ ਦਾ ਮਾਰਗ ਬਿਖੜਾ ਜ਼ਰੂਰ ਹੈ, ਪਰ ਇਸ ਮਾਰਗ ਦਾ ਪਾਂਧੀ ਜਦੋਂ ਨਿੱਕੇ ਨਿੱਕੇ ਭੈਆਂ ਨੂੰ ਤਿਆਗਦਾ ਤਿਆਗਦਾ ਮੌਤ ਦੇ ਭੈਅ ਨੂੰ ਤਿਆਗਦਾ ਹੈ ਤਾਂ ਮਰ ਮਰ ਕੇ ਜਿਊਣ ਦੇ ਨਿੱਤ ਜੀਵਨ ਤੋਂ ਮੁਕਤ ਹੋ ਜਾਂਦਾ ਹੈ।ਇਹੀ ਸਬਕ ਸਿੱਖ ਗੁਰੂ ਸਾਹਿਬਾਨ ਨੇ ਬਾਣੀ ਵਿਚ ਪੜ੍ਹਾਇਆ ਹੋਇਆ ਹੈ ਅਤੇ ਹਲੀਮੀ ਨੂੰ ਭੈਅ ਤੋਂ ਮੁਕਤ ਹੋਣ ਦੀ ਪਹਿਲੀ ਪਉੜੀ ਕਿਹਾ ਹੋਇਆ ਹੈ:

**ਸਲੋਕ ਮ.5 ॥**
**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**

ਇਹ ਪੱਖ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਨ ਬਰਾਬਰ ਹੀ ਆਇਆ ਹੈ ਕਿਉਂਕਿ ਉਸ ਦੇ ਨਾਵਲਾਂ ਦੇ ਪਾਤਰਾਂ ਵਿਚੋਂ ਜੋ ਇਸ ਸਥਿਤੀ ਨਾਲ ਜੁੜੀ ਹੋਈ ਉਮਰ ਨੂੰ ਪਹੁੰਚੇ ਹਨ, ਉਹ ਨਾਮ ਦੇ ਰੰਗ ਵਿਚ ਰੰਗੇ ਹੋਏ ਹੋਣ ਕਰਕੇ ਚੜ੍ਹਦੀ ਕਲਾ ਨਾਲ ਜੁੜੇ ਰਹਿੰਦੇ ਹਨ। ਇਹ ਹਵਾਲਾ ਤਾਂ ਇਹ ਦੱਸਣ ਲਈ ਦਿਤਾ ਜਾ ਰਿਹਾ ਹੈ ਕਿ ਜਿਹੜਾ ਸਿੱਖ-ਮਾਰਗ, ਭਾਈ ਸਾਹਿਬ ਨੇ ਨਾਵਲਾਂ ਰਾਹੀਂ ਸੁਝਾਇਆ ਹੋਇਆ ਹੈ, ਉਹ ਭਗਤ ਕਬੀਰ ਜੀ ਦੇ ਸ਼ਬਦਾਂ ਵਿਚ ਦੁਬਿਧਾ-ਮੁਕਤ ਵਰਤਾਰਾ ਹੈ:

**ਡਗਮਗ ਛਾਡਿ ਰੇ ਮਨ ਬਉਰਾ ॥**
**ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥**

ਇਸ ਸਿੱਖ-ਸਮਝ ਦਾ ਬਿਰਤਾਂਤ ਭਾਈ ਸਾਹਿਬ ਦੇ ਨਾਵਲਾਂ ਵਿਚ ਆ ਗਿਆ ਹੈ। ਇਸ ਬਿਰਤਾਂਤ ਨੂੰ ਬਾਲ-ਬੁੱਧ ਪਾਠਕ, ਕਹਾਣੀ ਰਾਹੀਂ ਸਮਝ ਸਕਦਾ ਹੈ, ਸ਼ਰਧਾਲੂ-ਪਾਠਕ ਇਤਿਹਾਸ ਰਾਹੀਂ ਸਮਝ ਸਕਦਾ ਹੈ ਅਤੇ ਚੇਤਨ-ਪਾਠਕ ਸਿੱਖ-ਪਾਤਰਾਂ ਦੇ ਊਰਜਾ-ਸ੍ਰੋਤ ਬਾਣੀ ਰਾਹੀਂ ਸਮਝ ਸਕਦਾ ਹੈ। ਚੰਗੇ ਸਾਹਿਤ ਦਾ ਇਹੋ ਗੁਣ ਹੁੰਦਾ ਹੈ, ਜਿਹੜਾ ਹਰ ਵਰਗ ਜਾਂ ਹਰ ਪੱਧਰ ਦੇ ਪਾਠਕਾਂ ਨੂੰ ਸਰਚਾਉਣ ਦੀ ਸਮਰਥਾ ਰਖਦਾ ਹੋਵੇ। ਸਾਹਿਤ ਵਿਚ ਵਾਰਤਕ ਅਤੇ ਕਵਿਤਾ ਨੂੰ ਇਕੋ ਜਿੰਨੀ ਮਾਨਤਾ ਮਿਲੀ ਰਹਿੰਦੀ ਹੈ ਅਤੇ ਇਸ ਵਾਸਤੇ ਭਾਰਤੀ ਪਰੰਪਰਾ ਵਿਚ "ਸ਼ਬਦਾਡੰਬਰ" ਅਤੇ "ਮੀਤਾਕਸ਼ਰ" ਲਫਜ਼ ਵਰਤੇ ਗਏ ਹਨ।ਭਾਈ ਵੀਰ ਸਿੰਘ ਇਸ ਸਥਿਤੀ ਬਾਰੇ ਚੇਤੰਨ ਸਨ ਅਤੇ ਉਨ੍ਹਾਂ ਦੀ ਰਾਏ ਹੈ ਕਿ "ਜਦੋਂ ਇਤਿਹਾਸ ਵਿਚ "ਸ਼ਬਦਾਡੰਬਰ" ਦਾ ਰੂਪ ਦੇਕੇ ਲਿਖਿਆ ਜਾਂਦਾ ਹੈ ਤਾਂ ਇਤਿਹਾਸ ਇਕ ਅਲੰਕ੍ਰਿਤ ਰੂਪ ਵਿਚ ਲਿਸ਼ਕ ਪੈਂਦਾ ਹੈ।ਇਤਿਹਾਸ ਦੇ ਕਈ ਇਕ ਘਾਟੇ ਇਸ ਉਪਰਲੀ ਦਮਕ ਦੇ ਹੇਠਾਂ ਨਿਭ ਜਾਂਦੇ ਹਨ।ਇਸ ਤਰ੍ਹਾਂ ਦੇ ਲਿਖੇ ਇਤਿਹਾਸ ਨੂੰ ਪੜ੍ਹਨ ਵਾਲਿਆਂ ਦਾ ਬੀਰ ਰਸ, ਕਰੁਣਾ ਰਸ ਤੇ ਭਗਤੀ ਰਸ ਦੇ ਸੁਹਲ ਰਸਾਂ ਵਿਚ ਸੌਖਾ ਪਰਵੇਸ਼ ਹੋ ਜਾਂਦਾ ਹੈ। ਇਹਨਾਂ ਰਸਾਂ ਦੇ ਪ੍ਰਭਾਵ ਪਾਠਕਾਂ ਦੇ ਹਿਰਦਿਆਂ ਉਤੇ ਆਪਣੇ ਪ੍ਰਭਾਵਾਂ ਨੂੰ ਸੁਹਣੀ ਤਰ੍ਹਾਂ ਟਿਕਾ ਦੇਂਦੇ ਹਨ।*4

ਸਿੱਖ ਅਕਾਦਮਿਕਤਾ, ਕਿਸੇ ਨ ਕਿਸੇ ਸਾਹਿਤਕ-ਰੂਪ ਵਿਚ ਜਨਮਸਾਖੀਆਂ ਤੋਂ ਲੈਕੇ ਹੁਣ ਤੱਕ ਸਦਾ ਹੀ ਸਾਹਮਣੇ ਆਉਂਦੀ ਰਹੀ ਹੈ, ਕਿਉਂਕਿ ਸਿੱਖ-ਅਕਾਦਮਿਕਤਾ ਦੀਆਂ ਮੁਢਲੀਆਂ ਪੈੜਾਂ ਜਨਮਸਾਖੀ-ਸਾਹਿਤ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਸਿੱਖ-ਅਕਾਦਮਿਕਤਾ ਦੀ ਧੁਰੋਹਰ, ਹਰ ਹਾਲਤ ਵਿਚ ਬੇਸ਼ੱਕ ਬਾਣੀ ਹੀ ਰਹੀ ਹੈ। ਇਸ ਕਰਕੇ ਸਿੱਖ-ਅਕਾਦਮਿਕਤਾ ਦੀ ਨਿਸ਼ਾਨਦੇਹੀ ਵੀ ਬਾਣੀ ਨਾਲ ਜੋੜਕੇ ਜਾਂ ਬਾਣੀ ਦੀ ਰੌਸ਼ਨੀ ਵਿਚ ਹੀ ਕੀਤੀ ਜਾ ਸਕਦੀ ਹੈ। ਇਸ ਰਾਹ-ਦਿਖਾਵੀ ਧਾਰਨਾ ਦਾ ਲਾਹਾ ਲੈਣਾ ਹੈ ਜਾਂ ਨਹੀਂ ਲੈਣਾ, ਇਸ ਦਾ ਫੈਸਲਾ ਤਾਂ ਕਿਸੇ ਵੀ ਸਮਕਾਲ ਦੇ ਅਕਾਦਮੀਸ਼ਨਾਂ ਨੇ ਕਰਨਾ ਹੁੰਦਾ ਹੈ। ਸਾਖੀਕਾਰ ਦੀ ਅਕਾਦਮਿਕ ਚੋਣ, ਭਾਈ ਗੁਰਦਾਸ ਦੀ ਅਕਾਦਮਿਕ ਚੋਣ ਅਤੇ ਭਾਈ ਸੰਤੋਖ ਸਿੰਘ ਦੀ ਅਕਾਦਮਿਕ ਚੋਣ ਇਕੋ ਜਿਹੀ ਨਹੀਂ ਸੀ। ਸਾਖੀਕਾਰੀ-ਸ਼ੈਲੀ ਵਿਚ ਨਾਨਕ-ਪਛਾਣ ਨੂੰ ਪਹਿਲ ਪ੍ਰਾਪਤ ਸੀ ਅਤੇ ਹੈ ਅਤੇ ਭਾਈ ਗੁਰਦਾਸ ਦੀਆਂ ਲਿਖਤਾਂ ਵਿਚ ਬਾਣੀ ਨੂੰ ਪਹਿਲ ਪ੍ਰਾਪਤ ਸੀ ਅਤੇ ਹੈ। ਕਵੀ ਸੰਤੋਖ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਪ੍ਰਸੰਗ ਦੀ ਲੋੜ ਮੁਤਾਬਿਕ ਵਰਤਿਆ ਹੈ। ਸਿੱਖ-ਅਕਾਦਮਿਕਤਾ ਦੀਆਂ ਇਹ ਤਿੰਨੇ ਪਰਤਾਂ, ਸਿੱਖਾਂ ਵਲੋਂ ਅਤੇ ਸਿੱਖਾਂ ਵਾਸਤੇ ਸਨ। ਪਰੰਤੂ ਇਸ ਵੇਲੇ ਦੀਆਂ ਲਿਖਤਾਂ ਇਹੋ ਜਿਹੀ ਹੱਦਬੰਦੀ ਨੂੰ ਛੜੱਪ ਗਈਆਂ ਹਨ। ਏਸੇ ਕਰਕੇ ਇਹੋ ਜਿਹੇ ਪਵਿੱਤਰ-ਬੰਧਨ ਤੋਂ ਵਰਤਮਾਨ ਸਿੱਖ-ਅਕਾਦਮਿਕਤਾ ਮੁਕਤ ਹੋ ਗਈ ਹੈ। ਇਸ ਦਾ ਵਡਾ ਕਾਰਣ ਤਾਂ ਇਹੀ ਹੈ ਕਿ ਸਿੱਖ-ਧਰਮ ਦੇ ਸ਼ਰਧਾਲੂ-ਪਾਠਕਾਂ ਦੇ ਨਾਲ ਨਾਲ ਸਿੱਖ-ਧਰਮ ਦੇ ਵਿਦਿਆਰਥੀ ਅਤੇ ਪੜ੍ਹੇ ਲਿਖੇ ਪਾਠਕ ਵੀ ਪੈਦਾ ਹੋ ਗਏ ਹਨ। ਨਤੀਜੇ ਵਜੋਂ ਵਰਤਮਾਨ ਅਕਾਦਮਿਕਤਾ ਵਿਚ ਇਤਿਹਾਸਮੁਖੀ ਪਹਿਲੂਆਂ ਉਤੇ ਬਾਣੀ-ਪਹਿਲੂ ਭਾਰੂ ਹੁੰਦੇ ਜਾ ਰਹੇ ਹਨ। ਮਿਸਾਲ ਦੇ ਤੌਰ ਤੇ ਜੇ ਬਾਣੀ ਵਿਚ ਕਰਾਮਾਤ ਨੂੰ ਮਾਨਤਾ ਨਹੀਂ ਮਿਲੀ ਹੋਈ ਤਾਂ ਇਤਿਹਾਸ ਜਾਂ ਸਾਹਿਤ ਵਿਚ ਪਰਵੇਸ਼ ਕਰਨ ਵਾਲੇ ਕਰਾਮਾਤੀ-ਅੰਸ਼ਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ

ਲੱਗ ਪਿਆ ਹੈ। ਇਸ ਅਕਾਦਮਿਕ ਪ੍ਰਸੰਗ ਦੀਆਂ ਪੈੜਾਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਲਭੀਆਂ ਜਾ ਸਕਦੀਆਂ ਹਨ। ਫਰਕ ਇਹ ਪਿਆ ਹੈ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਤਰ ਤਾਂ ਸਿੱਖ ਹਨ, ਪਰ ਭਾਈ ਸਾਹਿਬ ਦੇ ਨਾਵਲਾਂ ਦੇ ਪਾਠਕ ਵੀ ਸਿੱਖ ਹੀ ਹਨ। ਇਸ ਕਰਕੇ ਲੇਖਕ ਦਾ ਸੰਬੋਧਨੀ-ਵਰਗ ਉਸ ਤਰ੍ਹਾਂ ਵਿਸ਼ਾਲ ਨਹੀਂ ਹੈ, ਜਿਸ ਤਰ੍ਹਾਂ ਵਰਤਮਾਨ ਸਿੱਖ-ਅਕਾਦਮਿਕਤਾ ਦਾ ਬਹੁਤ ਵਿਸ਼ਾਲ ਹੋ ਗਿਆ ਹੈ। ਹਰ ਸਮਕਾਲ ਦਾ ਸੰਬੋਧਨੀ ਵਰਗ ਬਦਲਦਾ ਰਹਿੰਦਾ ਹੈ। ਮਿਸਾਲ ਦੇ ਤੌਰ ਤੇ ਸਾਖੀਕਾਰੀ ਦਾ ਸੰਬੋਧਨੀ-ਵਰਗ ਸਿੱਖ ਸ਼ਰਧਾਲੂ ਸਨ। ਪਰ ਭਾਈ ਗੁਰਦਾਸ ਦਾ ਸੰਬੋਧਨੀ ਵਰਗ, ਸਿੱਖ ਸ਼ਰਧਾਲੂਆਂ ਦੇ ਨਾਲ ਨਾਲ ਸਮਕਾਲੀ ਧਰਮਾਂ ਦੇ ਧਾਰਮਿਕ ਜਗਿਆਸੂ ਵੀ ਹੋ ਗਏ ਸਨ। ਕਵੀ ਸੰਤੋਖ ਸਿੰਘ ਦਾ ਸੰਬੋਧਨੀ-ਵਰਗ ਹੋਰ ਵੀ ਵਿਸ਼ਾਲ ਹੋ ਜਾਂਦਾ ਹੈ ਕਿਉਂਕਿ "ਸੂਰਜ ਪ੍ਰਕਾਸ਼" ਦੀ ਕਥਾ ਗੁਰਦੁਆਰਿਆ ਵਿਚ ਹੋਣ ਲੱਗ ਪਈ ਸੀ ਅਤੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਨੂੰ ਸਿੱਖ-ਇਤਿਹਾਸਕਾਰੀ ਦੇ ਸ੍ਰੋਤ ਵਜੋਂ ਵੀ ਵਰਤਿਆ ਜਾਣ ਲੱਗ ਪਿਆ ਸੀ ਅਤੇ ਹੈ।ਬੇਸ਼ੱਕ ਕਵੀ ਸੰਤੋਖ ਸਿੰਘ ਦੀਆਂ ਰਚਨਾਵਾਂ ਵਿਚ ਇਹੋ ਜਿਹੇ ਪ੍ਰਭਾਵ ਵੀ ਪਰਵੇਸ਼ ਕਰਦੇ ਗਏ ਹਨ, ਜਿਹੜੇ ਸਿੱਖ-ਸੁਰ ਨਾਲ ਮੇਲ ਨਹੀਂ ਖਾਂਦੇ। ਇਨ੍ਹਾਂ ਘਾਟਾਂ ਨੂੰ ਭਾਈ ਵੀਰ ਸਿੰਘ ਨੇ ਸੰਪਾਦਤ ਕਰਦਿਆਂ ਪੂਰਾ ਕਰਨ ਦਾ ਅਕਾਦਮਿਕ ਯਤਨ ਕੀਤਾ ਹੋਇਆ ਹੈ। ਏਸੇ ਕਰਕੇ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿ ਇਹੋ ਜਿਹੇ ਸਿੱਖ-ਸਾਹਿਤ ਦੀ ਵਿਰਾਸਤ ਨੂੰ ਜੇ ਸ਼ਰਧਾਲੂ-ਵਾਰਸ ਸੰਭਾਲਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਬੇਲੋੜੇ ਪ੍ਰਸੰਗਾਂ ਨੂੰ ਕਢਣ ਵਾਲੇ ਰਾਹ ਪੈਣਾ ਚਾਹੇਗਾ, ਜਿਵੇਂ ਸਿੰਘ ਸਭਾਈ ਸੋਚ ਵਾਲੇ ਅਕਾਲੀ ਕੌਰ ਸਿੰਘ ਵਰਗੇ ਵਿਦਵਾਨ, "ਸੂਰਜ ਪ੍ਰਕਾਸ਼" ਦੀ ਸੰਪਾਦਨਾ ਕਰਕੇ ਕਰਨਾ ਚਾਹੁੰਦੇ ਸੀ। ਜੇ ਇਸ ਸਾਹਿਤਕ ਵਿਰਾਸਤ ਦੀ ਵਰਤੋਂ ਸਮਕਾਲ ਨੂੰ ਨਾਲ ਲੈਕੇ ਤੁਰਨ ਦੀ ਸੁਜੱਗਤਾ ਨਾਲ ਕੀਤੀ ਜਾਵੇਗੀ ਤਾਂ ਬੇਲੋੜੇ ਪ੍ਰਸੰਗਾਂ ਨੂੰ, ਮੂਲ ਟੈਕਸਟ ਨਾਲ ਛੇੜਛਾੜ ਕੀਤੇ ਬਿਨਾਂ, ਪੈਰ-ਟਿਪਣੀਆਂ ਦੇਕੇ ਹੱਲ ਕਢਿਆ ਜਾ ਸਕਦਾ ਹੈ, ਜਿਵੇਂ ਭਾਈ ਵੀਰ ਸਿੰਘ ਨੇ ਕੀਤਾ ਸੀ। ਇਸ ਸੋਝੀ ਦੀ ਵਰਤੋਂ ਭਾਈ ਸਾਹਿਬ ਨੇ ਆਪਣੇ ਨਾਵਲਾਂ ਵਿਚ ਵੀ ਕੀਤੀ ਹੋਈ ਹੈ ਅਤੇ ਉਨ੍ਹਾਂ ਇਤਿਹਾਸਕ ਪੁਸਤਕਾਂ ਦੇ ਹਵਾਲੇ ਪੈਰ-ਟਿਪਣੀਆਂ ਵਜੋਂ ਦੇ ਦਿਤੇ ਹਨ, ਜਿੰਨ੍ਹਾਂ ਦੀ ਵਰਤੋਂ ਨਾਵਲਾਂ ਦੇ ਪਾਤਰਾਂ ਰਾਹੀਂ ਹੋਈ ਹੈ।

ਇਸ ਨਾਲ ਇਹ ਨੁਕਤਾ ਸਥਾਪਤ ਹੋ ਜਾਂਦਾ ਹੈ ਕਿ ਸਿੱਖ-ਅਕਾਦਮਿਕਤਾ ਆਪਣੀ ਵਿਰਾਸਤੀ ਨਿਰੰਤਰਤਾ ਵਿਚ ਤੁਰਦੀ ਰਹੀ ਹੈ। ਇਸ ਪੈਂਡੇ ਵਿਚ ਸਿੰਘ ਸਭਾ ਲਹਿਰ ਦੀ ਅਹਿਮ ਭੂਮਿਕਾ ਰਹੀ ਹੈ। ਇਸ ਭੂਮਿਕਾ ਨੂੰ ਪ੍ਰਸੰਗ ਵਿਚੋਂ ਕਢਕੇ ਵੇਖਣ ਵਾਲਿਆਂ ਨੇ ਵਧੀਕੀਆਂ ਵੀ ਕੀਤੀਆਂ ਹਨ।ਇਸ ਦੇ ਬਾਵਜੂਦ ਸਿੰਘ ਸਭਾ ਲਹਿਰ ਨੇ ਜਿਸ ਕਿਸਮ ਦੀ ਅਕਾਦਮਿਕ-ਫਸਲ ਪੈਦਾ ਕੀਤੀ ਸੀ, ਉਸ ਨੂੰ ਵਰਤਮਾਨ ਸਿੱਖ-ਅਕਾਦਮਿਕਤਾ ਦੀ ਧੁਰੋਹਰ ਵੀ ਮੰਨਣਾ ਚਾਹੀਦਾ ਹੈ ਅਤੇ ਅਕਾਦਮਿਕਤਾ ਵਾਸਤੇ ਰੋਲ-ਮਾਡਲ ਵੀ ਮੰਨਿਆ ਜਾ ਸਕਦਾ ਹੈ। ਸਿੰਘ ਸਭਾ ਲਹਿਰ ਦੀ ਉਸਾਰੂ-ਅਕਾਦਮਿਕਤਾ ਦਾ ਮੁਖੀਆ ਤਾਂ ਭਾਈ ਵੀਰ ਸਿੰਘ ਹੀ ਹੈ। ਪਰ ਸਿੰਘ ਸਭਾ ਲਹਿਰ ਦੀ ਖੋਜੀ-ਅਕਾਦਮਿਕਤਾ ਦਾ ਮੋਢੀ ਭਾਈ ਕਾਨ੍ਹ ਸਿੰਘ ਨਾਭਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦੀ ਗੱਲ ਇਥੋਂ ਵੀ ਸ਼ੁਰੂ ਕੀਤੀ ਜਾ ਸਕਦੀ ਹੈ ਕਿ ਇਹਨਾਂ ਨਾਵਲਾਂ ਨਾਲ ਸਿੱਖ-ਏਜੰਡੇ ਦਾ ਇਕ ਨਵਾਂ ਕਾਂਡ ਸ਼ੁਰੂ ਹੁੰਦਾ ਹੈ ਕਿਉਂਕਿ ਇਹਨਾਂ ਨਾਵਲਾਂ ਦੇ ਆਧਾਰ ਤੇ ਸਿੱਖ-ਬਿਰਤਾਂਤ ਦੀ ਪੁਨਰ-ਉਸਾਰੀ ਕੀਤੀ ਜਾ ਸਕਦੀ ਹੈ। ਧਨੀ ਰਾਮ ਚਾਤ੍ਰਿਕ ਦੇ ਸ਼ਬਦਾਂ ਵਿਚ ਭਾਈ ਸਾਹਿਬ ਦੀਆਂ ਇਹ ਲਿਖਤਾਂ "ਗੁਰਮਤਿ ਦੇ ਆਸ਼ਿਆਂ ਅਤੇ ਸੁਧਾਰਾਂ ਦੀ ਕੁੰਜੀ ਹਨ"। ਇਹਨਾਂ ਨਾਵਲਾਂ ਵਿਚੋਂ ਭਾਈ ਸਾਹਿਬ ਦੀ ਪਰਚਾਰਕ ਸਿੱਖ-ਭੂਮਿਕਾ ਤੇ ਜ਼ੋਰ ਕੁਝ ਵਧੇਰੇ ਹੀ ਦਿਤਾ ਜਾਂਦਾ ਰਿਹਾ ਹੈ। ਮੇਰੀ ਧਾਰਨਾ ਹੈ ਕਿ ਵਰਤਮਾਨ ਵਿਚ ਸਿੱਖ ਇਤਿਹਾਸ ਨੂੰ ਗੁਰਬਾਣੀ ਉਤੇ ਪਹਿਲ ਬੇਸ਼ਕ ਪ੍ਰਾਪਤ ਹੁੰਦੀ ਰਹੀ ਹੈ ਅਤੇ ਇਸ ਦੇ ਸਿੱਟੇ ਵਜੋਂ ਇਤਿਹਾਸ ਦੇ ਸਿੱਖਾਂ ਅਤੇ ਬਾਣੀ ਦੇ ਸਿੱਖਾਂ ਦੀਆਂ ਕੋਟੀਆਂ ਨਜ਼ਰ ਵੀ ਆਉਣ ਲੱਗ ਪਈਆਂ ਸਨ। ਪਰ ਇਸ ਵੰਡ ਨੂੰ ਭਾਈ ਸਾਹਿਬ ਨੇ ਜਿਸ ਤਰ੍ਹਾਂ ਆਪਣੇ ਨਾਵਲਾਂ ਵਿਚ ਹੱਲ ਕੀਤਾ ਹੈ, ਇਹ ਰੀਸ ਕਰਣਯੋਗ ਹੈ। ਬਦਕਿਸਮਤੀ ਇਹ ਹੈ ਕਿ ਵਰਤਮਾਨ ਵਿਚ ਇਹਨਾਂ ਦੋਹਾਂ ਦੀ ਸੰਸਥਾਤਮਿਕ-ਪ੍ਰਤੀਨਿਧਤਾ ਕ੍ਰਮਵਾਰ ਸ਼੍ਰੋਮਣੀ ਕਮੇਟੀ ਅਤੇ ਸੰਤ ਸਮਾਜ ਕਰਨ ਲੱਗ ਪਿਆ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਬਾਣੀ ਅਤੇ ਇਤਿਹਾਸ ਇਕ ਦੂਜੇ ਦੇ ਪੂਰਕ ਵਜੋਂ ਸਾਹਮਣੇ ਆਉਂਦੇ ਹਨ। ਇਤਿਹਾਸ ਦੀ ਪ੍ਰੇਰਨਾ ਜੇ ਭਾਈ ਵੀਰ ਸਿੰਘ ਦੇ ਪਾਤਰਾਂ ਨੂੰ ਉਤਸ਼ਾਹਤ ਕਰਦੀ ਹੈ ਤਾਂ ਬਾਣੀ ਉਸ ਉਤਸ਼ਾਹ ਨੂੰ ਊਰਜਿਤ ਵੀ ਕਰਦੀ ਹੈ ਅਤੇ ਪੱਕਿਆਂ ਵੀ ਕਰਦੀ ਹੈ।ਇਸ ਧਾਰਨਾ ਦੀ ਪੁਸ਼ਟੀ ਮਾਸਟਰ ਤਾਰਾ ਸਿੰਘ ਦੇ ਇਹਨਾਂ ਸ਼ਬਦਾਂ ਨਾਲ ਹੋ ਜਾਂਦੀ ਹੈ ਕਿ "ਭਾਈ ਸਾਹਿਬ, ਸਿੰਘ ਸਭਾ ਦੀ ਰੂਹ ਸਨ। ਜੋ ਆਪ ਨੇ ਲਿਖਿਆ ਓਹ ਗੁਰੂ ਆਦਰਸ਼ ਦੀ ਰੂਹ ਹੈ। ਲੋਕਾਂ ਨੂੰ ਕੇਸ਼ ਰਖਾਕੇ ਅੰਮ੍ਰਿਤ ਛਕਾਇਆ ਜਾਂਦਾ ਸੀ, ਪਰ ਮੈਨੂੰ ਅੰਮ੍ਰਿਤ ਛਕਾਕੇ ਕੇਸ ਰਖਾਏ ਗਏ ਸਨ। ਕਈਆਂ ਨੂੰ ਸੰਸਾ ਸੀ ਕਿ ਮੈਂ ਤਿਆਰ ਬਰ ਤਿਆਰ ਹੋਕੇ ਸਿੰਘ ਨਹੀਂ ਸਜਿਆ, ਖਬਰੇ ਤਿਲ੍ਹਕ ਨ ਜਾਵਾਂ। ਮੈਨੂੰ ਯਾਦ ਹੈ ਸਰਦਾਰ ਰਾਮ ਰੱਖਾ ਸਿੰਘ ਨੇ ਮੈਨੂੰ ਸਿੱਖੀ ਵਿਚ ਪੱਕਿਆਂ ਰੱਖਣ ਲਈ ਦੋ ਕਿਤਾਬਾਂ ਪੜ੍ਹਣ ਲਈ ਦਿਤੀਆਂ, ਓਹ ਸਨ "ਸੁੰਦਰੀ" ਤੇ "ਬਿਜੈ ਸਿੰਘ"। ਇਹ ਪੁਸਤਕਾਂ ਸਿੱਖੀ ਸ਼ਰਧਾ ਨਾਲ ਭਰਪੂਰ ਹਨ ਅਤੇ ਸਿੰਘ ਸਭਾ ਲਹਿਰ ਦੇ ਪਰਚਾਰ ਦੀਆਂ ਮੋਢੀ ਸਨ ਅਤੇ ਹਨ"।*7

ਇਸ ਵਿਚ ਤਾਂ ਕੋਈ ਸ਼ੱਕ ਨਹੀਂ ਹੈ ਕਿ ਭਾਈ ਸਾਹਿਬ ਦੇ ਨਾਵਲ, ਸਿੱਖ ਭਾਵਨਾ ਨੂੰ ਪਰਣਾਏ ਹੋਏ ਹਨ। "ਸੁੰਦਰੀ" ਨਾਵਲ ਦੀ ਅੰਤਿਕਾ[1] ਵਜੋਂ ਇਹ ਰੀਕਾਰਡ ਕੀਤਾ ਹੋਇਆ ਹੈ ਕਿ ਆਸ਼ਾ, ਸਿੱਖਾਂ ਨੂੰ ਸਿੱਖੀ ਅਸੂਲਾਂ ਨਾਲ ਜੋੜਣਾ ਹੈ। ਕਾਰਣ ਇਹ ਸੀ ਕਿ

"ਸਿੱਖੀ ਵਿਚ ਰਲੇ ਪੈ ਗਏ ਹਨ। ਰਾਜ ਜਾਣ ਦੇ ਮਗਰੋਂ ਇਹ ਹਾਲ ਸੀ ਕਿ ਸਾਡੇ ਮੰਦਰਾਂ ਵਿਚ ਬੁੱਤ ਪ੍ਰਸਤੀ ਤੇ ਘਰਾਂ ਵਿਚ ਅਨਮਤੀ ਪ੍ਰਵੇਸ਼ ਕਰ ਗਈ ਸੀ। ਸਿੱਖ ਮਾਵਾਂ ਵਿਚ ਆਦਰਸ਼ ਮਿਲਗੋਭਾ ਜਿਹਾ ਹੋ ਗਿਆ ਸੀ। ਸਿੱਖ ਧੀਆਂ ਦੂਜੇ ਅਵਤਾਰਾਂ ਦੇ ਗੀਤ ਗਾਉਂਦੀਆਂ ਤੇ ਆਰਤੀ ਉਤਾਰਦੀਆਂ ਸਨ। ਗਿਆਨੀਆਂ ਨੂੰ ਪੁਰਾਣਕ ਤੇ ਸੂਫੀਆਂ ਦੇ ਰੰਗ ਚੜ੍ਹ ਗਏ ਸਨ, ਗੁਰਦਵਾਰੀਏ ਆਪ ਸਿੱਖਾਂ ਵਿਰੁਧ ਰਸਮਾਂ ਸ਼ਾਮਲ ਕਰ ਬੈਠੇ ਸਨ"। ਏਸ ਸੁਰ ਦੀ ਪ੍ਰਸੰਗਕ-ਸਥਾਪਤੀ ਕੀਤੇ ਜਾਣ ਦੀ ਥਾਂ ਤੇ ਇਹ ਅਲੋਚਨਾ ਹੁੰਦੀ ਰਹੀ ਕਿ ਇਹ ਸੰਪਰਦਾਇਕ ਪਹੁੰਚ ਹੈ ਅਤੇ ਇਸ ਦਾ ਉਸਾਰੂ ਪਹਿਲੂ ਨਹੀਂ ਉਸਾਰਿਆ ਜਾ ਸਕਦਾ। ਨਾਲ ਹੀ ਇਹ ਵੀ ਕਿਹਾ ਗਿਆ ਕਿ ਭਾਈ ਸਾਹਿਬ ਦਾ ਜੋ ਵਤੀਰਾ ਜਾਂ ਦ੍ਰਿਸ਼ਟੀ ਮੁਸਲਮਾਨ ਪਾਤਰਾਂ ਬਾਰੇ ਹੈ, ਉਹ ਈਸਾਈ ਪਾਤਰਾਂ ਬਾਰੇ ਨਹੀਂ ਹੈ। ਇਹ ਠੀਕ ਹੈ ਕਿ "ਬਾਬਾ ਨੌਧ ਸਿੰਘ" ਵਿਚ ਅੰਗ੍ਰੇਜ਼ ਹਕੂਮਤ ਦੇ ਅਫਸਰਾਂ ਨਾਲ ਉਹੀ ਵਤੀਰਾ ਰੱਖਿਆ ਜਾ ਰਿਹਾ ਸੀ, ਜਿਸ ਨਾਲ ਆਮ ਆਦਮੀ ਦਾ ਭਲਾ ਹੋ ਸਕੇ। ਜਿਥੋਂ ਤੱਕ ਸਮੇਂ ਦੀ ਸਰਕਾਰ ਪ੍ਰਤੀ ਭਾਈ ਸਾਹਿਬ ਦੇ ਦ੍ਰਿਸ਼ਟੀਕੋਣ ਦਾ ਸਬੰਧ ਹੈ, ਉਹ 1911 ਦੀ ਸਰਕਾਰੀ ਡਾਇਰੀ ਤੋਂ ਪਤਾ ਲਗ ਜਾਂਦਾ ਹੈ ਕਿ ਸਰਕਾਰ ਦੀ ਉਨ੍ਹਾਂ ਬਾਰੇ ਕੀ ਰਾਏ ਸੀ।ਰੀਪੋਰਟ ਇਸ ਪ੍ਰਕਾਰ ਹੈ-"ਭਾਈ ਵੀਰ ਸਿੰਘ ਖਾਲਸਾ ਸਮਾਚਾਰ ਦਾ ਐਡੀਟਰ ਅਤੇ ਮੈਨੇਜਰ ਹੈ। ਸਿੱਖਾਂ ਵਿਚ ਜਾਗ੍ਰਿਤੀ ਲਿਆਉਣ ਵਿਚ ਵੀਰ ਸਿੰਘ ਇਕ ਉਘੀ ਹਸਤੀ ਹੈ ਅਤੇ ਦਿਲੋਂ ਬ੍ਰਿਟਿਸ਼ ਰਾਜ ਦਾ ਬਾਗ਼ੀ ਹੈ। ਇਸ ਨੂੰ ਸੁਖੈਨਤਾ ਨਾਲ ਪੱਕਾ ਨਵਾਂ ਸਿੱਖ ਤੇ ਬ੍ਰਿਟਿਸ਼ ਵਿਰੋਧੀ ਗਰਦਾਨਿਆ ਜਾ ਸਕਦਾ ਹੈ"।*[8] ਅਸਲ ਵਿਚ ਮਸਲਾ ਇਥੋਂ ਸ਼ੁਰੂ ਹੁੰਦਾ ਹੈ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਕਿਸੇ ਵੀ ਕਿਸਮ ਦੀ ਸਿਆਸਤ ਗੁੰਮ ਹੈ।ਇਥੋਂ ਤੱਕ ਕਿ ਹਕੂਮਤੀ-ਆਤੰਕ ਵਿਰੁਧ ਸਿੱਖ-ਨਾਬਰੀ ਜਿਵੇਂ ਸਿੱਖ ਇਤਿਹਾਸ ਵਿਚ ਸਥਾਪਤ ਹੋ ਚੁੱਕੀ ਸੀ, ਉਸੇ ਨੂੰ ਨਾਵਲੀ ਵਿਧਾ ਵਿਚ ਪਾਤਰਾਂ ਰਾਹੀਂ ਸਾਹਮਣੇ ਲਿਆਂਦਾ ਗਿਆ ਸੀ। ਸੁੰਦਰੀ ਅਤੇ ਸਤਵੰਤ ਕੌਰ ਲਗਾਤਾਰ ਮੁਸਲਮਾਨ ਲੋੜਵੰਦਾਂ ਦੀ ਮਦਦ ਕਰਦੀਆਂ ਬਲਦੀ ਦੇ ਬੁੱਥੇ ਆਉਂਦੀਆਂ ਰਹੀਆਂ ਹਨ। ਸਤਵੰਤ ਤਾਂ ਆਪਣੇ ਵੈਰੀ ਨੂੰ ਉਸ ਦੀ ਵਹੁਟੀ ਦੇ ਭੇਸ ਵਿਚ ਜਾਕੇ ਮੌਤ ਦੇ ਮੂੰਹ ਵਿਚੋਂ ਬਚਾਉਂਦੀ ਹੈ। ਇਸ ਕਰਕੇ ਇਹ ਦੋਸ਼ ਠੀਕ ਨਹੀਂ ਹੈ ਕਿ ਨਾਵਲਾਂ ਦੇ ਪਾਤਰ ਮਹਿਜ਼ ਫਿਰਕੇਦਾਰੀ ਰੰਗ ਵਿਚ ਰੰਗੀਚਕੇ ਹੀ ਵਿਚਰਦੇ ਨਜ਼ਰ ਆਉਂਦੇ ਹਨ।

ਭਾਈ ਸਾਹਿਬ ਦੇ ਨਾਵਲਾਂ ਨੂੰ ਲੈਕੇ ਕੋਈ ਧਾਰਨਾ ਬਨਾਉਣ ਤੋਂ ਪਹਿਲਾਂ ਇਹ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ ਕਿ ਸਾਰੇ ਹੀ ਨਾਵਲ 1746 ਤੋਂ ਲੈਕੇ 1761 ਦੇ ਦਰਮਿਆਨ ਵਾਪਰ ਜਾਂਦੇ ਹਨ। ਇਹ ਸਮਾਂ ਛੋਟੇ ਘਲੂਘਾਰੇ ਨਾਲ ਸ਼ੁਰੂ ਹੁੰਦਾ ਹੈ ਅਤੇ ਵਡੇ ਘਲੂਘਾਰੇ ਤੇ ਜਾਕੇ ਸਮਾਪਤ ਹੋ ਜਾਂਦਾ ਹੈ। ਸਿੱਖਾਂ ਤੇ ਇਹ ਸਮਾਂ ਬਹੁਤ ਹੀ ਬਿਖੜਾ ਸਮਾਂ ਸੀ। ਇਸ ਸਮੇਂ ਦੀ ਤਾਸੀਰ ਨੂੰ ਜਾਨਣ ਲਈ ਇੰਨਾਂ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ ਕਿ ਜ਼ਕਰੀਆਂ ਖਾਨ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਦੀਆਂ ਸਕੀਮਾਂ ਬਣਾ ਹੀ ਰਿਹਾ ਸੀ ਕਿ ਉਸ ਦੀ 1745 ਵਿਚ ਮੌਤ ਹੋ ਗਈ ਸੀ। ਇਸ ਦੇ ਤਿੰਨੇ ਪੁੱਤਰ ਆਪਸ ਵਿਚ ਸਿਆਸੀ ਲੜਾਈ ਲੜ ਰਹੇ ਸਨ। ਇਹੀ ਸਮਾਂ ਸੀ, ਜਦੋਂ ਮਿਸਲਾਂ ਦਾ ਆਗਾਜ਼ ਹੋ ਰਿਹਾ ਸੀ :

**ਸਿੱਖ ਭੀ ਰਖੈਂ ਪਾਤਸ਼ਾਹੀ ਦਾਹਵਾ। ਮਾਰੈਂ ਤੁਰਕਨ ਕਰਕੇ ਧਾਵਾ।**

ਜਸਪਤ ਰਾਇ ਦੀ ਲੜਾਈ ਵਿਚ ਮੌਤ ਹੋ ਜਾਣ ਕਰਕੇ ਉਸ ਦਾ ਭਰਾ ਲਖਪਤ ਰਾਇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਤੇ ਉਤਾਰੂ ਹੋ ਗਿਆ ਸੀ। ਉਸ ਦੇ ਹੰਕਾਰ ਦਾ ਆਲਮ ਇਹ ਸੀ ਕਿ ਉਸ ਨੇ ਐਲਾਨ ਕੀਤਾ ਹੋਇਆ ਸੀ ਕਿ "ਸਿੱਖੀ ਇਕ ਖਤਰੀ ਨੇ ਸ਼ੁਰੂ ਕੀਤੀ ਸੀ ਅਤੇ ਇਸ ਨੂੰ ਖਤਮ ਵੀ ਇਕ ਖਤਰੀ ਹੀ ਕਰੇਗਾ"। ਯਾਹੀਆਂ ਖਾਨ ਨੇ ਇਸ ਦਾ ਸਿਆਸੀ ਲਾਹਾ ਲੈਣ ਦੀ ਠਾਨ ਲਈ ਸੀ। ਕਾਹਨੂੰਵਾਨ ਦੇ ਛੰਭ ਵਿਚ ਸਿੱਖਾਂ ਨੂੰ ਸਰਕਾਰੀ ਫੌਜਾਂ ਨੇ ਘੇਰ ਲਿਆ ਸੀ। 1746 ਦੇ ਜੂਨ ਮਹੀਨੇ ਵਿਚ ਘੇਰਾ ਇੰਨਾਂ ਸਖਤ ਕਰ ਦਿੱਤਾ ਗਿਆ ਸੀ ਕਿ ਘਿਰੇ ਹੋਏ ਸਿੱਖਾਂ ਕੋਲ ਚੋਣ, ਭੁੱਖੇ ਮਰਨ ਅਤੇ ਲੜਕੇ ਮਰਨ ਵਿਚਕਾਰ ਹੀ ਸੀ। ਇਸ ਦਾ ਹਵਾਲਾ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਪ੍ਰਾਪਤ ਹੈ:

**ਅੱਧੀ ਮੌਤ ਮੁਸਾਫਰੀ, ਸਾਰੀ ਮੌਤ ਸੁ ਭੁਖ।**
**ਊਹਾਂ ਆਇ ਦੋਊ ਮਿਲੀ, ਯਹਿ ਭਯੋ ਖਾਲਸੇ ਦੁਖ।**

ਇਸ ਛੋਟੇ ਘਲੂਘਾਰੇ ਵਿਚ ਪੰਥ ਪ੍ਰਕਾਸ਼ ਅਨੁਸਾਰ ਵੱਖ ਵੱਖ ਰਾਇਆਂ ਹਨ। ਕਿਸੇ ਮੁਤਾਬਿਕ ਚਾਲੀ ਹਜ਼ਾਰ ਸਿੱਖਾਂ ਵਿਚੋਂ ਕੇਵਲ ਛੇ ਸਤ ਹਜ਼ਾਰ ਹੀ ਬਚੇ ਸਨ। ਕੁਝ ਮੁਤਾਬਿਕ 85 ਹਜ਼ਾਰ ਸਿੱਖਾਂ ਵਿਚੋਂ 40 ਹਜ਼ਾਰ ਸ਼ਹੀਦ ਹੋ ਗਏ ਸਨ।ਪਰ ਪੱਕੇ ਤੌਰ ਤੇ 10 ਹਜ਼ਾਰ ਸਿੱਖਾਂ ਦੇ ਸ਼ਹੀਦ ਹੋਣ ਦੀ ਗਵਾਹੀ ਮਿਲਦੀ ਹੈ।

ਵਡੇ ਘਲੂਘਾਰੇ ਦਾ ਸਬੰਧ ਅਬਦਾਲੀ ਦੇ ਹਮਲੇ ਨਾਲ ਹੈ।ਇਹ 1748-1761 ਦਾ ਸਮਾਂ ਹੈ, ਜਦੋਂ ਅਬਦਾਲੀ ਸਾਰੇ ਹਿੰਦੁਸਤਾਨ ਨੂੰ ਲੁੱਟਦਾ ਰਿਹਾ ਅਤੇ ਸਿੱਖਾਂ ਵਲੋਂ ਲੁੱਟਿਆ ਜਾਂਦਾ ਰਿਹਾ। ਉਸ ਨੇ ਮੀਰ ਮੰਨੂ ਨੂੰ ਵਾਗ ਡੋਰ ਸੌਂਪੀ ਹੋਈ ਸੀ। ਮੀਰ ਮਨੂੰ ਵਲੋਂ ਦਿੱਤੇ ਗਏ ਤਸੀਹਿਆਂ ਦਾ ਹਵਾਲਾ ਤਾਂ ਸਿੱਖਾਂ ਦੀ ਅਰਦਾਸ ਵਿਚ "ਸਵਾ ਸਵਾ ਮਨ ਦੇ ਪੀਸਣੇ ਪੀਸੇ" ਵਜੋਂ ਸ਼ਾਮਲ ਹੈ ਅਤੇ ਲੋਕ-ਯਾਦ ਦਾ ਵੀ ਹਿੱਸਾ ਹੈ:

**ਮੰਨੂ ਅਸਾਂ ਦੀ ਦਾਤਰੀ, ਅਸੀਂ ਮੰਨੂ ਦੇ ਸੋਏ।**
**ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਣੇ ਹੋਏ।**

ਵਡਾ ਘਲੂਘਾਰਾ ਫਰਵਰੀ 1762 ਨੂੰ ਵਾਪਰਿਆ ਸੀ। ਅਬਦਾਲੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਬਰਨਾਲੇ ਕੋਲ ਕੁੱਪ ਰਹੀੜੇ ਦੇ ਜੰਗਲ ਵਿਚ ਸਿੱਖਾਂ ਨੂੰ ਘੇਰਾ ਪਾ ਲਿਆ ਸੀ। ਇਹੋ ਮੌਕਾ ਸੀ ਜਿਸ ਬਾਰੇ ਸਿੱਖ ਸਿਮਰਤੀ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਇਸ ਘਲੂਘਾਰੇ ਵਿਚ ਕੋਈ ਵੀ ਪੱਗਬੰਨ੍ਹ ਸਿੱਖ ਨਹੀਂ ਸੀ, ਜੋ ਫੱਟੜ ਨਹੀਂ ਹੋਇਆ ਸੀ। ਇਨ੍ਹਾਂ ਹਾਲਾਤ ਨਾਲ ਜੁੜੇ ਹੋਏ

ਹਨ ਭਾਈ ਵੀਰ ਸਿੰਘ ਦੇ ਨਾਵਲ। ਇਸ ਹਾਲਤ ਵਿਚ ਸੋਚ ਕਿਹੋ ਜਿਹੀ ਹੋ ਸਕਦੀ ਹੈ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਵੈਸੇ ਵੀ ਭਾਈ ਸਾਹਿਬ ਤੇ ਸਿੱਖ-ਪਰਚਾਰਕ ਹੋਣ ਦਾ ਦੋਸ਼ ਅਜਿਹਾ ਨਹੀਂ ਹੈ, ਜਿਸ ਬਾਰੇ ਭਾਈ ਵੀਰ ਸਿੰਘ ਅਤੇ ਉਸ ਦੇ ਪ੍ਰਸ਼ੰਸਕਾਂ ਨੇ ਕਿਸੇ ਅਪੀਲ ਜਾਂ ਦਲੀਲ ਦਾ ਆਸਰਾ ਲੈਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਹੋਵੇ। ਇਸ ਬਾਰੇ ਨਾਵਲ "ਸੁੰਦਰੀ" ਦੀ ਅੰਤਿਕਾ ਵਿਚ ਇਹ ਰੀਕਾਰਡ ਕੀਤਾ ਹੋਇਆ ਹੈ ਕਿ "ਮਲੂਮ ਹੁੰਦਾ ਹੈ ਕਿ ਸੁੰਦਰੀ ਲਿਖਣ ਦਾ ਪ੍ਰਯੋਜਨ ਕੋਈ ਸਾਹਿਤਕ ਨੁਕਤੇ ਤੋਂ ਦਿਲਚਸਪੀ ਲਈ ਇਕ ਨਾਵਲ ਲਿਖਣ ਦਾ ਨਹੀਂ ਸੀ ਜੋ ਪਾਠਕਾਂ ਨੂੰ ਘੜੀ ਦੋ ਘੜੀ ਦੇ ਬਹਿਲਾਵੇ ਦਾ ਕੰਮ ਦੇਵੇ ਤੇ ਨ ਛਾਣ ਪੁਣ ਕੇ ਨਿਰਾ ਇਤਿਹਾਸ ਲਿਖਣ ਦਾ ਸੀ। ਇਤਿਹਾਸਕ ਨੁਕਤੇ ਤੋਂ ਇਤਿਹਾਸ ਦਾ ਖਾਕਾ (ਆਊਟ ਲਾਈਨ) ਜਿਹਾ ਖਿੱਚ ਕੇ ਜੋ ਉਸ ਵੇਲੇ ਦੀਆਂ ਆਸਾਨੀ ਨਾਲ ਦਸਤਯਾਬ ਚੀਜ਼ਾਂ ਤੋਂ ਲਿਆ ਜਾਵੇ ਤੇ ਸੀਨੇ-ਬਸੀਨੇ ਆਈਆਂ ਰਵਾਇਤਾਂ ਤੇ ਉਪਰਲੇ ਗੀਤ ਵਾਲੀ (ਜਿਸ ਲੋਕ ਗੀਤ ਨੂੰ ਸੁੰਦਰੀ ਨਾਵਲ ਦੀ ਸਪਿਰਟ ਮੰਨਿਆ ਜਾਂਦਾ ਹੈ), ਕਥਾ ਨਾਲ ਮਿਲਾਕੇ ਇਕ ਸ਼ੈਅ ਬਣੇ, ਜਿਸ ਨਾਲ ਜਿਸ ਸਮੇਂ ਸਿੱਖਾਂ ਨੇ ਦਿਲ ਹਿਲਾ ਦੇਣ ਵਾਲੀਆਂ ਕੁਰਬਾਨੀਆਂ ਕੀਤੀਆਂ ਹਨ ਓਹ ਸਮੇਂ ਅੱਖਾਂ ਅੱਗੇ ਆ ਜਾਣ, ਓਦੋਂ ਦੇ ਹਾਕਮਾਂ ਦੇ ਜ਼ੁਲਮ, ਪਰਜਾ ਦੀ ਦੁਖੀ ਦਸ਼ਾ, ਸਿੱਖਾਂ ਦੇ ਕਾਰਨਾਮੇ ਤੇ ਸਿੱਖਾਂ ਦੀਆਂ ਆਪਾਵਾਰ ਕੁਰਬਾਨੀਆਂ ਦਿੱਸ ਪੈਣ ਤੇ ਓਦੋਂ ਦੇ ਸਿੱਖ ਕੈਰੈਕਟਰ ਤੇ ਖਾਲਸੇ ਦੇ ਪੰਥਕ ਜੀਵਨ ਦਾ ਫੋਟੋ ਸਾਹਮਣੇ ਖਿੱਚਿਆ ਜਾਵੇ ਤੇ ਇਸ ਦੇ ਅਸਰ ਨਾਲ ਸਿੱਖ ਮਰਦ ਇਸਤ੍ਰੀਆਂ ਵਿਚ ਕੌਮ ਦੇ ਜੀਵਨ ਦੀ ਮਧਮ ਪੈ ਗਈ ਰੌ ਮੁੜ ਰੁਮਕ ਉਠੇ"। ਮੁੱਦਾ ਸਪਸ਼ਟ ਹੈ ਅਤੇ ਮੁੱਦੇ ਨੂੰ ਆਪਣੇ ਅੰਜਾਮ ਤੱਕ ਲੈਕੇ ਜਾਣ ਲਈ ਜੋ ਸਾਹਿਤਕ ਵਿਧੀ ਵਰਤੀ ਗਈ, ਉਹ ਨਾਵਲੀ-ਵਿਧੀ ਹੈ। ਮੁੱਖ ਮੁੱਦਾ ਹੈ, ਵਿਧੀ ਨਹੀਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਮੂਲ ਬੰਦਾ ਹੁੰਦਾ ਹੈ, ਕਪੜੇ ਨਹੀਂ। ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਹੈ ਕਿ ਸਾਹਿਤ ਅਤੇ ਸਮਾਜ ਦਾ ਚੋਲੀ ਦਾਮਨ ਵਾਲਾ ਸਾਥ ਹੁੰਦਾ ਹੈ। ਸਾਹਿਤ ਆਪਣੇ ਸਮਕਾਲ ਨੂੰ ਨਾਲ ਲੈਕੇ ਵੀ ਤੁਰਦਾ ਹੈ ਅਤੇ ਉਸ ਦਾ ਰਾਹ ਵਿਖਾਵਾ ਵੀ ਬਣਦਾ ਹੈ। ਭਾਈ ਸਾਹਿਬ ਦਾ ਸੰਬੋਧਨੀ-ਵਰਗ ਸਿੱਖ ਭਾਈਚਾਰਾ ਹੈ ਅਤੇ ਸੰਬੋਧਨੀ ਵਰਗ ਨੂੰ ਉਨ੍ਹਾਂ ਦੀ ਭਾਸ਼ਾ ਰਾਹੀਂ ਅਤੇ ਉਨ੍ਹਾਂ ਦੀ ਲੋੜ ਮੁਤਾਬਿਕ ਉਨ੍ਹਾਂ ਦੇ ਮਸਤਕ ਵਿਚ ਆਪਣੀ ਵਿਰਾਸਤ ਦੇ ਜਲੌਅ ਦਾ ਦੀਵਾ ਬਾਲਨ ਦੀ ਕੋਸ਼ਿਸ਼, ਭਾਈ ਸਾਹਿਬ ਦੇ ਨਾਵਲਾਂ ਵਿਚ ਕੀਤੀ ਗਈ ਹੈ। ਇਹ ਕੋਸ਼ਿਸ਼ ਕਿੰਨੀ ਕੁ ਸਫਲ ਹੋਈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਨਾਵਲ "ਸੁੰਦਰੀ", ਬਾਣੀ ਨੂੰ ਛੱਡਕੇ ਸਭ ਨਾਲੋਂ ਵਧ ਪੜ੍ਹੀ ਗਈ ਪੁਸਤਕ ਹੋ ਗਈ ਹੈ। ਇਸ ਦੇ ਬਾਵਜੂਦ ਕਿ ਸਿੱਖ ਭਾਈਚਾਰਾ ਪੁਸਤਕ-ਸਭਿਆਚਾਰ ਨਾਲੋਂ ਵਿਛੜਿਆ ਰਿਹਾ ਅਤੇ ਵਿਛੜਿਆ ਹੋਇਆ ਹੈ, ਭਾਈ ਸਾਹਿਬ ਦੀਆਂ ਪੁਸਤਕਾਂ ਘਰਾਂ ਵਿਚ ਤੋਹਫਿਆਂ ਵਜੋਂ ਦਿਤੀਆਂ ਜਾਂਦੀਆਂ ਰਹੀਆਂ ਹਨ। ਇਸ ਦਾ ਲਾਭ ਕਿੰਨਾ ਤੇ ਕਿਵੇਂ ਹੋਇਆ, ਇਸ ਬਾਰੇ ਕੋਈ ਕੰਮ ਨਹੀਂ ਹੋਇਆ। ਪਰ ਇਸ ਨਾਲ ਭਾਈ ਵੀਰ ਸਿੰਘ ਨੂੰ ਸਿੱਖ ਭਾਈਚਾਰੇ ਦੇ ਸ਼ਰਧਾਲੂ ਵਰਗ ਤੱਕ ਸੀਮਿਤ ਕਰਕੇ ਵੇਖਣ ਦੀਆਂ ਚੇਤੰਨ ਅਤੇ ਸਰਗਰਮ ਜੋ ਕੋਸ਼ਿਸ਼ਾਂ ਕੀਤੀਆਂ ਗਈਆਂ, ਉਹ ਸਭ ਦੇ ਸਾਹਮਣੇ ਹਨ।

ਭਾਈ ਵੀਰ ਸਿੰਘ ਦੇ ਨਾਵਲ ਇਸ ਮੁੱਦੇ ਨਾਲ ਜੁੜੇ ਹੋਏ ਹਨ ਕਿ ਸਿੱਖ ਕੌਮ ਹੈ ਕੀ ਅਤੇ ਇਹ ਆਪਣੇ ਬਾਰੇ ਕੀ ਸੋਚਦੀ ਹੈ? ਭਾਈ ਸਾਹਿਬ ਦਾ ਰਾਹ ਜੇ ਵਿਰੋਧੀਆਂ ਨੇ ਚੇਤੰਨ ਤੌਰ ਤੇ ਰੋਕਿਆ ਸੀ ਤਾਂ ਭਾਈ ਸਾਹਿਬ ਦੇ ਸ਼ਰਧਾਲੂਆਂ ਵਲੋਂ ਵੀ ਅਗਿਆਨੀ-ਮੋਹ ਵਿਚ ਉਨ੍ਹਾਂ ਦਾ ਰਾਹ ਰੋਕਣ ਵਿਚ ਕੋਈ ਘੱਟ ਨਹੀਂ ਗੁਜ਼ਾਰੀ ਗਈ ਸੀ। ਇਨ੍ਹਾਂ ਦੋਹਾਂ ਨੂੰ ਨਾਲ ਲੈਕੇ ਇਨ੍ਹਾਂ ਦੋਹਾਂ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਇਸ ਲੇਖ ਰਾਹੀਂ ਕੀਤੀ ਜਾ ਰਹੀ ਹੈ। ਆਪਣੇ ਸਮਕਾਲ ਦੇ ਹਰ ਵਰਗ ਨੂੰ ਭਾਈ ਸਾਹਿਬ ਨੇ ਆਪਣੀ ਲੇਖਣੀ ਨਾਲ ਪ੍ਰਭਾਵਿਤ ਕੀਤਾ ਸੀ, ਫਿਰ ਉਹ ਵਰਗ ਪ੍ਰਤੀਨਿਧ ਕਿਵੇਂ ਹੋ ਗਏ? ਤਕਰੀਬਨ ਹਰ ਪੜ੍ਹੇ ਲਿਖੇ ਪੰਜਾਬੀ ਨੇ ਇਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਿਆ ਸੀ। ਮਿਸਾਲ ਦੇ ਤੌਰ ਤੇ ਆਮ ਅਗਾਂਹਵਧੂਆਂ ਦੇ ਮਸੀਹਾ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਇਹ ਨਿਸੰਗ ਸੁਰ ਵਿਚ ਪਰਵਾਨ ਕੀਤਾ ਹੋਇਆ ਹੈ ਕਿ "ਮੇਰੀ ਲੇਖਣੀ ਦਾ ਆਰੰਭ ਭਾਈ ਸਾਹਿਬ ਦੀ ਮਨੋਹਰ ਲੇਖਣੀ ਦੀ ਛੋਹ ਨਾਲ ਹੋਇਆਂ ਸੀ। 1913 ਵਿਚ ਮੈਂ ਆਪਣੇ ਚਾਚਾ ਜੀ ਕੋਲ ਗਿਆ ਹੋਇਆ ਸਾਂ।ਉਨ੍ਹਾਂ ਮੈਨੂੰ ਭਾਈ ਸਾਹਿਬ ਦਾ ਨਾਵਲ "ਸੁੰਦਰੀ" ਅਤੇ "ਬਿਜੈ ਸਿੰਘ" ਪੜ੍ਹਨ ਲਈ ਦਿੱਤੇ। ਆਪਣੀ ਸੋਝੀ ਵਿਚ ਇਹ ਨਾਵਲ ਹੀ ਨਹੀਂ ਲਗਭਗ ਮੇਰੇ ਲਈ ਪਹਿਲੀਆਂ ਕਿਤਾਬਾਂ ਹੀ ਸਨ" (ਪ੍ਰੀਤ ਲੜੀ ਦਸੰਬਰ 1972 ਅਤੇ ਖਾਲਸਾ ਸਮਾਚਾਰ, ਦਸੰਬਰ 28 1972, ਪੰਨਾ 4)*੧। ਪੰਜਾਬੀ ਦੇ ਤਕਰੀਬਨ ਸਾਰੇ ਹੀ ਸਾਹਿਤਕਾਰਾਂ ਅਤੇ ਵਿਦਵਾਨਾਂ ਨੇ ਭਾਈ ਵੀਰ ਸਿੰਘ ਦੇ ਯੋਗਦਾਨ ਨੂੰ ਤਸਲੀਮ ਕੀਤਾ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤੇ ਸਿੱਖਾਂ ਦੇ ਸ਼ਰਧਾਲੂ-ਉਲਾਰ ਦੇ ਅਲੋਚਕ ਵੀ ਸਨ। ਪਰ ਕਿਸੇ ਨੂੰ ਵੀ ਭਾਈ ਸਾਹਿਬ ਦੀ ਸੁਚੇਤ ਅਤੇ ਸਰਗਰਮ ਬਚਨਬੱਧਤਾ ਬਾਰੇ ਕੋਈ ਇਤਰਾਜ਼ ਨਹੀਂ ਸੀ। ਇਸ ਦੀ ਪੁਸ਼ਟੀ ਵਿਚ ਡਾ. ਹਰਿਭਜਨ ਸਿੰਘ ਦਾ ਹਵਾਲਾ ਪ੍ਰਾਪਤ ਹੈ ਅਤੇ ਉਹ ਭਾਈ ਵੀਰ ਸਿੰਘ ਦੇ ਰਚਨਾਤਮਕ ਉਦਮ ਦੀ ਨਿਸ਼ਾਨਦੇਹੀ ਕਰਦੇ ਹੋਏ ਲਿਖਦੇ ਹਨ- "ਜਿਵੇਂ ਹਿੰਦੂ ਕਿੱਸਾਕਾਰਾਂ ਨੇ ਹਿੰਦੂ ਕਥਾ ਸਾਹਿਤ ਨੂੰ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਜ਼ਬਾਨ ਦਿੱਤੀ, ਉਵੇਂ ਹੀ ਭਾਈ ਵੀਰ ਸਿੰਘ ਨੇ ਪਹਿਲੀ ਵਾਰ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਆਪਣਾ ਸੁਰ ਉਚਾਰਨ ਦਾ ਮੌਕਾ ਦਿੱਤਾ। ਇਹ ਇਕ ਨਵੀਂ ਪਰੰਪਰਾ ਦਾ ਆਰੰਭ ਸੀ। 1857 ਈ. ਤੱਕ ਪੰਜਾਬੀ ਕਵਿਤਾ ਨੂੰ ਚੋਖੇ ਮੁਸਲਮਾਨ ਕਿੱਸਾਕਾਰਾਂ ਦੀ ਸਰਪ੍ਰਸਤੀ ਪ੍ਰਾਪਤ ਰਹੀ। ਉਨਵੀਂ ਸਦੀ ਦੇ ਆਖਰੀ ਅੱਧ ਵਿਚ ਪੰਜਾਬੀ ਕਵਿਤਾ ਨੂੰ ਹਿੰਦੂ ਧਰਮ ਕਥਾ ਦਾ ਸਹਾਰਾ ਮਿਲਿਆ।

ਭਾਈ ਵੀਰ ਸਿੰਘ ਦੇ ਆਗਮਨ ਨਾਲ ਉਪਰੋਕਤ ਦੋਵੇਂ ਪ੍ਰਕਾਰ ਦੀਆਂ ਰਚਨਾ-ਸ਼ੈਲੀਆਂ ਸਮਾਪਤ ਹੋ ਗਈਆਂ ਹਨ। ਇਸ ਤੋਂ ਅਗਾਂਹ ਸਮਾਂ ਸਿੱਖ ਕਵੀਆਂ ਅਤੇ ਸਿੱਖ ਜੀਵਨ-ਦ੍ਰਿਸ਼ਟੀ ਦਾ ਹੈ"*[10]। "ਸਿੱਖ ਜੀਵਨ-ਦ੍ਰਿਸ਼ਟੀ" ਨੂੰ ਭਾਈ ਸਾਹਿਬ ਦੇ ਨਾਵਲਾਂ ਦੀ ਕੁੰਜੀ ਕਿਹਾ ਜਾ ਸਕਦਾ ਹੈ। ਬੰਦੇ ਨੂੰ ਬੰਦੇ ਦੇ ਪ੍ਰਸੰਗ ਵਿਚ ਬਿਆਨ ਕਰਨਾ ਇਸ ਲਈ ਔਖਾ ਨਹੀਂ ਹੈ ਕਿਉਂਕਿ ਹਰ ਬੰਦੇ ਦੀ ਜ਼ਿੰਦਗੀ ਨਾਲ ਜੁੜੇ ਹੋਏ ਸੁਪਨਿਆਂ ਦਾ ਹਸ਼ਰ ਸਾਡੇ ਚਾਰ ਚੁਫੇਰੇ ਖਿਲਰਿਆ ਹੋਇਆ ਪ੍ਰਾਪਤ ਹੋ ਜਾਂਦਾ ਹੈ। ਇਸ ਦਾ ਯਥਾਰਥਕ ਬਿਆਨ ਕਰਨਾ ਵੀ ਕੋਈ ਔਖਾ ਕੰਮ ਨਹੀਂ ਹੈ। ਪਰ ਏਸੇ ਦੇ ਊਰਜਾ-ਸ੍ਰੋਤਾਂ ਦੇ ਆਸਰੇ ਗਰਕਵੇਂ-ਸਰੋਕਾਰਾਂ ਨੂੰ ਉਸਾਰੂ-ਉਤਸ਼ਾਹ ਵਿਚ ਤਬਦੀਲ ਕਰ ਦੇਣਾ ਬਹੁਤ ਔਖਾ ਕੰਮ ਹੈ। ਭਾਈ ਵੀਰ ਸਿੰਘ ਨੇ ਇਹੀ ਔਖਾ ਕੰਮ ਆਪਣੇ ਨਾਵਲਾਂ ਵਿਚ ਕੀਤਾ ਹੋਇਆ ਹੈ। ਉਨ੍ਹਾਂ ਨੇ ਇਹ ਸੁਪਨਾ ਬੀਜਿਆ ਹੋਇਆ ਹੈ ਕਿ ਬੰਦੇ ਦਾ ਦੁਸ਼ਮਨ ਜੇ ਬੰਦਾ ਹੋ ਜਾਵੇ ਤਾਂ ਬੰਦੇ ਦਾ ਦਾਰੂ ਵੀ ਬੰਦਾ ਹੀ ਬਣ ਸਕਦਾ ਹੈ। ਦੁਸ਼ਮਨ ਦਾ ਟਾਕਰਾ ਕਰਨ ਦੀ ਥਾਂ, ਦੁਸ਼ਮਨ ਅੱਗੇ ਗੋਡੇ ਟੇਕ ਦੇਣਾ ਆਪਣੇ ਆਪ ਨਾਲ ਆਪ ਹੀ ਦੁਸ਼ਮਨੀ ਕਮਾਉਣਾ ਹੈ। ਇਹ ਜਿਊਣ ਵਾਸਤੇ ਜਿਊਨ ਅਤੇ ਖਾਣ ਵਾਸਤੇ ਖਾਣ ਦੀ ਖੜੋਤ-ਸਥਿਤੀ ਹੈ। ਇਹ ਧ੍ਰਿਗ (ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ॥ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥ 796) ਹੈ। ਇਹੀ ਸੁਰ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨੂੰ ਕੇਵਲ ਮਾਤਰ ਕਥਾ ਤੱਕ ਮਹਿਦੂਦ ਕੀਤੇ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਇਨ੍ਹਾਂ ਵਿਚ ਜ਼ਿੰਦਗੀ ਨੂੰ ਜਿਊਣ ਦੀ ਵਿਆਖਿਆ ਵੀ ਸ਼ਾਮਲ ਹੋ ਗਈ ਹੈ। ਮੁੱਦਾ ਤਾਂ ਜੀਵਨ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਹੈ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ "ਇਹ ਵੇਖਣ ਵਿਚ ਆਇਆ ਹੈ ਕਿ ਕੁਝ ਵਿਸ਼ੇਸ਼ ਸਿਧਾਂਤਾਂ ਅਤੇ ਵਿਚਾਰਾਂ ਦੇ ਪ੍ਰਤੀਪਾਦਨ ਦੇ ਉਦੇਸ਼ ਨਾਲ ਤਾਂ ਬਹੁਤ ਹੀ ਘਟ ਨਾਵਲ ਲਿਖੇ ਗਏ ਹਨ, ਪਰ ਸਭ ਨਾਵਲਾਂ ਵਿਚ ਕੁਝ ਨ ਕੁਝ ਵਿਸ਼ੇਸ਼ ਵਿਚਾਰ ਅਤੇ ਸਿਧਾਂਤ ਆਪਣੇ ਆਪ ਹੀ ਆ ਜਾਂਦੇ ਹਨ। ਇਹ ਸਚਾਈ ਹੈ ਕਿ ਉਪਨਿਆਸ ਦੇ ਭਿੰਨ ਭਿੰਨ ਤੱਤਾਂ ਦਾ ਅਲੱਗ ਅਲੱਗ ਅਤੇ ਮਿਲਕੇ ਵੀ ਕੀਤਾ ਹੋਇਆ ਸੂਖਮ ਚਿਤ੍ਰਨ ਅਤੇ ਸਫਲਤਾਪੂਰਨ ਨਿਰਬਾਹ ਹੀ ਉਪਨਿਆਸ ਨੂੰ ਵਡਾ ਨਹੀਂ ਬਣਾ ਦਿੰਦਾ, ਵਡਾ ਬਣਾਉਂਦੀ ਹੈ ਉਦੇਸ਼ ਦੀ ਮਹੱਤਤਾ ਅਤੇ ਉਸ ਦੀ ਸਫਲ ਸਿੱਧੀ"*[11]। ਇਸ ਪ੍ਰਸੰਗ ਨੂੰ ਸਮਝਣ ਲਈ ਡਾ. ਤਾਰਨ ਸਿੰਘ ਦੀ ਰਾਇ ਕੰਮ ਆ ਸਕਦੀ ਹੈ ਕਿ "ਭਾਈ ਵੀਰ ਸਿੰਘ ਦੇ ਇਹ ਨਾਵਲ ਦੱਸ ਰਹੇ ਹਨ ਕਿ ਸਿੱਖੀ ਲਹਿਰ ਬਲਧਾਰੀ ਹੋਕੇ ਮਨੁਖ, ਦੇਸ਼, ਕੌਮ ਦੇ ਬੰਧਨ ਤੋੜਨ ਵਾਲੀ ਸੀ, ਮਨੁੱਖ ਨੂੰ ਪਰਾਧੀਨਤਾ ਤੋਂ ਛੁਡਾਕੇ ਸਵਾਧੀਨਤਾ ਦੇਣ ਵਾਲੀ ਸੀ, ਖੁਦਦਾਰੀ ਤੇ ਸਵੈ-ਸਨਮਾਨ ਸਿਖਾਉਣ ਵਾਲੀ ਸੀ। ਦੀਨ ਦੀ ਰੱਖਿਆ ਇਸ ਲਹਿਰ ਦਾ ਮੁੱਖ ਮੰਤਵ ਸੀ। ਇਹ ਲਹਿਰ ਅਨਿਆਂ, ਧੱਕੇ, ਜਬਰ ਨੂੰ ਨਾਸ ਕਰਨ ਵਾਲੀ ਸੀ। ਇਹ ਹੱਕ ਲਈ ਸਿਰ ਧੜ ਦੀ ਬਾਜ਼ੀ ਲਾਉਣ ਵਾਲਿਆਂ ਦੀ ਲਹਿਰ ਸੀ, ਜਿਨ੍ਹਾਂ ਦੇ ਸਾਹਮਣੇ ਜੀਵਨ ਦੇ ਉਚੇ ਤੇ ਸੱਚੇ ਆਦਰਸ਼ਾਂ ਦੀ ਮਹਾਨਤਾ ਸੀ"*[12]। ਵਿਸ਼ਵਾਸ਼ ਨਾਲ ਜੁੜੇ ਹੋਏ ਲੇਖਕ ਅਤੇ ਅਕਾਗਮਿਕਤਾ ਨਾਲ ਜੁੜੇ ਹੋਏ ਵਿਦਵਾਨ ਦੀ ਟਿਪਣੀ ਨਾਲ ਇਹ ਸਚਾਈ ਸਾਹਮਣੇ ਆ ਜਾਂਦੀ ਹੈ ਕਿ ਭਾਈ ਸਿੰਘ ਦੇ ਨਾਵਲਾਂ ਦਾ ਸਿੱਖ-ਪ੍ਰਸੰਗ ਇਨ੍ਹਾਂ ਨਾਵਲਾਂ ਦੀ ਕਮਜ਼ੋਰੀ ਨਹੀਂ ਗੁਣ ਹੈ।

ਵਿਰਾਸਤੀ-ਸ੍ਰੋਤਾਂ ਤੱਕ ਪਹੁੰਚਣ ਲਈ ਸਾਹਿਤ, ਸਮਾਜ, ਸਭਿਆਚਾਰ, ਧਰਮ ਅਤੇ ਅਧਿਆਤਮ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇਸ ਸਚਾਈ ਦੀ ਵਰਤੋਂ ਜਿਸ ਤਰ੍ਹਾਂ ਭਾਈ ਵੀਰ ਸਿੰਘ ਨੇ ਕੀਤੀ ਹੈ, ਉਹ ਰੀਸ ਕਰਣਯੋਗ ਹੈ। ਇਸ ਨੂੰ ਜਿੰਨਾ ਚਿਰ ਅਕਾਦਮਿਕਤਾ ਨਹੀਂ ਅਪਨਾਉਂਦੀ, ਉਦੋਂ ਤੱਕ ਇਸ ਵਿਧੀ ਦਾ ਲਾਹਾ ਨਹੀਂ ਲਿਆ ਜਾ ਸਕਦਾ। ਇਸ ਵੇਲੇ ਦੀ ਅਕਾਦਮਿਕ ਸਥਿਤੀ ਇਹ ਹੈ ਕਿ ਜਿਸ ਤਰ੍ਹਾਂ ਸਾਡੇ ਵਿਦਿਆਰਥੀਆਂ ਨੂੰ ਸਾਰਤਕ, ਫੂਕੋ ਅਤੇ ਹੋਰ ਪੱਛਮੀ ਚਿੰਤਕਾਂ ਦਾ ਖਪਤ ਹੈ, ਉਸ ਤਰ੍ਹਾਂ ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੂੰ ਪੜ੍ਹਣ ਤੇ ਜਾਨਣ ਦਾ ਚਾਅ ਨਹੀਂ ਹੈ। ਵਿਦਿਆਰਥੀਆਂ ਵਿਚ ਇਸ ਬੀਮਾਰੀ ਦੇ ਕੀਟਾਣੂ ਅਧਿਆਪਕਾਂ ਰਾਹੀਂ ਹੀ ਫੈਲੇ ਹਨ। ਪੰਜਾਬੀ ਸੁਭਾ ਹੀ ਐਸਾ ਹੈ ਕਿ ਉਸ ਨੂੰ ਉਸ ਤਰ੍ਹਾਂ ਪਿੱਛੇ ਮੁੜਨਾ ਨਹੀਂ ਆਉਂਦਾ, ਜਿਵੇਂ ਭਾਈ ਸਾਹਿਬ ਦੇ ਨਾਵਲਾਂ ਦੇ ਪਾਤਰ ਗੁਰੀਲਾ-ਨੀਤੀ ਅਧੀਨ ਪਿੱਛੇ ਮੁੜ ਸਕਣ ਦੀ ਵਿਧੀ ਨੂੰ ਸਾਹਮਣੇ ਲਿਆਉਂਦੇ ਹਨ। ਜੇ ਗੁਰੀਲਾ ਨੀਤੀ ਨੂੰ ਵਿਰਾਸਤੀ ਪ੍ਰਸੰਗ ਵਿਚ ਸਮਝਣ ਦੀ ਥਾਂ ਤੇ ਚੀ ਗਵੇਰਾ ਦੀ ਗੁਰੀਲਾ ਨੀਤੀ ਰਾਹੀਂ ਸਮਝਾਂਗੇ, ਤਾਂ ਉਹੋ ਜਿਹੇ ਉਲਝਾ ਦੇ ਜੰਗਲ ਪੈਦਾ ਹੁੰਦੇ ਰਹਿਣਗੇ, ਜਿਨ੍ਹਾਂ ਵਿਚੋਂ ਨਿਕਲਣ ਦਾ ਰਾਹ ਭਾਈ ਵੀਰ ਸਿੰਘ ਦੇ ਨਾਵਲ ਦੱਸਦੇ ਹਨ।ਇਕ ਦੁਖਾਂਤ ਇਹ ਵੀ ਹੈ ਕਿ ਭਾਈ ਵੀਰ ਸਿੰਘ ਦੀ ਨਾਵਲਕਾਰੀ ਨੂੰ ਅੱਗੇ ਤੋਰ ਸਕਣ ਵਾਲਾ ਵਾਰਸ ਹੀ ਪੈਦਾ ਨਹੀਂ ਹੋਇਆ। ਜਿਹੜੇ ਇਤਿਹਾਸਕ ਨਾਵਲ ਪੰਜਾਬੀ ਵਿਚ ਲਿਖੇ ਗਏ ਹਨ, ਉਨ੍ਹਾਂ ਵਿਚੋਂ ਬਾਣੀ ਦੀ ਤਾਸੀਰ ਗੁੰਮ ਹੋਣ ਕਰਕੇ ਉਨ੍ਹਾਂ ਨੂੰ ਭਾਈ ਸਾਹਿਬ ਦੇ ਨਾਵਲਾਂ ਦੀ ਨਿਰੰਤਰਤਾ ਵਿਚ ਨਹੀਂ ਵੇਖਿਆ ਜਾ ਸਕਦਾ। ਨਾਨਕ ਸਿੰਘ ਬਹੁਤ ਵੱਡਾ ਨਾਵਲਕਾਰ ਹੈ, ਪਰ ਉਸ ਦੇ ਨਾਵਲਾਂ ਨੂੰ ਭਾਈ ਵੀਰ ਸਿੰਘ ਦੀ ਨਿਰੰਤਰਤਾ ਵਿਚ ਨਹੀਂ ਵੇਖਿਆ ਜਾ ਸਕਦਾ।

ਇਸ ਸੰਕਟ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਜਿਸ ਸਮਕਾਲ ਦਾ ਰੋਲ-ਮਾਡਲ ਗੁਆਚ ਜਾਵੇ ਅਤੇ ਵਾਰਸ ਉਸ ਦੀ ਪੁਨਰ-ਸਥਾਪਤੀ ਦੇ ਸਮਰਥ ਨ ਹੋਣ ਤਾਂ ਆਮ ਬੰਦਾ ਤ੍ਰਿਸ਼ੰਕੂ-ਸਭਿਆਚਾਰ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦੀ ਪਹਿਲੀ ਨਿਸ਼ਾਨੀ, ਮਾਤ-ਭਾਸ਼ਾ ਤੋਂ ਦੂਰੀ ਵਜੋਂ ਸਾਹਮਣੇ

ਆਉਂਦੀ ਹੈ। ਗਿਆਨ (knowledge) ਦੀ ਪ੍ਰਾਪਤੀ ਤਾਂ ਮਾਤ-ਭਾਸ਼ਾ ਤੋਂ ਬਿਨਾਂ ਵੀ ਪ੍ਰਾਪਤ ਹੋ ਸਕਦੀ ਹੈ।ਪਰ ਮਹਿਜ਼ ਅੰਕੜਿਆਂ ਦੀ ਸੂਚਨਾ, ਸਿਆਣਪ (wisdom) ਨਾਲ ਨਹੀਂ ਜੋੜ ਸਕਦੀ। ਇਸੇ ਨੂੰ ਤ੍ਰਿਸ਼ੰਕੂ-ਸਭਿਆਚਾਰ ਕਿਹਾ ਜਾ ਰਿਹਾ ਹੈ। ਇਸ ਵਿਚ ਰੋਲ-ਮਾਡਲ ਗੁਆਚਦਾ ਹੀ ਗੁਆਚਦਾ ਹੈ। ਭਾਈ ਵੀਰ ਸਿੰਘ ਆਪਣੇ ਨਾਵਲਾਂ ਰਾਹੀਂ ਅਸਲ ਵਿਚ ਗੁਆਚੇ ਹੋਏ ਰੋਲ-ਮਾਡਲ ਦੀ ਪੁਨਰ ਉਸਾਰੀ ਵਾਸਤੇ ਲੋੜੀਂਦੀ ਸਮਝ ਅਤੇ ਊਰਜਾ ਹੀ ਮੁਹੱਈਆ ਕਰਵਾ ਰਹੇ ਹਨ। ਭਾਈ ਵੀਰ ਸਿੰਘ ਦੀ ਲਿਖਤ "ਸ੍ਰੀ ਕਲਗੀਧਰ ਚਮਤਕਾਰ" ਵਿਚੋਂ ਰੋਲ-ਮਾਡਲ ਨਾਲ ਜੁੜੀ ਹੋਈ ਟੂਕ ਇਸ ਪ੍ਰਕਾਰ ਹੈ- "ਹੇ ਖੁਦਾ ਦੇ ਨੂਰ! ਮੈਂ ਇਸ ਜੋਗ ਨਹੀ ਕਿ ਤੂੰ ਮੈਨੂੰ ਛੁਹੇਂ। ਆਪਣੇ ਪਵਿਤਰ ਹੱਥਾਂ ਨੂੰ ਮੈਂ ਪਲੀਦ ਤੋਂ ਪਰੇ ਰੱਖ, ਮੈਂ ਜਿਊਂਦਾ ਸ਼ੈਤਾਨ ਹਾਂ। ਪਰ ਗੁਰੂ ਜੀ ਨੇ ਹੱਥ ਫੜੀ ਰੱਖਿਆ ਤੇ ਸਿਰ ਤੇ ਪਿਆਰ ਦਈ ਗਏ। ਮੈਂ ਅਰ ਇਹ ਕਿਰਪਾ, ਮੈਂ ਅਰ ਇਹ ਦਇਆ, ਮੈਂ ਅਰ ਇਹ ਤਰਸ, ਮੈਂ ਅਰ ਇਹ ਪਿਆਰ, ਮੈਂ.....। ਤੂੰ ਆਦਮੀ ਨਹੀਂ? ਤੂੰ ਖੁਦਾ ਦਾ ਨੂਰ ਹੈਂ" (ਪੰਨਾ 282)। ਸਿੱਖ ਧਰਮ ਨੇ ਖੁਦਾ ਦੀ ਨੂਰੀ-ਇਤਿਹਾਸਕਤਾ ਨੂੰ ਸ਼ਬਦ-ਗੁਰੂ ਦੀ ਤਕਨਾਲੋਜੀ ਰਾਹੀਂ ਸ਼ੁੰਨ (abstraction) ਵਿਚੋਂ ਕੱਢਕੇ ਜੀਵੰਤ-ਯਥਾਰਥ ਵਿਚ ਪ੍ਰਗਟ ਕੀਤਾ ਹੈ। ਏਸੇ ਕਰਕੇ ਬਾਬਾ ਨੌਧ ਸਿੰਘ ਉਸ ਤਰ੍ਹਾਂ ਦਸਮ-ਦੁਆਰ ਦੀ ਗੱਲ ਨਹੀਂ ਕਰਦਾ ਜਿਵੇਂ ਆਮ ਜ਼ਿੰਦਗੀ ਨੂੰ ਬਿਹਤਰ ਬਨਾਉਣ ਦੀ ਗੱਲ ਕਰਦਾ ਹੈ। ਨਾਵਲ "ਸਤਵੰਤ ਕੌਰ" ਵਿਚ ਅਲਾਂਬਾ ਸਿੰਘ ਜਦੋਂ ਵਿਰਾਸਤੀ-ਜੜ੍ਹਾਂ ਦੇ ਸੁਚੇਤ ਤੇ ਸਰਗਰਮ ਵਰਤਾਰੇ ਨੂੰ ਵੇਖਦਾ ਹੈ ਤਾਂ ਬਚਪਨ ਤੋਂ ਜਵਾਨੀ ਤੱਕ ਦਾ ਲੰਬਾ ਸਮਾਂ ਇਸਲਾਮੀ ਸਭਿਆਚਾਰ ਵਿਚ ਜਿਊਣ ਦੇ ਬਾਵਜੂਦ, ਸਿੱਖੀ ਵਲ ਖਿੱਚਿਆ ਜਾਂਦਾ ਹੈ। ਅਜਿਹਾ ਕਿਸੇ ਕਰਾਮਾਤ ਰਾਹੀਂ ਨਹੀਂ ਵਾਪਰਦਾ ਅਤੇ ਨ ਹੀ ਕਿਸੇ ਤਰ੍ਹਾਂ ਦੇ ਅਧਿਆਤਮਿਕ-ਜਾਗ੍ਰਣ ਕਰਕੇ ਵਾਪਰਦਾ ਹੈ। ਇਹ ਮਿਸ਼ਨਰੀ ਭਾਵਨਾ ਵਾਲਾ ਧਰਮ ਪਰਿਵਰਤਣ ਵੀ ਨਹੀਂ ਹੈ। ਇਹ ਤਾਂ ਮਾਨਸਿਕ ਪਰਿਵਰਤਣ ਹੈ ਅਤੇ ਇਕ ਮਾਨਸਿਕਤਾ ਵਜੋਂ ਹੀ ਵਿਕਾਸ ਕਰਦਾ ਹੈ। ਇਹੀ ਰੋਲ-ਮਾਡਲ ਦੀ ਸਿਰਜਨਾ ਦਾ ਮਾਰਗ ਹੈ ਅਤੇ ਇਸ ਨਾਲ ਜੁੜੀਆਂ ਹੋਈਆਂ ਪਰਤਾਂ ਦੇ ਪ੍ਰਤੀਨਿਧ ਹਨ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਤਰ। ਇਸ ਵਾਸਤੇ ਇਤਿਹਾਸ ਨੂੰ ਵਰਤਿਆ ਜ਼ਰੂਰ ਗਿਆ ਹੈ, ਪਰ ਬਾਣੀ ਰਾਹੀਂ ਆਪਣਾ ਰੋਲ-ਮਾਡਲ ਆਪ ਸਿਰਜਣ ਦੀ ਵਿਧੀ ਨੂੰ ਹੀ ਅੱਗੇ ਰੱਖਿਆ ਗਿਆ ਹੈ।ਇਸ ਦੀ ਪੁਸ਼ਟੀ "ਸ੍ਰੀ ਕਲਗੀਧਰ ਚਮਤਕਾਰ" ਵਿਚੋਂ ਇਸ ਪ੍ਰਕਾਰ ਹੋ ਜਾਂਦੀ ਹੈ- "ਅਸਲ ਵਿਚ ਇਹ ਪੁਸਤਕ ਇਤਿਹਾਸ ਮਾਤ੍ਰ ਨਹੀਂ ਪਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਅਤੇ ਦਸਾਂ ਗੁਰੂ ਸਾਹਿਬਾਂ ਦੀ ਸਿੱਖਿਆ ਦਾ ਇਤਿਹਾਸ ਦੀ ਬੋਲੀ ਵਿਚ ਅਨੁਵਾਦ ਹੈ" (ਭੂਮਿਕਾ ਵਿਚੋਂ)। ਕਿਸੇ ਵੀ ਸਮਕਾਲ ਨੂੰ ਸੁਚੇਤ ਤੇ ਸਰਗਰਮ ਪਹੁੰਚ ਅਪਨਾਉਣ ਵਾਸਤੇ ਸਿਧਾਂਤ ਅਤੇ ਸਿਧਾਂਤ ਦੇ ਅਮਲ ਨੂੰ ਨਾਲ ਲੈਕੇ ਤੁਰਨਾ ਪੈਂਦਾ ਹੈ। ਦੋਹਾਂ ਵਿਚਕਾਰ ਜੇ ਸਹਿਜ-ਸਥਾਪਨ ਨ ਹੋਵੇ ਤਾਂ ਦੋਹਾਂ ਦੀ ਇਕਠਿਆਂ ਜਾਂ ਇਕੱਲੇ ਇਕੱਲੇ ਨਿਭਾਈ ਗਈ ਉਲਾਰ ਭੂਮਿਕਾ ਅਸਿਹਤਮੰਦ-ਸਰੋਕਾਰਾਂ ਨਾਲ ਸੰਤੁਸ਼ਟ ਹੋਣ ਵਾਲੇ ਰਾਹ ਤੋਰ ਦਿੰਦੀ ਹੈ। ਇਹ ਸਥਿਤੀ ਸਮਕਾਲ ਦੀ ਸਿਆਸਤ ਤੋਂ ਬਿਨਾਂ ਕਿਸੇ ਵੀ ਸਮਾਜਿਕ-ਪਰਤ ਨੂੰ ਠੀਕ ਨਹੀਂ ਬੈਠਦੀ। ਇਹੋ ਜਿਹੀ ਸਥਿਤੀ ਨਾਲ ਨਿਪਟਦੇ ਹਨ, ਭਾਈ ਸਾਹਿਬ ਦੇ ਨਾਵਲ ਕਿਉਂਕਿ ਦਰਪੇਸ਼ ਚੁਣੌਤੀਆਂ ਨਾਲ ਨਿਪਟਣ ਵਾਸਤੇ ਆਪਸੀ-ਪ੍ਰੇਮ ਮੁਢਲੀ ਲੋੜ ਪਰਵਾਨ ਕਰ ਲਈ ਗਈ ਹੈ।ਆਪਸੀ-ਪ੍ਰੇਮ ਵਾਸਤੇ ਸੰਗਤੀ-ਵਿਧੀ ਕੰਮ ਆਉਂਦੀ ਰਹੀ ਹੈ ਅਤੇ ਕੰਮ ਆ ਸਕਦੀ ਹੈ। ਵੈਸੇ ਵੀ ਬਾਣੀ ਵਿਚ ਪ੍ਰੇਮ-ਮਾਡਲ ਦੀ ਭੂਮਿਕਾ ਤੇ ਜ਼ੋਰ ਦਿੱਤਾ ਹੋਇਆ ਪ੍ਰਾਪਤ ਹੈ। ਸਿੱਖੀ ਵਿਚ ਇਸ ਪ੍ਰੇਮ ਭਾਵਨਾ ਨਾਲ ਜੁੜੀ ਹੋਈ ਅਤੇ੍ੜੀ ਬਚਨਬੱਧਤਾ ਨੇ ਆਪਣੇ ਬੇਲਾਗ ਅਤੇ ਪਰਸੁਆਰਥੀ ਵਤੀਰੇ ਨਾਲ ਅਜਿਹੀ ਭਰੋਸੇਯੋਗਤਾ ਪੈਦਾ ਕਰ ਲਈ ਸੀ, ਜਿਹੜੀ ਇਤਿਹਾਸ ਵਿਚ ਪ੍ਰਗਟ ਹੋ ਚੁੱਕੀ ਹੈ। ਨਾਵਲਾਂ ਦੇ ਪਾਤਰਾਂ ਤੇ ਆਮ-ਲੋਕ, ਅੱਖਾਂ ਮੀਟਕੇ ਇਤਬਾਰ ਕਰਦੇ ਨਜ਼ਰ ਆ ਜਾਂਦੇ ਹਨ। ਸਿੱਖਾਂ ਨੇ ਇਸ ਪ੍ਰਾਪਤੀ ਨੂੰ ਹਲੀਮ ਸੁਰ ਵਿਚ ਗੁਰੂ ਜੀ ਦੀ ਕਿਰਪਾ ਮੰਨ ਲਿਆ ਸੀ। ਇਸ ਦੀ ਪੁਸਟੀ ਬਾਬਾ ਨੌਧ ਸਿੰਘ ਵਲੋਂ ਅਨ-ਧਰਮੀਆ ਨਾਲ ਹੁੰਦੇ ਸੰਬਾਦ ਦੀ ਭਾਸ਼ਾ ਅਤੇ ਪਹੁੰਚ ਨਾਲ ਹੋ ਜਾਂਦੀ ਹੈ। ਇਹ ਭਵਿਖਬਾਣੀ ਤਾਂ ਬੇਸ਼ੱਕ ਨਾਦਰ ਸ਼ਾਹ ਨੇ ਹੀ ਕਰ ਦਿੱਤੀ ਸੀ ਕਿ ਸਿੱਖ-ਭਾਈਚਾਰੇ ਨੂੰ ਰਾਜ ਕਰਣ ਤੋਂ ਨਹੀਂ ਰੋਕਿਆ ਜਾ ਸਕਦਾ। ਅਬਦਾਲੀ ਨੇ ਵੀ ਇਸ ਦੀ ਪੁਸ਼ਟੀ ਕਰ ਦਿੱਤੀ ਸੀ। ਏਨੀ ਕੂ ਸਿਆਸੀ-ਸਪੇਸ ਹਾਸਲ ਕਰਣ ਵਾਸਤੇ ਜੋ ਕੁਰਬਾਨੀਆਂ ਸਿੱਖ-ਭਾਈਚਾਰੇ ਨੂੰ ਕਰਣੀਆਂ ਪਈਆਂ ਹਨ ਉਹ ਨਿਰਸੰਦੇਹ ਸਿਆਸਤ ਤੋਂ ਪ੍ਰੇਰਤ ਨਹੀਂ ਸਨ। ਸ਼ਾਇਦ ਏਸੇ ਕਰਕੇ ਭਾਈ ਸਾਹਿਬ ਨੇ ਮਿਸਲਾਂ ਨਾਲ ਸਬੰਧਤ ਕੋਈ ਨਾਵਲ ਨਹੀਂ ਲਿਖਿਆ। ਬਾਬਾ ਨੌਧ ਸਿੰਘ ਨਾਵਲ ਦਾ ਸਮਾਂ ਉਸ ਵੇਲੇ ਦਾ ਹੈ, ਜਦੋਂ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੋਂਦ ਵਿਚ ਆ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਸਨ। ਪਰ ਬਾਬਾ ਨੌਧ ਨਾਵਲ ਵਿਚੋਂ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ। ਇਸ ਨਾਲ ਇਹ ਕਹਿਣਾ ਚਾਹ ਰਿਹਾ ਹਾਂ ਕਿ ਸਿਆਸਤ ਨੂੰ ਭਾਈ ਸਾਹਿਬ ਦੇ ਨਾਵਲਾਂ ਵਿਚ ਓਨੀ ਕੂ ਹੀ ਥਾਂ ਮਿਲੀ ਹੋਈ ਹੈ, ਜਿੰਨੀ ਕੂ ਭਰਪੂਰ ਜੀਵਨ ਦੇ ਹਿੱਸੇ ਵਜੋਂ ਮਿਲਣੀ ਚਾਹੀਦੀ ਹੈ। ਕਹਿਣ ਨੂੰ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਦੇ ਨਾਵਲਾਂ ਦੀ ਸੁਰ ਨੂੰ ਨਿਰੰਤਰਤਾ ਵਿਚ ਤੋਰੀ ਰਖਣ ਵਾਸਤੇ ਸਿੱਖ-ਚੇਤਨਾ, ਸਿੱਖ-ਸੰਸਥਾਵਾਂ ਅਤੇ ਸਿੱਖ-ਸਿਆਸਤ ਨੇ ਸੁਚੇਤ ਤੇ ਸਰਗਰਮ ਭੂਮਿਕਾ ਨਹੀਂ ਨਿਭਾਈ। ਹਾਲਾਂਕਿ ਭਾਈ

ਸਾਹਿਬ ਦੇ ਸਮਕਾਲ ਵਿਚ ਸਿੱਖਾਂ ਦੀਆਂ ਇਹ ਤਿੰਨੇ ਹੀ ਪਰਤਾਂ ਭਾਈ ਸਾਹਿਬ ਦੀਆਂ ਵਿਰੋਧੀ ਨਹੀਂ ਸਨ। ਦੇਸ਼ ਦੀ ਆਜ਼ਾਦੀ (1947) ਨਾਲ ਤਾਂ ਪੰਜਾਬੀ-ਅਕਾਦਮਿਕਤਾ ਉਤੇ ਭਾਰੂ ਹੋ ਗਈ ਅਗਾਂਹਵਧੂ ਸਿਆਸਤ ਅਤੇ ਦੇਸ਼ ਦੀ ਧਰਮ ਨਿਰਪੇਖ ਸਿਆਸਤ ਵਲੋਂ ਸਿੱਖੀ ਵਲ ਪਿੱਠ ਕਰਨੀ ਸਮਝ ਆ ਸਕਦੀ ਹੈ।ਪਰ ਪੰਜਾਬੀ ਸਿਆਸਤਦਾਨਾਂ ਨੂੰ ਭਾਈ ਸਾਹਿਬ ਦੀ ਉਹ ਗੱਲ, ਜੋ ਨਾਵਲਾਂ ਵਿਚ ਆ ਚੁੱਕੀ ਹੈ, ਸਮਝ ਕਿਉਂ ਨਹੀਂ ਆਈ, ਇਸ ਨੂੰ ਸਮਝੇ ਜਾਣ ਦੀ ਲੋੜ ਹੈ? ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਕਲੋਨੀਅਲ ਹਕੂਮਤ ਨੇ ਸਿੱਖੀ ਨੂੰ ਬਾਨੀ ਦੀ ਥਾਂ ਇਤਿਹਾਸ ਰਾਹੀਂ ਸਮਝਣ ਦੀ ਕੋਸ਼ਿਸ਼, ਆਪਣੀਆਂ ਸਿਆਸੀ-ਲੋੜਾਂ ਵਾਸਤੇ ਕੀਤੀ ਸੀ। ਪਰ ਏਸੇ ਨੂੰ ਅਕਾਦਮਿਕ-ਸੱਚ ਮੰਨ ਲੈਣ ਵਾਲਿਆਂ ਨੇ ਭਾਈ ਵੀਰ ਸਿੰਘ ਤੇ ਚੀਫੀਆ-ਠੱਪਾ ਲਾਕੇ ਅਜਿਹਾ ਹਾਸ਼ੀਏ ਤੇ ਧੱਕ ਦਿੱਤਾ ਸੀ ਕਿ ਵਾਪਸ ਲਿਆਉਣਾ ਮੁਸ਼ਕਲ ਹੋ ਗਿਆ ਹੈ। ਇਹ ਅਕਾਦਮਿਕ ਸੱਚ ਸਾਹਮਣੇ ਆਉਣ ਲੱਗ ਪਿਆ ਹੈ ਕਿ ਇਸ ਸਿਆਸੀ ਪੈਂਤੜੇਬਾਜ਼ੀ ਨੂੰ ਸਮਝਣ ਦੀ ਸਮਰਥਾ ਪ੍ਰੋ. ਪੂਰਨ ਸਿੰਘ ਵਿਚ ਸੀ, ਪਰ ਉਹ ਵੀ ਕਿਉਂ ਇਕੱਲੇ ਰਹਿ ਗਏ ਸਨ, ਇਸ ਬਾਰੇ ਵੀਚਾਰੇ ਜਾਣ ਦੀ ਲੋੜ ਹੈ। ਇਹੀ ਕਾਰਣ ਸਨ, ਜਿਨ੍ਹਾਂ ਕਰਕੇ ਭਾਈ ਵੀਰ ਸਿੰਘ ਵਲੋਂ ਬਾਬਾ ਨੌਧ ਸਿੰਘ ਦੇ ਰੂਪ ਵਿਚ ਸਾਹਮਣੇ ਲਿਆਂਦਾ ਗਿਆ ਪੇਂਡੂ ਰੋਲ-ਮਾਡਲ, ਹੌਲੀ ਹੌਲੀ ਗੁੰਮ ਹੋ ਜਾਣ ਵਾਲੇ ਰਾਹੇ ਪਾ ਦਿੱਤਾ ਗਿਆ ਹੈ। ਇਸ ਨੂੰ ਸਮਝਣ ਲਈ "ਸੁੰਦਰੀ" ਵਿਚੋਂ ਇਹ ਟੂਕ ਕੰਮ ਆ ਸਕਦੀ ਹੈ- "ਹੇ ਅੱਜ ਕਲ ਦੀਆਂ ਸੋਨੇ ਵਿਚ ਪੀਲੀਆਂ ਹੋਕੇ ਸੁਖ ਨਾਲ ਬੈਠੀਓਂ ਸਿੰਘਨੀਓ! ਗਰੀਬ ਤੇ ਅਮੀਰ ਸਿੱਖਾਂ ਦੀਆਂ ਧੀਓ, ਭੈਣੋਂ ਤੇ ਮਾਵੋਂ! ਜ਼ਰਾ ਆਪਣੀ ਵਡੇਰੀ ਸੁੰਦਰੀ ਦੇ ਸਿਦਕ ਅਤੇ ਕਸ਼ਟਾਂ ਵਲ ਦੇਖੋ! ਕਿਨ੍ਹਾਂ ਔਕੜਾਂ ਵਿਚ ਫਸਦੀ ਹੈ, ਪਰ ਧਰਮ ਨਹੀਂ ਹਾਰਦੀ। ਜਾਨ ਜੋਖੋਂ ਵਿਚ ਪਾਉਂਦੀ ਹੈ, ਪਰ ਆਪਣੇ ਸ਼ੁਭ ਗੁਣ ਨਹੀਂ ਛੱਡਦੀ। ਕਿਸ ਅਪਦਾ ਅਰ ਬਿਪਦਾ ਦੇ ਸਮਿਆਂ ਵਿਚ ਸਿੰਘ ਧਰਮ ਪੁਰ ਦ੍ਰਿੜ੍ਹਤਾ ਰੱਖਦੀ ਹੈ? ਜ਼ਰਾ ਆਪਣੀ ਵਲ ਤੱਕੋ ਤੇ ਦੇਖੋ ਕਿ ਸਿੱਖ ਕੌਮ ਦਾ ਘਾਟਾ ਤੁਹਾਡੇ ਹੱਥੋਂ ਹੋ ਰਿਹਾ ਹੈ ਕਿ ਨਹੀਂ?......ਤੁਹਾਡੀ ਔਲਾਦ ਵਡੀ ਹੋਕੇ ਤੁਹਾਡੇ ਵਰਗੀ ਕੱਚਘਰੜ ਹੋਊ, ਸਿਰੋਂ ਸਿੱਖ, ਗਲੋਂ ਬ੍ਰਾਹਮਣ ਤੇ ਤੇੜੋਂ ਮੁਸਲਮਾਨ" (ਪੰਨਾ 103-4)। ਵਰਤੀ ਗਈ ਭਾਸ਼ਾ ਨੂੰ ਨਾਵਲ ਵਿਚ ਲਏ ਗਏ ਸਮੇਂ ਦੇ ਪ੍ਰਸੰਗ ਵਿਚ ਵੇਖਣਾ ਚਾਹੀਦਾ ਹੈ। ਪਰ ਲਏ ਗਏ ਸਰੋਕਾਰ ਤਾਂ ਇਹੀ ਦਰਸਾਉਂਦੇ ਹਨ ਕਿ ਬੰਦੇ ਨੂੰ ਉਹੀ ਹੋਣਾ ਚਾਹੀਦਾ ਹੈ, ਜੋ ਕੁਝ ਉਹ ਦਿਸਦਾ ਹੈ।ਨਰੋਈ ਸੋਚ ਨੂੰ ਉਸਾਰਨ ਵਿਚ ਔਰਤ ਦੀ ਅਹਿਮ ਭੂਮਿਕਾ ਹੁੰਦੀ ਹੈ। ਜੁੰਮੇਵਾਰੀ ਤੋਂ ਅਗਿਆਨ ਹੋਰਵੇਂ ਅਤੁ ਫਜ਼ੂਲ ਧੰਦਿਆਂ ਵਿਚ ਰੁੱਝੇ ਰਹਿਣ ਵਾਲੇ ਪਾਸੇ ਤੋਰ ਲੈਂਦਾ ਹੈ। ਇਸ ਜੁੰਮੇਵਾਰੀ ਨੂੰ ਜੇ ਵਾਰਸ-ਚੇਤਨਾ ਨ ਨਿਭਾਵੇ ਤਾਂ ਉਹੀ ਨਤੀਜੇ ਨਿਕਲ ਸਕਦੇ ਹਨ, ਜਿਨ੍ਹਾਂ ਵੱਲ ਇਸ ਟੂਕ ਵਿਚ ਇਸ਼ਾਰਾ ਕੀਤਾ ਹੋਇਆ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਬਾਣੀ, ਖਾਲਸਾ ਅਤੇ ਪੰਥ ਦਾ ਸਹਿਜ-ਸਥਾਪਨ ਪ੍ਰਾਪਤ ਹੈ। ਪੰਥ ਨੂੰ ਬਾਣੀ ਤੇ ਇਤਿਹਾਸ ਨੂੰ ਪਹਿਲ ਦਿਵਾਉਣ ਦੇ ਯਤਨ ਵੀ ਹੁੰਦੇ ਰਹੇ ਹਨ ਅਤੇ ਇਸੇ ਵਿਚੋਂ ਇਹ ਬੋਲਾ ਨਿਕਲਿਆ ਹੋਇਆ ਕਹਿ ਸਕਦੇ ਹਾਂ ਕਿ "ਪੰਥ ਨਹੀਂ ਰਹੇਗਾ ਤਾਂ ਗ੍ਰੰਥ ਕੌਣ ਮਾਨੇਗਾ"। ਪੰਥ ਨੂੰ ਗ੍ਰੰਥ ਦਾ ਨਿਗਰਾਨ (custodian) ਥਾਪਿਆ ਗਿਆ ਸੀ ਅਤੇ ਕੇਂਦਰੀਅਤਾ ਗ੍ਰੰਥ ਨੂੰ ਹੀ ਦਿੱਤੀ ਗਈ ਸੀ।ਬਾਣੀ ਨਾਲ ਜੁੜੇ ਹੋਏ ਪੰਥ ਦੇ ਪ੍ਰਤੀਨਿਧ ਹਨ, ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਤਰ। ਬਾਣੀ ਨਾਲੋਂ ਟੁੱਟੇ ਹੋਏ ਪੰਥ ਨੂੰ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਕੋਈ ਥਾਂ ਨਹੀਂ ਦਿੱਤੀ ਸੀ।

**ਹਵਾਲੇ:**


1. ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਸੰਪਾਦਕ ਡਾ. ਕ੍ਰਿਪਾਲ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1974, ਪੰਨਾ xx11.
2. ਭਾਈ ਵੀਰ ਸਿੰਘ ਸਾਹਿਤ-ਦਰਪਨ, ਸੰਪਾਦਿਤ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ 91.
3. "ਇਤਿਹਾਸ ਦੀ (ਧਰਮ ਵਿਚ) ਥਾਂ ਹੈ ਅਰ ਸਨਮਾਨ ਯੋਗ ਥਾਂ ਹੈ।ਅਤੇ ਸਿਖ ਧਰਮ ਦਾ ਆਪਣਾ ਇਤਿਹਾਸ ਹੈ ਤੇ ਉਸ ਦਾ ਨੇੜੇ ਦਾ ਸਬੰਧ ਧਰਮ ਨਾਲ ਹੈ। ਗਲ ਕੇਵਲ ਏਤਨੀ ਹੈ ਕਿ ਸਿਖ ਈਮਾਨ ਨਿਰਾ ਇਤਿਹਾਸ ਮੂਲਕ ਯਾ ਕੇਵਲ ਇਤਿਹਾਸ ਆਸ਼੍ਰਿਤ ਨਹੀਂ ਹੈ"।
4. ਉਹੀ, ਪੰਨਾ 30
5. ਖੋਜ ਪਤ੍ਰਿਕਾ, ਗੋਲਡਨ ਜੁਬਲੀ ਵਿਸ਼ੇਸ਼ ਅੰਕ (1952-2000), ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲ (ਲੇਖ), ਪੰਨਾ 59-60
6. ਉਹੀ, ਪੰਨਾ 59
7. ਨਿਰਗੁਣੀਆਰਾ, ਤ੍ਰੈਮਾਸਕ, (ਭਾਈ ਵੀਰ ਸਿੰਘ ਜੀ ਦੇ 142ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਅੰਕ) ਕੋਈ ਮਿਤੀ ਨਹੀਂ, ਚੀਫ ਖਾਲਸਾ ਦੀਵਾਨ, ਪੰਨਾ 8
8. ਉਹੀ, ਪੰਨਾ 9
9. ਉਪਰੋਕਤ ਵਾਂਗ, ਡਾ. ਕ੍ਰਿਪਾਲ ਸਿੰਘ, ਪੰਨਾ xxx111
10. ਡਾ. ਸਤਿੰਦਰ ਸਿੰਘ, ਭਾਈ ਵੀਰ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਪੰਨਾ 143
11. ਡਾ. ਗੁਰਚਰਨ ਸਿੰਘ ਮਹਿਤਾ, ਨਾਵਲਕਾਰ ਭਾਈ ਵੀਰ ਸਿੰਘ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1998, ਪੰਨਾ 303
12. ਉਹੀ, ਪੰਨਾ 303-304


❑❑❑

# ਭਾਈ ਵੀਰ ਸਿੰਘ ਦੀ ਕਾਵਿ ਸਿਰਜਣਾ ਦੀ ਸਮਕਾਲ ਵਿਚ ਪ੍ਰਸੰਗਿਕਤਾ

*ਡਾ. ਅਨੂਪ ਸਿੰਘ**

ਕਾਵਿ ਸਿਰਜਣਾ ਦੇ ਪਲ ਵਿਸ਼ੇਸ਼ ਹੁੰਦੇ ਹਨ ਜਦੋਂ ਕਵੀ ਕੁਦਰਤ, ਕਾਦਰ, ਮਨੁੱਖਤਾ, ਜੀਵ-ਰਚਨਾ ਜਾਂ ਆਪਣੀ ਅੰਤਰਆਤਮਾ ਨਾਲ ਇਕਸੁਰ ਹੋਇਆ ਹੁੰਦਾ ਹੈ। ਵੈਸੇ ਕਾਵਿ, ਕਵਿਤਾ ਹੀ ਨਹੀਂ ਹਰ ਸਿਰਜਣਾ ਭਾਵੇਂ ਉਹ ਸੂਖ਼ਮ ਕਲਾ ਦੇ ਵਰਗ 'ਚ ਰੱਖੀ ਜਾ ਸਕਦੀ ਹੋਵੇ ਤੇ ਭਾਵੇਂ ਕਾਰੀਗਰੀ, ਦਸਤਕਾਰੀ ਆਦਿ ਦੇ ਵਰਗ 'ਚ ਉਸ ਦੀ ਸਿਰਜਣਾ ਦੇ ਪਲ ਆਨੰਦ ਭਰੇ ਹੁਲਾਰੇ ਵਾਲੇ ਹੁੰਦੇ ਹਨ। ਕਾਵਿ ਜਾਂ ਸਾਹਿਤ ਅਨੰਦ ਦੀ ਮਨੋਸਥਿਤੀ/ਆਤਮਿਕ ਅਵਸਥਾ ਵਿਚ ਰਚਿਆ ਜਾਂਦਾ ਹੈ ਅਤੇ ਇਹ ਸਰੋਤੇ ਜਾਂ ਪਾਠਕ ਨੂੰ ਵੀ ਉਸੇ ਮਨੋਸਥਿਤੀ, ਆਤਮਿਕ ਅਵਸਥਾ ਵਿਚ ਲਿਜਾਣ ਦੀ ਪੂਰੀ-ਪੂਰੀ ਸਮਰੱਥਾ ਜਾਂ ਸੰਭਾਵਨਾ ਰੱਖਦਾ ਹੈ। ਇਹ ਸਰੋਤੇ ਜਾਂ ਪਾਠਕ, ਕਾਲ, ਸਮੇਂ, ਯੁੱਗ ਨੂੰ ਪਾਰ ਕਰਦਿਆਂ ਸਦੀਵ ਕਾਲ ਨਾਲ ਸੰਬੰਧਿਤ ਹੁੰਦਾ ਹੈ। ਕਾਵਿ ਜਾਂ ਸਾਹਿਤ ਦੇ ਇਸੇ ਗੁਣ ਜਾਂ ਅਸਰ ਦਾ ਸਦਕਾ ਕਾਵਿ ਜਾਂ ਸਾਹਿਤ ਨਾਲ ਸਦੀਵਤਾ ਦਾ ਤੱਤ ਜੋੜਨ ਦਾ ਝੁਕਾਅ ਵੇਖਣ-ਜਾਂਚਣ 'ਚ ਆਉਂਦਾ ਹੈ। ਇਸ ਪ੍ਰਕਾਰ ਕਾਵਿ ਸਿਰਜਣਾ ਦੇ ਵਿਸ਼ੇਸ਼ ਪਲ ਨੂੰ ਯੁੱਗਾਂ-ਯੁਗਾਂਤਰਾਂ ਤਕ ਫੈਲਦਿਆਂ ਵੇਖਿਆ ਜਾ ਸਕਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਭਾਈ ਵੀਰ ਸਿੰਘ ਦਾ ਬਹੁਤਾ ਸਾਹਿਤ ਇਹ ਰਹੱਸਮਈ ਲੀਲ੍ਹਾ ਰਚਾਉਂਦਾ ਨਜ਼ਰ ਆਉਂਦਾ ਹੈ ਭਾਵੇਂ ਕਿ ਇਸ ਹੱਥਲੇ ਲੇਖ ਨੂੰ ਭਾਈ ਸਾਹਿਬ ਦੀ ਕਵਿਤਾ ਨਾਲ ਸੀਮਿਤ ਕਰਨਾ ਵਧੇਰੇ ਸਹੀ ਲੱਗਦਾ ਹੈ।

ਕਵਿਤਾ ਦੇ ਇਕ ਤੋਂ ਵਧੇਰੇ ਜਾਂ ਕਈ ਕਰਮ, ਅਮਲ ਅਤੇ ਪ੍ਰਭਾਵ ਸਾਹਿਤ ਆਚਾਰੀਆਂ ਤੇ ਚਿੰਤਕਾਂ ਦੁਆਰਾ ਦੱਸੇ ਗਏ ਹਨ ਜਿਨ੍ਹਾਂ 'ਚੋਂ ਆਨੰਦ ਮੂਲ ਹੈ। ਕਈ ਚਿੰਤਕ ਇਸ ਨੂੰ ਇੰਦ੍ਰਿਆਵੀ ਖ਼ੁਸ਼ੀ ਦੇ ਹੁਲਾਰੇ ਤਕ ਸੀਮਿਤ ਕਰਦੇ ਹਨ ਜਦੋਂਕਿ ਕੁਝ ਦਾ ਵਿਚਾਰ ਹੈ ਕਿ ਕਵਿਤਾ ਜ਼ੁਬਾਨੀ ਯਾਦ ਹੋ ਸਕਣ ਦੇ ਅਤੇ ਦਿਲਾਂ 'ਚ ਵੱਸ ਜਾਣ ਦੇ ਗੁਣ ਦਾ ਸਦਕਾ ਮਨੁੱਖਤਾ ਜਾਂ ਸਰਬ ਸਾਧਾਰਨ ਲੋਕਾਈ ਨੂੰ ਸਦੀਆਂ ਤਕ ਉੱਚੇ-ਸੁੱਚੇ ਵਿਚਾਰਾਂ ਜਾਂ ਖ਼ਿਆਲਾਂ ਦੇ ਕਰਕੇ ਅਗਵਾਈ ਦਿੰਦੀ ਹੋਈ ਸਮਾਜਿਕ ਆਲੇ-ਦੁਆਲੇ ਵਿਚ ਵਰਤ ਰਿਹਾ ਵੇਖਦੇ ਹਾਂ। ਉਦਾਹਰਣ ਦੇ ਤੌਰ 'ਤੇ ਗੁਰਬਾਣੀ ਦੀਆਂ ਕੁਝ ਚੋਣਵੀਆਂ ਪੰਕਤੀਆਂ ਵਕਤਾ ਗਾਹੇ-ਬਗਾਹੇ ਸਾਡੀ ਮੌਜੂਦਾ ਬਹੁਪ੍ਰਕਾਰੀ ਗਿਰਾਵਟ ਦੀ ਦਸ਼ਾ ਨੂੰ ਵਿਚਾਰਨ ਵਾਸਤੇ ਤੇ ਇਸ 'ਚੋਂ ਹੰਭਲਾ ਮਾਰ ਕੇ ਬਾਹਰ ਨਿਕਲਣ ਦੇ ਮਨੋਭਾਵ ਸਹਿਤ ਉਲੇਖ ਕਰਦੇ ਵੇਖੇ-ਸੁਣੇ ਜਾਂਦੇ ਹਨ। ਪੰਜਾਬੀ ਭਾਈਚਾਰੇ 'ਚ ਸੁਰਜੀਤ ਪਾਤਰ ਤੇ ਕੁਝ ਹੋਰ ਚੰਗੇ ਸ਼ਾਇਰਾਂ ਦੇ ਸ਼ਿਅਰ ਤੇ ਕਾਵਿ-ਤੁਕਾਂ ਸੁਣਨ ਨੂੰ ਮਿਲਦੀਆਂ ਹਨ। ਇਸ ਦਾ ਅਸਰ ਵੀ ਹੁੰਦਾ ਹੈ। ਵਿਕਾਸ ਵਿਗਾਸ, ਮਨੁੱਖਤਾ ਦਾ ਕਲਿਆਣ ਤੇ ਉਥਾਨ ਇਉਂ ਸੰਭਵ ਤੇ ਸੰਭਾਵੀ ਹੈ। ਦੂਜੇ ਪਾਸੇ ਅੱਜ ਅਸੀਂ ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਭਾਈ ਵੀਰ ਸਿੰਘ ਹੋਰਾਂ ਨੂੰ ਵੀ ਸੁਚੇਤ ਅਚੇਤ ਵਿਸਾਰਨ ਦੇ ਉਝੜੇ ਰਾਹ ਪਏ ਹੋਏ ਹਾਂ ਜਾਂ ਸਾਡੇ ਕੋਲ ਆਪਣਾ ਬੇਹੱਦ-ਅਮੀਰ ਵਿਰਸਾ ਫਰੋਲਣ, ਵੇਖਣ-ਜਾਂਚਣ ਤੇ ਵਰਤਣ ਦਾ ਖ਼ਿਆਲ, ਚੇਤਾ ਜਾਂ ਵਕਤ ਹੀ ਨਹੀਂ। ਫਿਰ ਵੀ ਭਾਈ ਵੀਰ ਸਿੰਘ ਦੀ ਕਵਿਤਾ 'ਸਮਾਂ' ਵਕਤਾ ਜਨਾਂ ਜਾਂ ਸਮਕਾਲੀ ਲੇਖਕਾਂ ਦੁਆਰਾ ਕੋਟ ਕੀਤੀ ਜਾ ਰਹੀ ਹੈ। ਚਲੋ, ਕੁਝ ਹੀ ਸਹੀ!

ਭਾਈ ਵੀਰ ਸਿੰਘ ਦਾ ਜੀਵਨ-ਕਾਲ ਉਨ੍ਹੀਵੀਂ ਸਦੀ ਦੇ ਆਖਰੀ ਚੌਥੇ ਹਿੱਸੇ ਤੋਂ ਲੈ ਕੇ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤਕ ਫੈਲਿਆ ਹੋਇਆ ਹੈ। ਜਨਮ ਮਿਤੀ-5ਦਸੰਬਰ 1872 ਈਸਵੀ। ਦੇਹਾਂਤ 10 ਜੂਨ 1957 ਨੂੰ। ਇਹ ਇਕ ਪਾਸੇ ਸਿੱਖੀ, ਸਿੱਖ ਰਾਜ ਤੇ ਸਿੱਖ ਸੰਸਥਾਵਾਂ ਨਾਲ ਜੱਦੀ-ਪੁਸ਼ਤੀ ਰੂਪ 'ਚ ਜੁੜੇ ਹੋਏ, ਦੂਸਰੀ ਗੱਲ ਆਪ ਦਾ ਦਾਦਕਾ ਅਤੇ ਨਾਨਕਾ ਦੋਨੋਂ ਹੀ ਖਾਨਦਾਨ ਵਿਦਿਅਕ ਅਤੇ ਸਾਹਿਤਕ ਵਿਰਾਸਤ ਨਾਲ ਕਾਫੀ ਘਣੇ ਰੂਪ 'ਚ ਵਰੋਸੋਏ ਹੋਏ ਸਨ—ਦਾਦਾ ਬਾਬਾ ਕਾਹਨ ਸਿੰਘ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਤੇ ਕਵੀ; ਪਿਤਾ ਡਾਕਟਰ ਚਰਨ ਸਿੰਘ ਵੀ ਇਹੀ ਕੁਝ, ਨਾਨਾ ਗਿਆਨੀ ਹਜ਼ਾਰਾ ਸਿੰਘ ਸੁਪ੍ਰਸਿੱਧ ਤੇ ਸੰਪ੍ਰਦਾਈ ਗਿਆਨੀ ਤੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਨਾਲ-ਨਾਲ ਫਾਰਸੀ ਭਾਸ਼ਾ ਵਿਚ ਵੀ ਅਤਿ ਉੱਚੀ ਮੁਹਾਰਤ ਰੱਖਣ ਵਾਲੇ। ਵੈਸੇ ਵੀ ਬਾਲ ਤੇ ਕਿਸ਼ੋਰ ਵੀਰ ਸਿੰਘ ਨਾਨਾ ਜੀ ਦੇ ਬਹੁਤ ਹੀ ਨੇੜੇ ਰਹੇ। ਤੀਸਰੀ ਗੱਲ, ਇਨ੍ਹਾਂ ਦੀ ਅੰਸ-ਬੰਸ (ਭਾਈ ਵੀਰ ਸਿੰਘ ਦੀ) ਦੀਵਾਨ ਕੌੜਾ ਮਲ ਨਾਲ ਜੁੜਦੀ ਹੈ ਜਿਨ੍ਹਾਂ ਦਾ ਸਿੱਖ ਇਤਿਹਾਸ 'ਚ ਸਿੱਖਾਂ ਦੇ ਹੱਕ 'ਚ ਇਤਿਹਾਸਕ ਹਿੱਸਾ ਸਰਬ ਪ੍ਰਵਾਨਿਤ ਤੇ ਨਿਰਵਿਵਾਦ ਹੈ। ਇਹ ਲਿਖਣ ਦਾ ਮਨੋਭਾਵ ਕਿਰਪਾ ਕਰਕੇ ਇਹ ਨਾ ਲਿਆ ਜਾਵੇ ਕਿ ਖਾਨਦਾਨ ਕਿਸੇ ਸ਼ਖ਼ਸੀਅਤ ਦੀ ਸਮੁੱਚੀ ਘਾੜਤ ਜਾਂ ਉਸਾਰੀ 'ਚ ਮੂਲ ਹਿੱਸਾ ਪਾਉਂਦਾ ਹੀ ਪਾਉਂਦਾ ਹੈ! ਪਰੰਤੂ ਵੀਰ ਸਿੰਘ ਨੂੰ ਡਾਕਟਰ ਭਾਈ ਵੀਰ ਸਿੰਘ ਬਣਾਉਣ 'ਚ ਇਹ ਪਿਛੋਕੜ ਵੱਡੇ ਤੇ ਭਰਵੇਂ ਰੂਪ 'ਚ ਕ੍ਰਿਆਸ਼ੀਲ ਰਿਹਾ। ਵਿਦਿਆਰਥੀ ਦੇ ਤੌਰ 'ਤੇ ਵੀਰ ਸਿੰਘ ਨੇ ਉਸ ਸਮੇਂ ਅਨੁਸਾਰ ਨਿਖੇੜਵੀਂ ਯੋਗਤਾ ਤੇ ਸਮਰੱਥਾ ਜ਼ਾਹਰ ਕੀਤੀ। ਦਸਵੀਂ ਦਾ ਇਮਤਿਹਾਨ ਜ਼ਿਲ੍ਹਾ ਅੰਮ੍ਰਿਤਸਰ 'ਚੋਂ ਅੱਵਲ ਰਹਿੰਦਿਆਂ ਆਨ-

* ਸੀ. ਮੀਤ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

ਸ਼ਾਨ ਤੇ ਉੱਚੀ ਲਿਆਕਤ ਤੇ ਯੋਗਤਾ ਦਿਖਾਉਂਦਿਆਂ ਪਾਸ ਕੀਤਾ। ਆਪ ਵੀ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵਾਂਗ ਵਿਦੇਸ਼ੀ ਧਰਤੀ 'ਤੇ ਯਾਨੀ ਇੰਗਲੈਂਡ, ਅਮਰੀਕਾ ਜਿਹੇ ਦੇਸ਼ਾਂ 'ਚ ਜਾ ਕੇ ਉੱਚ/ਉੱਚਤਮ ਵਿੱਦਿਆ ਪ੍ਰਾਪਤ ਕਰ ਸਕਦੇ ਸਨ। ਲੇਕਿਨ ਆਪ ਨੇ ਦੇਸ਼ 'ਚ ਰਹਿ ਕੇ ਦੇਸ਼ ਦੀ ਸਾਹਿਤਕ ਵਿਰਾਸਤ ਨੂੰ ਵਧਾਉਣ ਤੇ ਇਸ 'ਚ ਵਿਆਪਕ ਅਧਿਐਨ ਦੇ ਆਸਾਰ 'ਤੇ ਵੱਡੇ ਤੇ ਵਰਣਨਯੋਗ ਵਾਧੇ ਕਰਨ ਦਾ ਰਾਹ ਚੁਣਿਆ। ਇਸ ਪੱਖ ਨੂੰ ਵੀ ਅਪ੍ਰਤੱਖ ਰੂਪ 'ਚ ਦੇਸ਼ ਭਗਤੀ ਦੀ ਇਕ ਕਸੌਟੀ ਦੇ ਰੂਪ 'ਚ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਦੇਸ਼ ਭਗਤੀ ਦੇ ਸਿਰਫ਼ ਰਾਜਨੀਤਿਕ ਸੰਘਰਸ਼ ਦੇ ਰੂਪ ਨੂੰ ਹੀ ਸਾਹਮਣੇ ਨਹੀਂ ਰੱਖਣਾ ਚਾਹੀਦਾ, ਇਸ ਦੇ ਹੋਰ ਵੀ ਕਈ ਰੂਪ ਹਨ ਤੇ ਸਭ ਦੀ ਆਪਣੀ-ਆਪਣੀ ਸਾਰਥਿਕ ਅਹਿਮੀਅਤ ਮੰਨਣੀ ਚਾਹੀਦੀ ਹੈ। ਉਦਾਹਰਣ ਹਿੱਤ ਭਾਈ ਵੀਰ ਸਿੰਘ ਦਾ ਕੁਦਰਤ ਨਾਲ ਅਸੀਮ ਲਗਾਉ ਤੇ ਪਿਆਰ ਕੁਦਰਤ ਨਾਲ ਲੋੜੋਂ ਵੱਧ ਛੇੜ-ਛਾੜ ਅਤੇ ਨਿਰੋਲ ਮੁਨਾਫ਼ੇ ਦੇ ਲਾਲਚ ਵਿਚ ਖਿਲਵਾੜ ਨਾਲ ਅਪ੍ਰਤੱਖ ਤੇ ਅਚੇਤ ਰੂਪ 'ਚ ਵਿਰੋਧ ਵਿਚ ਹੈ। ਯਾਦ ਰਹੇ ਕਿ ਕੁਦਰਤ ਨਾਲ ਇਹ ਖਿਲਵਾੜ ਸੱਤਾ ਸੰਪੰਨ ਤੇ ਸਾਧਨ ਸੰਪੰਨ ਧਿਰਾਂ ਕਰ ਰਹੀਆਂ ਹਨ। ਇਹ ਹਕੀਕਤ ਵੀ ਅੱਜ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਇਨ੍ਹਾਂ ਧਿਰਾਂ ਦੀ ਅਗਵਾਈ ਅੱਜ ਅਮਰੀਕਾ ਤੇ ਹੋਰ ਵਿਕਸਤ ਦੇਸ਼ ਕਰ ਰਹੇ ਹਨ ਜਾਂ ਇਨ੍ਹਾਂ ਦੇਸ਼ਾਂ ਦੀਆਂ ਦੈਂਤ ਕੱਦ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਕਰ ਰਹੀਆਂ ਹਨ। ਇਸ ਸੰਦਰਭ 'ਚ ਭਾਈ ਵੀਰ ਸਿੰਘ ਦਾ ਕੁਦਰਤ ਦਾ ਜੱਸ ਗਾਇਨ ਵਿਚਾਰਨਾ ਬਣਦਾ ਹੈ। ਦੇਸ਼ ਕੌਮ ਦੀ ਸਾਹਿਤਕ ਵਿਰਾਸਤ ਨੂੰ ਬਚਾਉਣਾ ਮਹਾਨ ਦੇਸ਼ ਸੇਵਾ ਹੈ। ਸਾਹਿਤ ਹੀ ਤਾਂ ਹੈ ਜਿਸ ਵਿਚ ਜਿਸ ਦੁਆਰਾ ਨਿੱਘਰ ਚੁੱਕੀਆਂ ਕੌਮਾਂ ਨੂੰ ਗਿਰਾਵਟ ਦੀ ਖੱਡ 'ਚੋਂ ਬਾਹਰ ਕੱਢ ਕੇ ਉਨ੍ਹਾਂ 'ਚ ਨਵੀਂ ਜਾਨ ਤੇ ਰੂਹ ਦਾ ਸੰਚਾਰ ਕੀਤਾ ਜਾ ਸਕਦਾ ਹੈ। ਠੀਕ ਹੈ, ਭਾਈ ਵੀਰ ਸਿੰਘ ਹੋਰਾਂ ਤੇ ਕੁਝ ਸਮਕਾਲੀ ਪੰਜਾਬੀ ਕਵੀ ਜਿਵੇਂ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਬਾ ਬਲਵੰਤ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਰ, ਧਨੀ ਰਾਮ ਚਾਤ੍ਰਿਕ ਆਦਿ ਸਿੱਧੇ ਤੌਰ 'ਤੇ ਵਧੇਰੇ ਉੱਘੜਵੇਂ ਤੇ ਉੱਭਰਵੇਂ ਰੂਪ 'ਚ ਆਪਣੀ ਥਾਂ ਪ੍ਰਗਤੀਵਾਦੀ ਕਵੀਆਂ ਦੀ ਕਤਾਰ 'ਚ ਥਾਂ ਬਣਾਉਂਦੇ ਦਿੱਸਦੇ ਹਨ ਜਦਕਿ ਭਾਈ ਵੀਰ ਸਿੰਘ ਹੋਰਾਂ ਦਾ ਪੰਜਾਬੀ ਦੀ ਰਹੱਸਵਾਦੀ ਅਧਿਆਤਮਵਾਦੀ ਧਾਰਾ ਨਾਲ ਸੰਬੰਧ ਬਣਦਾ ਨਜ਼ਰ ਆਉਂਦਾ ਹੈ ਪਰੰਤੂ ਇਹ ਪਾਸਾਰ ਉਲੇਖਯੋਗ ਹੈ ਕਿ ਇਹ ਰਹੱਸਵਾਦ ਤੇ ਅਧਿਆਤਮਵਾਦ ਆਧੁਨਿਕ ਸਰੂਪ ਵਾਲਾ ਹੈ—ਵਿਸ਼ਾ-ਵਸਤੂ ਅਤੇ ਕਲਾ ਦੋਵਾਂ ਹੀ ਪੱਖਾਂ ਤੋਂ ਅਤੇ ਭਾਈ ਵੀਰ ਸਿੰਘ ਦੀ ਵੀਹਵੀਂ ਸਦੀ ਦੇ ਅਰੰਭ 'ਚ ਪੰਜਾਬੀ ਕਵਿਤਾ ਨੂੰ ਰਾਜਾਸ਼ਾਹੀ, ਸਾਮੰਤਵਾਦੀ ਸੰਸਕਾਰਾਂ ਤੇ ਪਹੁੰਚ ਦ੍ਰਿਸ਼ਟੀਆਂ ਤੋਂ ਆਜ਼ਾਦ ਕਰਾਉਣ ਦੀ ਪਹਿਲਕਦਮੀ ਕਰਦੇ ਹਨ। ਇਨ੍ਹਾਂ ਸੰਸਕਾਰਾਂ 'ਚ ਪੰਜਾਬੀ ਦਾ ਮੱਧਕਾਲੀ ਅਤੇ ਉੱਤਰ ਮੱਧਕਾਲੀ ਕਾਵਿ ਕਾਫੀ ਬੁਰੀ ਤਰ੍ਹਾਂ ਫਸਿਆ ਹੋਇਆ ਸੀ; ਸਿਰਫ਼ ਕਿੱਸਾ ਕਾਵਿ 'ਚ ਹੀ ਨਹੀਂ ਵਾਰ ਕਾਵਿ 'ਚੋਂ ਵੀ ਰਾਜਾ ਸ਼੍ਰੇਣੀ ਦੀ ਉਪਮਾ ਸੁਚੇਤ ਅਚੇਤ ਤੌਰ 'ਤੇ ਬੜੀ ਭਾਰੂ ਵੇਖੀ ਜਾ ਸਕਦੀ ਹੈ ਅਤੇ ਕਿਤੇ ਫਿਰਕੂਵਾਦ ਦਾ ਸ਼ਿਕਾਰ ਵੀ ਜਿਸ ਦੀ ਇਕ ਉਦਾਹਰਣ ਪੀਰ ਮੁਹੰਮਦ ਰਚਿਤ 'ਚੱਠਿਆਂ ਦੀ ਵਾਰ' ਵਿਚਾਰੀ ਜਾ ਸਕਦੀ ਹੈ। ਇਸ ਵਾਰ 'ਚ ਵਾਸਤਵਿਕ ਨਾਇਕ ਮਹਾਂ ਸਿੰਘ ਨੂੰ ਖਲਨਾਇਕ ਤਕ ਬਣਾ ਦਿੱਤਾ ਗਿਆ ਹੈ ਅਤੇ ਸਾਰੀ ਸਿੱਖ ਕੌਮ ਨੂੰ ਲੁੱਟ-ਮਾਰ ਕਰਨ ਵਾਲੀ ਦਿਖਾਇਆ ਗਿਆ ਹੈ ਜੋ ਕਿ ਇਤਿਹਾਸਕ ਤੱਥਾਂ ਤੋਂ ਕਾਫੀ ਦੂਰ ਹੈ। ਭਾਈ ਵੀਰ ਸਿੰਘ ਹੋਰਾਂ ਨੇ ਘੱਟੋ-ਘੱਟ ਆਪਣੀ ਕਵਿਤਾ ਵਿਚ ਪਰੰਪਰਾਵਾਦ ਨੂੰ ਘੁਸਪੈਠ ਕਰਨ ਦੀ ਸੁਚੇਤ ਅਚੇਤ ਆਗਿਆ ਨਹੀਂ ਦਿੱਤੀ। ਉਹ ਮੁੱਖ ਤੌਰ 'ਤੇ ਕੁਦਰਤ ਦੇ ਵੱਡੇ ਪੰਜਾਬੀ ਕਵੀ ਦੇ ਰੂਪ 'ਚ ਉਭਰਦੇ ਹਨ। ਉਨ੍ਹਾਂ ਨੇ ਜਿਥੋਂ ਤਕ ਹੋ ਸਕਿਆ ਇਸ ਨੂੰ ਭਾਸ਼ਾ, ਛੰਦਾਬੰਦੀ ਤੇ ਹੋਰ ਕਈ ਕਲਾਤਮਕ ਪੱਖਾਂ ਤੋਂ ਨਵੀਆਂ ਲੀਹਾਂ 'ਤੇ ਤੋਰਿਆ। ਬਿਲਕੁਲ ਨਵੇਂ ਤਜਰਬੇ ਕੀਤੇ। ਪੱਛਮੀ ਕਵਿਤਾ ਦੇ ਵਿਆਪਕ ਅਧਿਐਨ ਦੇ ਆਧਾਰ 'ਤੇ ਉਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਰੂਪਕ ਤੇ ਕਲਾ ਪੱਖੋਂ ਨਵੀਂ ਨੁਹਾਰ ਪ੍ਰਦਾਨ ਕੀਤੀ। ਨਿੱਕੀ ਸਰੋਦੀ ਕਵਿਤਾ ਦਾ ਪੰਜਾਬੀ ਵਿਚ ਮੁੱਢ ਤੇ ਇਸ ਦੇ ਨਾਲ-ਨਾਲ ਚੰਗਾ ਤੁਕ ਬੰਨ੍ਹਣ ਦੀ ਵਡਿਆਈ ਭਾਈ ਵੀਰ ਸਿੰਘ ਨੂੰ ਹੀ ਜਾਂਦੀ ਹੈ। ਸਾਰੇ ਕਾਵਿ ਸਿਰਜਕ ਮਾਣਯੋਗ ਹਨ ਪਰ ਜਿਨ੍ਹਾਂ ਕਵੀਆਂ ਦਾ ਪ੍ਰਗਤੀਵਾਦੀ ਕਵੀਆਂ ਦੇ ਤੌਰ 'ਤੇ ਹੁਣੇ ਜ਼ਿਕਰ ਹੋਇਆ ਹੈ ਇਨ੍ਹਾਂ ਨੇ ਨਿੱਕੀ ਕਵਿਤਾ ਦੀ ਵਿਧਾ ਭਾਈ ਵੀਰ ਸਿੰਘ ਤੋਂ ਹੀ ਲਈ ਸੀ। ਇਕ ਗੱਲ ਹੋਰ, ਪੰਜਾਬੀ ਦੇ ਸੁਚਰਚਿਤ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਖੁਦ ਨੂੰ ਕਾਵਿਮਈ ਰੂਪ 'ਚ ਭਾਈ ਵੀਰ ਸਿੰਘ ਦੇ ਜਾਦੂਮਈ ਅਸਰ ਥੱਲੇ ਮੁੜ ਗੁਰੂ ਦੀ ਸਿੱਖੀ ਨੂੰ ਗ੍ਰਹਿਣ ਕਰਨ ਵਾਲਾ ਦੱਸਿਆ ਹੈ। (ਤੜਪਦੀ ਘੁੱਗੀ-ਕਵਿਤਾ)

ਪੂਰਵ ਭਾਈ ਵੀਰ ਸਿੰਘ ਪੰਜਾਬੀ ਕਵਿਤਾ ਅਤੇ ਭਾਈ ਵੀਰ ਸਿੰਘ ਦੀ ਕਵਿਤਾ 'ਚ ਡਾ. ਹਰਿਭਜਨ ਸਿੰਘ ਦੁਆਰਾ ਕੀਤਾ ਗਿਆ ਅੰਤਰ—ਨਿਖੇੜ ਕਾਫੀ ਡੂੰਘਾ, ਇਤਿਹਾਸਮੁਖੀ ਤੇ ਸਟੀਕ ਹੋਣ ਕਰਕੇ ਗੌਲਣਯੋਗ ਹੈ:

"1857 ਦੀ ਕ੍ਰਾਂਤੀ ਸਫਲ ਨਾ ਹੋਈ, ਇਸ ਲਈ ਸੰਕਟ ਵਿਚ ਫਾਥੇ ਭਾਰਤੀ ਮਨ ਨੂੰ ਫੇਰ ਧਰਮ ਵਲ ਰੁਚਿਤ ਹੋਣਾ ਪਿਆ ਅਤੇ ਕਠੋਕ ਇਹਿਲੌਕਿਕ ਵਸਤੂ-ਸਥਿਤੀ ਦਾ ਸਾਮ੍ਹਣਾ ਕਰਨ ਲਈ ਪੁਰਾਣੀਆਂ ਧਰਮ-ਕਥਾਵਾਂ ਅਤੇ ਪੁਰਾਣੇ ਕਾਵਿ ਰੂਪ, ਕਿੱਸੇ, ਨਾਲ ਕੰਮ ਚਲਾਉਣਾ ਪਿਆ। ਕਿੱਸਾ ਕਾਵਿ ਰੂਪ ਨੂੰ ਬਹੁਤ ਲੰਮੇ ਚਿਰ ਤੋਂ ਲੋਕ-ਪ੍ਰਿਯਤਾ ਪ੍ਰਾਪਤ ਸੀ ਅਤੇ ਉਹ ਪੰਜਾਬੀ ਅਵਚੇਤਨ ਦਾ ਅੰਗ ਬਣ ਚੁੱਕਾ ਸੀ। ਭਾਵੇਂ ਮੁਸਲਮਾਨ ਕਿੱਸਾਕਾਰ, ਜਿਨ੍ਹਾਂ ਇਸ ਰੂਪ ਨੂੰ ਪਰਿਪੱਕ ਕੀਤਾ ਸੀ, ਇਸ

ਪਾਸਿਓਂ ਉਪਰਾਮ ਹੋ ਰਹੇ ਸਨ, ਤਾਂ ਵੀ ਕਿੱਸਾ ਕਾਵਿ ਰਚਨਾ ਹਿੰਦੂ ਕਥਾ ਸਾਹਿਤ ਦੀ ਸਹਾਇਤਾ ਨਾਲ ਲਗਭਗ ਅੱਧੀ ਸਦੀ ਤਕ ਚਲਦੀ ਰਹੀ। ਕੁਲ ਮਿਲਾ ਕੇ, ਉੱਨੀਵੀਂ ਸਦੀ ਕਿੱਸਾ ਅਤੇ ਕਥਾ ਦੇ ਸੁਮੇਲ ਦਾ ਸਮਾਂ ਹੈ, ਕਿਸੇ ਨਵੇਂ ਹਸਤਾਖਰ ਦਾ ਨਹੀਂ। ਇਹ ਪੁਰਾਤਨਤਾ ਦੀ ਪੈੜ 'ਤੇ ਚੱਲਣ ਦਾ ਸਮਾਂ ਹੈ।

ਇਸ ਸਮੇਂ ਭਾਈ ਵੀਰ ਸਿੰਘ ਦਾ ਜਨਮ ਹੁੰਦਾ ਹੈ। ਸਥਿਤੀ ਜ਼ਿੰਦਗੀ ਨੂੰ ਜਰਨ ਦੀ ਹੈ। ਭਾਈ ਵੀਰ ਸਿੰਘ ਦੇ ਰਚਨਾਤਮਕ ਉੱਦਮ ਦੀ ਦਿਸ਼ਾ ਇਸੇ ਪਾਸੇ ਹੈ। ਜਿਵੇਂ ਹਿੰਦੂ ਕਿੱਸਾਕਾਰਾਂ ਨੇ ਹਿੰਦੂ ਕਥਾ-ਸਾਹਿਤ ਨੂੰ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਜ਼ੁਬਾਨ ਦਿੱਤੀ, ਉਵੇਂ ਹੀ ਭਾਈ ਵੀਰ ਸਿੰਘ ਨੇ ਪਹਿਲੀ ਵਾਰ ਸਿੱਖ ਸਿੱਧਾਂਤ ਅਤੇ ਸਿੱਖ ਇਤਿਹਾਸ ਨੂੰ ਨਿਰੋਲ ਪੰਜਾਬੀ ਵਿਚ ਆਪਣਾ ਸੁਰ ਉਚਾਰਨ ਦਾ ਮੌਕਾ ਦਿੱਤਾ। ਇਹ ਇਕ ਨਵੀਂ ਪਰੰਪਰਾ ਦਾ ਅਰੰਭ ਸੀ।

ਪਰ ਭਾਈ ਵੀਰ ਸਿੰਘ ਆਪਣੀ ਅਮੀਰ ਵਿਰਾਸਤ ਤੋਂ ਭਾਸ਼ਾ ਦੀ ਵਰਤੋਂ ਦੇ ਪੱਖ ਤੋਂ ਸਪਸ਼ਟ ਨਿਖੇੜਾ ਕਰਦੇ ਹਨ। ਉਨ੍ਹਾਂ ਦੇ ਪੂਰਵਵਰਤੀ ਕਲਮਕਾਰ ਉਰਦੂ-ਫਾਰਸੀ ਅਤੇ ਬ੍ਰਿਜ ਭਾਸ਼ਾ ਦੀ ਬਾਖ਼ੂਬੀ ਵਰਤੋਂ ਕਰਦੇ ਹਨ, ਪਰ ਭਾਈ ਵੀਰ ਸਿੰਘ 19ਵੀਂ ਸਦੀ ਦੇ ਅੰਤਲੇ ਦਹਾਕੇ ਅਤੇ 20ਵੀਂ ਸਦੀ ਵਿਚ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦੀ ਹੀ ਵਰਤੋਂ ਕਰਦੇ ਹਨ। ਅਸਲ 'ਚ ਭਾਈ ਵੀਰ ਸਿੰਘ ਨੇ ਪੰਜਾਬੀ ਬੋਲੀ ਨੂੰ ਬ੍ਰਿਜ ਤੇ ਉਰਦੂ-ਫਾਰਸੀ ਦੀ ਪਿਉਂਦ ਲਾਹ ਕੇ ਨਿਖਾਰਿਆ, ਸ਼ਿੰਗਾਰਿਆ ਅਤੇ ਟਕਸਾਲੀ ਰੂਪ ਦੇਣ ਵਿਚ ਮੋਢੀਆਂ ਵਾਲਾ ਕਾਰਜ ਕੀਤਾ। ਪ੍ਰਬੁੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਦੀ ਟਿੱਪਣੀ ਨਾਲ ਇਸ ਪੱਖ ਨੂੰ ਸਮੇਟਦੇ ਹਾਂ: "ਆਪਣੇ ਜੀਵਨ ਦੇ ਆਰੰਭ-ਕਾਲ ਵਿਚ ਹੀ ਉਹ ਵਿਚਾਰ ਪ੍ਰੋਸ਼ਣ ਲਈ ਭਾਸ਼ਾਵਾਂ ਦੇ ਚੌਰਾਹੇ ਵਿਚ ਆ ਖੜੋਤੇ। ਇਕ ਮਾਰਗ ਉਰਦੂ ਦੇਸ਼ ਵੱਲ ਜਾਂਦਾ ਸੀ, ਸਰਕਾਰੀ ਭਾਸ਼ਾ ਹੋਣ ਕਰਕੇ ਇਸ ਦਾ ਮਹੱਤਵ ਨਿਰਦਵੰਦ ਸੀ। ਦੂਜਾ ਮਾਰਗ ਅੰਗਰੇਜੀ ਦਾ ਸੀ ਜੋ ਅੰਤਰ-ਰਾਸ਼ਟਰੀ ਦੇਸ਼ਾਂ ਨਾਲ ਸੰਬੰਧ ਸਥਾਪਿਤ ਕਰਾ ਕੇ ਮਨੁੱਖ ਦੇ ਸਮਾਜਿਕ ਘੇਰੇ ਦਾ ਵਿਸਤਰਣ ਕਰਦਾ ਸੀ। ਤੀਜਾ, ਬ੍ਰਜ ਭਾਸ਼ਾ ਦਾ ਮਾਰਗ ਸੀ ਜਿਸ 'ਤੇ ਭਾਈ ਵੀਰ ਸਿੰਘ ਦੇ ਲਗਭਗ ਸਾਰੇ ਪੂਰਵਜ ਚਲਦੇ ਆਏ ਸਨ। ਅਤੇ ਚੌਥਾ ਮਾਰਗ, ਨਹੀਂ ਨਹੀਂ, ਪਗਡੰਡੀ ਸੀ ਪੰਜਾਬੀ ਭਾਸ਼ਾ ਦੀ, ਨਾ ਉਸ ਦਾ ਰੂਪ ਸੀ, ਨਾ ਵਿਸਤਾਰ, ਨਾ ਸੇਧ ਸੀ ਨਾ ਛਾਂ, ਨਾ ਰੌਣਕ ਸੀ, ਨਾ ਆਰਾਮ ਲਈ ਕੋਈ ਸਰਾਂ। ਬਸ ਕੇਵਲ ਇਕ ਮਾਰਗ ਸੀ, ਉਹ ਵੀ ਅਤਿਅੰਤ ਬਿਖੜਾ ਜਿਸ ਉੱਪਰ ਸਾਦਿਕ ਦਾ ਸਿਦਕ ਪਰਖਣ ਲਈ ਅਧੀਰਤਾ ਅਧੀਰ ਸੀ। ਆਸਥਾਵਾਨ ਭਾਈ ਵੀਰ ਸਿੰਘ ਨੇ ਉਸ 'ਤੇ ਕਦਮ ਰੱਖ ਦਿੱਤਾ ਅਤੇ ਆਪਣੀ ਅਦੁੱਤੀ ਸਾਹਿਤ-ਸੇਵਾ ਨਾਲ ਪਗਡੰਡੀ ਨੂੰ ਰਾਜ-ਮਾਰਗ ਵਿਚ ਬਦਲ ਦਿੱਤਾ।"

ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਪੰਜਾਬੀ ਕਵਿਤਾ ਬਾਰੇ ਇਹ ਕਥਨ ਵੀ ਸਾਨੂੰ ਉਨ੍ਹਾਂ ਦੀ ਅਦੁੱਤੀ ਕਾਵਿ ਦੇਣ ਦਾ ਅਹਿਸਾਸ ਕਰਾਉਣ 'ਚ ਕਾਫੀ ਸਹਾਈ ਸਿੱਧ ਹੋ ਸਕਦੇ ਹਨ:

"ਭਾਈ ਵੀਰ ਸਿੰਘ ਅਤਿਅੰਤ ਇਕਾਗਰ ਬਿਰਤੀ ਵਾਲਾ ਧਾਰਮਿਕ ਸਾਹਿਤਕਾਰ ਸੀ। ਆਧੁਨਿਕ ਕਾਲ ਵਿਚ ਇਸ ਪ੍ਰਕਾਰ ਦੀ ਇਕਾਗਰਤਾ ਹੋਰ ਕਿਸੇ ਕਵੀ ਨੂੰ ਪ੍ਰਾਪਤ ਨਹੀਂ। ਉਹ ਬਹੁਮੁੱਖੀ ਪ੍ਰਤਿਭਾ ਵਾਲਾ ਲੇਖਕ ਸੀ ਪਰ ਉਸ ਦੀ ਬਹੁਮੁਖਤਾ ਅਨੁਭਵ ਦੀ ਵੰਨ-ਸੁਵੰਨਤਾ ਉੱਪਰ ਆਧਾਰਿਤ ਨਹੀਂ ਸੀ। ਸਿੱਖ-ਸਿੱਧਾਂਤ ਤੇ ਸਿੱਖ ਜੀਵਨ-ਜਾਚ ਤੋਂ ਛੁਟ ਉਹਨੇ ਕਿਸੇ ਵੀ ਹੋਰ ਅਨੁਭਵ-ਖੇਤਰ ਵਿਚ ਪ੍ਰਵੇਸ਼ ਕਰਨਾ ਯੋਗ ਨਾ ਸਮਝਿਆ।"

"ਭਾਈ ਵੀਰ ਸਿੰਘ ਦੀ ਰਚਨਾ ਇਹਲੌਕਿਕ ਅਤੇ ਇਹਕਾਲਿਕ ਅਕਾਂਖਿਆਵਾਂ ਨੂੰ ਜ਼ੁਬਾਨ ਨਹੀਂ ਦੇਂਦੀ। ਉਹ ਆਦਰਸ਼ ਮਨੁੱਖ ਨੂੰ ਹੀ ਰਚਦੀ ਤੇ ਪ੍ਰਗਟਾਉਂਦੀ ਹੈ।"

ਭਾਈ ਵੀਰ ਸਿੰਘ ਦੇ ਕਾਵਿ ਵਿਚ ਆਲੰਬਨ ਦੀ ਖੋਜ ਕੀਤੀ ਜਾਏ ਤਾਂ ਬੜੇ ਹੀ ਦਿਲਚਸਪ ਨਤੀਜੇ ਪ੍ਰਾਪਤ ਹੁੰਦੇ ਹਨ। ਉਨ੍ਹਾਂ ਦਾ ਮੂਲ ਆਲੰਬਨ ਵਿਚਾਰ ਹੈ, ਵਿਅਕਤੀ ਨਹੀਂ। ਇਸੇ ਕਰਕੇ ਉਹਦੇ ਭਾਵ ਚਿੱਤਰਾਂ ਵਿਚ ਵੀ ਮਾਨਵੀ ਪਿਆਰ ਦਾ ਨਿੱਘ ਨਹੀਂ। ਪਿਆਰ ਕਿਸੇ ਅਦਿੱਸ, ਅਰੂਪ ਮਹਾਂਹੋਂਦ ਪ੍ਰਤੀ ਹੈ। ਕਰੁਣਾ ਦਾ ਚਿੱਤਰ ਵੀ ਕਿਸੇ ਬੀਤ ਗਏ ਮਾਨਵ ਨਾਲ ਸੰਬੰਧਿਤ ਹੈ। ਇਸੇ ਦੇ ਫਲਸਰੂਪ ਵੀਰ ਸਿੰਘ-ਕਾਵਿ ਵਿਚ ਜੀਵਨ ਦੇ ਆਦਰਸ਼ ਰੂਪ ਨੂੰ ਸਮਝਣ ਦਾ ਉਪਰਾਲਾ ਹੈ। ਉਸ ਦੇ ਵੰਨ-ਸੁਵੰਨੇ ਅਨੁਭਵਾਂ ਨੂੰ ਪ੍ਰਗਟਾਉਣ ਦਾ ਉਮਾਹ ਨਹੀਂ। ਭਾਈ ਵੀਰ ਸਿੰਘ-ਕਾਵਿ ਪੰਜਾਬੀ ਕਾਵਿ-ਪਰੰਪਰਾ ਵਿਚ ਅਸਲੋਂ ਵਿਲੱਖਣ ਘਟਨਾ ਹੈ।... ਦੂਜੇ, ਉਹਨੇ ਆਪਣੀ ਕਾਵਿ-ਰਚਨਾ ਵਿਚ ਵਿਚਾਰ ਨੂੰ ਸਿਰਮੌਰ ਸਥਾਨ ਦਿੱਤਾ। ਇਹ ਅਸਲੋਂ ਨਵੇਂ ਹਸਤਾਖਰ ਸਨ ਅਤੇ ਇਸ ਦੇ ਨਾਲ ਇਕ ਨਵੀਂ ਰਚਨਾ ਵੰਨਗੀ ਦਾ ਵੀ ਉਦੈ ਹੋਇਆ। ਇਹ ਨਵੀਂ ਰਚਨਾ ਵੰਨਗੀ ਹੈ ਛੋਟੀ ਕਵਿਤਾ।

ਨਿਰਸੰਦੇਹ ਇਹ ਉਕਤ ਕਥਨ ਬੜੇ ਅਹਿਮ ਹਨ ਜੋ ਭਾਈ ਸਾਹਿਬ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਹੀ ਨਹੀਂ ਸਗੋਂ ਪਿਤਾਮਾ ਦਰਸਾਉਂਦੇ ਹਨ ਪਰੰਤੂ ਇਸ ਦੇ ਨਾਲ-ਨਾਲ ਇਨ੍ਹਾਂ 'ਚੋਂ ਕੁਝ ਕੁ ਸੀਮਾਵਾਂ ਵੱਲ ਸੰਕੇਤ ਕਰਨ ਤੋਂ ਜਾਂ ਇਨ੍ਹਾਂ ਸੀਮਾਵਾਂ ਦੀ ਨਿਸ਼ਾਨਦੇਹੀ ਕਰਨ ਤੋਂ ਵੀ ਕੋਈ ਝਿਜਕ ਨਹੀਂ ਦਰਸਾਉਂਦੇ। ਉਨ੍ਹਾਂ ਦਾ ਧਾਰਮਿਕ ਹੋਣਾ ਅਤੇ ਧਾਰਮਿਕ ਹੀ ਰਹਿਣਾ ਇਕ ਸੀਮਾ ਵੀ ਹੈ ਪਰ ਇਹ ਪੰਜਾਬੀ ਕਵਿਤਾ ਦੇ ਪੂਰਬਲੇ ਸੰਸਕਾਰਾਂ ਤੇ ਸਰੋਕਾਰਾਂ ਦੇ ਰੂਬਰੂ ਇਸ ਦਾ ਇਕ ਚੰਗਾ ਗੁਣ ਵੀ ਮੰਨਿਆ ਜਾ ਸਕਦਾ ਹੈ। ਜਿਥੋਂ ਤਕ ਆਦਰਸ਼ ਇਹਲੌਕਿਕ ਜਾਂ ਬਹੁਮੁਖੀ ਅਨੁਭਵ ਦੇ ਅਭਾਵ ਦਾ ਮਸਲਾ ਹੈ ਇਸ ਵਿਚਾਰ ਅਧੀਨ ਇਹ ਗੱਲ ਕਵੀ ਦੀ, ਉਸ ਯੁੱਗ ਦੇ ਅੰਦਰ, ਜਿਥੇ ਇਕ ਸੀਮਾ ਹੈ, ਉਥੇ ਇਹੀ ਗੱਲ ਕਵੀ ਦੀ ਅਤਿਅੰਤ ਪ੍ਰਭਾਵਸ਼ਾਲੀ ਕਾਵਿ ਅਭਿਵਿਅਕਤੀ ਦੇ ਹੁੰਦਿਆਂ ਇਸ ਨੂੰ ਘਟੋ-ਘੱਟ ਕਵਿਤਾ ਦਾ ਔਗੁਣ ਨਹੀਂ ਬਣਨ

ਦਿੰਦੀ। ਉਸ ਯੁੱਗ 'ਚ ਤੇ ਖਾਸ ਕਰਕੇ ਕਵਿਤਾ ਦੀ ਵਿਧਾ 'ਚ ਇਹਲੌਕਿਕਤਾ ਜਾਂ ਇਸ ਧਰਤੀ ਦੇ ਠੋਸ ਤੇ ਹਕੀਕੀ ਯਥਾਰਥ ਦਾ ਸਮਾਵੇਸ਼ ਸ਼ਾਇਦ ਅਜੇ ਸੰਭਵ ਨਹੀਂ ਸੀ, ਜਦੋਂ ਕਿ ਡਾ. ਹਰਿਭਜਨ ਸਿੰਘ ਦੇ ਇਸ ਹਰ ਪ੍ਰਕਾਰ ਵਾਜਿਬ ਵਿਸ਼ੇਲਸ਼ਣ ਦਾ ਸਮਾਨਾਂਤਰ ਪੰਜਾਬੀ ਆਲੋਚਕਾਂ ਦਾ ਇਕ ਵਰਗ ਅਜਿਹਾ ਵੀ ਹੈ, ਜੋ ਇਹਲੌਕਿਕਤਾ ਜਾਂ ਜੀਵਨ ਯਥਾਰਥ ਦੀ ਅਣਹੋਂਦ ਦੇ ਆਧਾਰ ਦੇ ਨਾਲ-ਨਾਲ ਭਾਈ ਵੀਰ ਸਿੰਘ ਦੇ ਰਹੱਸਵਾਦੀ ਅਨੁਭਵ ਤੇ ਉਨ੍ਹਾਂ ਦੀ ਅਧਿਆਤਮਕ ਦ੍ਰਿਸ਼ਟੀ ਜਾਂ ਵਿਚਾਰਧਾਰਾ ਨੂੰ ਹੀ ਆਪਣੀ ਤਿੱਖੀ ਆਲੋਚਨਾ ਦਾ ਸ਼ਿਕਾਰ ਬਣਾਉਂਦਾ ਰਿਹਾ, ਜੋ ਇਸ ਬੇਹੱਦ ਪ੍ਰਤਿਭਾਵਾਨ ਪੰਜਾਬੀ ਕਵੀ ਨਾਲ ਕੀਤਾ ਗਿਆ ਇਕ ਤਰ੍ਹਾਂ ਦਾ ਅਨਿਆਂ ਹੀ ਹੈ। ਕੋਈ ਵੀ ਬਦਲਾਵ ਸਾਹਿਤ ਜਾਂ ਕਵਿਤਾ ਦੇ ਖੇਤਰ 'ਚ ਇਕਦਮ ਜ਼ੋਰਦਾਰ ਵੇਗ ਜਾਂ ਗਤੀ ਨਾਲ ਆਉਣਾ ਮੁਮਕਿਨ ਨਹੀਂ ਹੁੰਦਾ। ਹਰੇਕ ਜ਼ਿਕਰਯੋਗ ਤਬਦੀਲੀ ਦੇ ਘਟਣ ਜਾਂ ਵਾਪਰਨ ਦੀ ਇਕ ਲੰਮੀ ਤੇ ਧੀਮੀ ਪ੍ਰਕ੍ਰਿਆ ਹੁੰਦੀ ਹੈ। ਇਥੇ ਹੀ ਇਹ ਗੱਲ ਭਰੋਸੇ ਨਾਲ ਕਹੀ/ਲਿਖੀ ਜਾ ਸਕਦੀ ਹੈ ਕਿ ਵਿਸ਼ੈ-ਵਸਤੂ ਅਤੇ ਖ਼ਾਸ ਕਰਕੇ ਰੂਪਕ ਪੱਖ ਅਤੇ ਉਹ ਵੀ ਤਕਨੀਕ ਅਥਵਾ ਨਿੱਜੀ ਸਰੋਦੀ ਕਵਿਤਾ ਦੇ ਰੂਪਾਕਾਰ ਗ੍ਰਹਿਣ ਕਰਨ ਦੇ, ਭਾਈ ਵੀਰ ਸਿੰਘ ਦੇ ਹੱਥੀਂ ਵਰਤੇ ਬਦਲਾਵ ਤੋਂ ਬਿਨ੍ਹਾਂ, ਪੰਜਾਬੀ ਕਵਿਤਾ ਵਿਚ ਬਾਅਦ ਵਾਲੇ ਬਦਲਾਵ ਵੀ ਸ਼ਾਇਦ ਨਾ ਵਾਪਰ ਸਕਦੇ। ਕਾਰਨ ? ਫਿਰ ਇਹੀ ਕਿ ਕਿਸੇ ਵੀ ਤਰ੍ਹਾਂ ਦੇ ਵਿਕਾਸ ਦੀ, ਇਕ ਲੰਬੀ ਲੜੀ ਜਾਂ ਦਾਸਤਾਨ ਹੋਇਆ ਕਰਦੀ ਹੈ।

ਕੁਦਰਤ ਤੇ ਕਾਦਰ ਨਾਲ ਇਕਸੁਰ ਹੋ ਕੇ ਰਚੀ ਗਈ ਇਸ ਕਾਵਿ ਸਿਰਜਣਾ ਦੀ, ਸਮਕਾਲ ਵਿਚ ਪ੍ਰਸੰਗਿਕਤਾ ਕਈ ਕਾਰਨਾਂ ਕਰਕੇ ਉਸ ਯੁੱਗ ਵਿਚਲੀ ਪ੍ਰਸੰਗਿਕਤਾ ਤੋਂ ਵੀ ਵੱਧ ਹੈ। ਪਹਿਲੀ ਗੱਲ ਕੁਦਰਤ ਨਾਲ ਜੁੜਨ ਦੀ ਅਜੋਕੇ ਮਨੁੱਖ ਦੀ ਜ਼ਰੂਰਤ ਉਸ ਯੁੱਗ ਨਾਲੋਂ ਕਿਤੇ ਜ਼ਿਆਦਾ ਹੈ ਕਿਉਂਕਿ ਜਿਥੇ ਉਸ ਸਮੇਂ ਦਾ ਮਨੁੱਖ ਆਮ ਹਾਲਤਾਂ 'ਚ ਕੁਦਰਤ ਨਾਲ ਇਕਸੁਰ ਸੀ ਉਥੇ ਅੱਜ ਦਾ ਮਨੁੱਖ ਕੁਦਰਤ ਨਾਲੋਂ ਟੁੱਟ ਕੇ ਬੇਚੈਨੀ ਵਿਚ ਭਟਕ ਰਿਹਾ ਹੈ। ਉਸ ਦਾ ਮਨ ਅਸ਼ਾਂਤ ਹੈ। ਉਸ ਦੀ ਜ਼ਿੰਦਗੀ ਦੀ ਪਦਾਰਥਵਾਦੀ ਦੌੜ ਬਹੁਤ ਤੇਜ਼ ਹੋ ਚੁੱਕੀ ਹੈ। ਕੁਦਰਤ ਹੀ ਇੱਕੋ ਇੱਕ ਅਜਿਹਾ ਸਹਾਰਾ ਉਸ ਲਈ ਹੋ ਸਕਦਾ ਹੈ ਜੋ ਉਸ ਨੂੰ ਮਾਨਸਿਕ ਸਕੂਨ ਤੇ ਆਤਮਿਕ ਤ੍ਰਿਪਤੀ ਪ੍ਰਦਾਨ ਕਰ ਸਕਦਾ ਹੈ। ਸਮਕਾਲ ਵਿਚ ਮਨੁੱਖ ਦੀ ਸਥਿਤੀ ਕਵੀ ਵੱਲੋਂ ਦਰਸਾਈ ਗਈ 'ਕੇਲੋਂ ਦੇ ਗਲ ਲੱਗੀ ਵੇਲ' ਦੀ ਸਥਿਤੀ ਤੋਂ ਵੱਖਰੀ ਹੈ। ਵੇਲ ਤਾਂ ਤਰਲੇ ਲੈਂਦੀ ਹੈ ਕਿ ਸੰਸਾਰ ਰੂਪੀ ਅਯਾਲੀ ਉਸ ਨੂੰ ਉਸ ਦੇ ਮੂਲ ਆਸਰੇ ਰੁੱਖ ਨਾਲੋਂ ਨਾ ਤੋੜੇ ਪਰੰਤੂ ਅੱਜ ਦਾ ਮਨੁੱਖ ਤਾਂ ਕੁਦਰਤ ਦੇ ਰੋਮ-ਰੋਮ 'ਚ ਵੱਸ ਰਹੇ ਰਚਨਹਾਰੇ ਦੀ ਹੋਂਦ ਤੋਂ ਹੀ ਇਨਕਾਰੀ ਹੋਇਆ ਪਿਆ ਹੈ। ਉਸ ਨੂੰ ਕੇਲੋਂ ਦੇ ਗਲ ਲੱਗੀ ਵੇਲ ਜਿਹੀ ਤੜਫ ਦੀ ਪ੍ਰਾਪਤੀ ਵਾਸਤੇ ਰੂਹਾਨੀ ਸਕੂਨ ਦੇ ਮੂਲ ਸੋਮੇ ਕੁਦਰਤ ਬਾਰੇ ਹਿਲਾਉਣ ਜਾਂ ਝੰਜੋੜਨ ਦੀ ਬਹੁਤ ਜ਼ਰੂਰਤ ਹੈ। ਫਿਰ ਅੱਜ ਜਿੰਨੀ ਵਧੇਰੇ ਪਦਾਰਥਕ ਤਰੱਕੀ ਹੋਈ ਹੈ ਓਨਾ ਹੀ ਦਮ ਤੋੜਨ ਜਿਹਾ ਮੁਕਾਬਲਾ ਅਤਿ ਵਿਕਰਾਲ ਰੂਪ ਧਾਰਨ ਕਰ ਗਿਆ ਹੈ। ਕਵੀ ਦੀ ਵੇਦਨਾ ਤੇ ਸੂਖ਼ਮ ਹੁਸੀਨ ਕਾਮਨਾ ਅਜੋਕੇ ਇਨਸਾਨ ਨੂੰ ਇਸ ਭਟਕਾਵ 'ਚੋਂ ਬਚਾਉਣ ਦਾ ਖ਼ਿਆਲ ਦਿੰਦੀ ਹੈ ਕਿ:

**ਵਿੱਥਾਂ ਵਾਲੇ ਜੱਗ ਵਿਚ ਵਿੱਥਾਂ ਪਈਆਂ ਚੱਪੇ-ਚੱਪੇ,**
**ਅੱਡ ਅੱਡ ਸਭ ਕੋਈ, ਜੋੜੀਆਂ ਨੀ ਥੋੜ੍ਹੀਆਂ**
**ਵਿੱਥਾਂ ਮੇਟ ਇੱਕੋ ਹੋਏ ਉਨ੍ਹਾਂ ਵੇਖ ਰੀਝਣਾ ਵੇ,**
**ਬਾਹੀਂ ਗਲੇ ਲਿਪਟੀਆਂ, ਨਾ ਚਾਹੀਏ ਕਦੇ ਤੋੜੀਆਂ।**

ਇਹ ਵੀ ਕੁਦਰਤ ਨਾਲ ਹੀ ਮਨੁੱਖ ਦੀ ਦੂਰੀ ਤੇ ਉਸ ਦੀ ਕਦੇ ਨਾ ਪੂਰੀ ਹੋ ਸਕਣ ਵਾਲੀ ਪਦਾਰਥਕ ਉੱਨਤੀ ਦਾ ਕਰੂਰ ਸਿੱਟਾ ਹੈ ਕਿ ਦੇਸ਼ ਦੇ ਉੱਤਰੀ ਹਿੱਸੇ ਵਿਚ ਪੈਂਦੇ ਪਹਾੜੀ ਪ੍ਰਾਂਤ ਉਤਰਾਖੰਡ ਨੂੰ ਬੀਤੇ ਵਰ੍ਹੇ ਹੜ੍ਹਾਂ ਦੀ ਮਾਰ ਸਹਿਣੀ ਪਈ। ਹਜ਼ਾਰਾਂ ਮਾਸੂਮ ਜ਼ਿੰਦਗੀਆਂ ਤੇ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ। ਪ੍ਰਸ਼ਨ ਉੱਠਦਾ ਹੈ ਕਿ ਕੀ ਬਾਹਰਲੇ ਮੁਲਕਾਂ 'ਚ ਪਦਾਰਥਕ ਤੇ ਉਦਯੋਗਿਕ ਵਿਕਾਸ ਨਹੀਂ ਹੋਇਆ ਜਾਂ ਹੋ ਰਿਹਾ ? ਸਗੋਂ ਵੱਧ ਹੋਇਆ ਹੈ। ਪਰ ਉਥੇ ਕਾਨੂੰਨ ਦਾ ਰਾਜ ਹੈ ਜਦੋਂ ਕਿ ਸਾਡੇ ਇਥੇ ਅਰਾਜਕਤਾ ਤੇ ਆਪਾਧਾਪੀ ਮੱਚੀ ਹੋਈ ਹੈ। ਸਰਕਾਰੀ ਤੰਤਰ ਜਿਸ ਨੇ ਕਾਨੂੰਨ ਲਾਗੂ ਕਰਨਾ ਹੁੰਦਾ ਹੈ ਇਥੇ ਆਪ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਹੈ। ਦੇਸ਼ ਦੀ ਕੁਦਰਤੀ ਸੰਪਤੀ, ਜਿਸ ਸੰਪਤੀ ਨਾਲ ਦੇਸ਼ ਇੰਨਾ ਲੁੱਟੇ ਜਾਣ ਦੇ ਬਾਵਜੂਦ ਅਜੇ ਵੀ ਦਰਮਿਆਨੀ ਚੰਗੀ ਸਥਾਨ ਸਥਿਤੀ ਰੱਖਦਾ ਹੈ ਉਹ ਸਰਕਾਰਾਂ ਖੁਦ ਲੁੱਟ-ਲੁਟਾ ਰਹੀਆਂ ਹਨ। ਇਸ ਵਾਰ ਹੜ੍ਹਾਂ ਦੀ ਮਾਰ ਜੰਮੂ-ਕਸ਼ਮੀਰ ਨੂੰ ਸਹਿਣੀ ਪਈ ਹੈ ਅਤੇ ਨੁਕਸਾਨ ਉੱਤਰਾਖੰਡ ਨਾਲੋਂ ਕਿਤੇ ਜ਼ਿਆਦਾ ਹੋਇਆ ਹੈ। ਯਾਦ ਰਹੇ ਕਿ ਇਹ ਦੋਵੇਂ ਖਿੱਤੇ ਦੇਸੀ ਵਿਦੇਸ਼ੀ ਸੈਲਾਨੀਆਂ ਲਈ ਸਦੀਆਂ ਤੋਂ ਖਿੱਚ ਦਾ ਕੇਂਦਰ ਰਹੇ ਹਨ। ਇਹ ਏਨੀ ਬੁਰੀ ਤਰ੍ਹਾਂ ਪਈ ਮਾਰ ਹੈ ਕਿ ਅੱਜ ਸਾਡੇ ਪਾਸ ਇਸ ਦੇ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਜਾਂਚਣ ਦੀ ਫ਼ੁਰਸਤ ਜਾਂ ਵੇਲਾ ਹੀ ਪ੍ਰਤੀਤ ਨਹੀਂ ਹੁੰਦਾ। ਪਰ ਧਰਤੀ ਦੇ ਇਸ ਬੇਹੱਦ ਖ਼ੂਬਸੂਰਤ ਟੁਕੜੇ ਦੀ ਕੁਦਰਤੀ ਦੌਲਤ ਨੂੰ ਸੰਭਾਲ ਕੇ ਰੱਖਣ ਲਈ ਕੁਦਰਤ ਦੇ ਕਾਦਰ ਨੇ ਸਾਨੂੰ ਅਵੇਸਲੇਪਨ 'ਚ ਸੁੱਤਿਆਂ ਨੂੰ ਝੂਣ ਕੇ ਜਗਾਇਆ ਤਾਂ ਹੈ ਹੀ ! ਹੁਣ ਅਸੀਂ ਜਾਗਦੇ ਰਹਿੰਦੇ ਹਾਂ ਜਾਂ ਫੇਰ ਘੂਕ ਸੌਂ ਜਾਂਦੇ ਹਾਂ ਇਹ ਸਾਡੇ 'ਤੇ ਨਿਰਭਰ ਕਰਦਾ ਹੈ।

ਭਾਈ ਵੀਰ ਸਿੰਘ ਦਾ ਕੁਦਰਤ ਨਾਲ ਡੂੰਘਾ ਅਨੁਰਾਗ ਵਾਲਾ ਸੰਬੰਧ ਹੋਣ ਕਰਕੇ ਕਸ਼ਮੀਰ ਨਾਲ ਖ਼ਾਸ ਹੀ ਸਨੇਹ ਸੀ। ਕਸ਼ਮੀਰ ਦੀਆਂ ਝੀਲਾਂ, ਨਦੀਆਂ, ਜੰਗਲਾਂ, ਪਰਬਤਾਂ, ਬਰਫ਼ਾਂ, ਰੁੱਖਾਂ, ਵੇਲਾਂ ਤੇ ਬਨਸਪਤੀ ਦਾ ਜਿੰਨਾ ਭਰਪੂਰ ਵਰਣਨ ਭਾਈ ਵੀਰ ਸਿੰਘ ਦੀ ਕਵਿਤਾ 'ਚ ਹੈ ਉਹ ਘੱਟੋ-ਘੱਟ ਹੋਰ ਕਿਸੇ ਪੰਜਾਬੀ ਕਵੀ ਦੇ ਹਿੱਸੇ ਨਹੀਂ ਆਇਆ ਭਾਵੇਂ ਕਿ ਪ੍ਰੋ. ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ

ਅਤੇ ਪਿਆਰਾ ਸਿੰਘ ਸਹਿਰਾਈ ਤੇ ਹੋਰ ਕਈ ਪੰਜਾਬੀ ਕਵੀਆਂ ਨੇ ਵੀ ਇਸ 'ਤੇ ਬੇਹੱਦ ਖ਼ੂਬਸੂਰਤ ਨਜ਼ਮਾਂ ਰਚੀਆਂ ਹੋਈਆਂ ਹਨ। ਭਾਈ ਵੀਰ ਸਿੰਘ ਦਾ ਕਸ਼ਮੀਰ ਨਾਲ ਵਿਹਾਰਕ ਸੰਬੰਧ ਵੀ ਬੜਾ ਡੂੰਘਾ ਰਿਹਾ। ਇਸ ਸੰਬੰਧ ਵਿਚ ਉਨ੍ਹਾਂ ਨੇ ਦਰਜਨਾਂ ਖ਼ੂਬਸੂਰਤ ਨਜ਼ਮਾਂ ਰਚੀਆਂ ਹਨ। ਉਨ੍ਹਾਂ ਦੇ ਮਨ-ਮਸਤਕ ਕੁਦਰਤ ਪ੍ਰਤੀ ਅਮੁੱਕ ਪਿਆਰ ਸੀ। "ਗੁਲਦਾਊਦੀਆਂ ਆਈਆਂ", "ਤ੍ਰੇਲ ਤੁਪਕਾ", "ਵੁਲਰ", "ਵੈਰੀਨਾਗ ਦਾ ਪਹਿਲਾ ਝਲਕਾ", "ਕਿੱਕਰ", "ਕੇਲੋਂ ਦੇ ਗਲ ਲੱਗੀ ਵੇਲ", "ਇੱਛਾਬਲ ਦਾ ਨਾਦ", "ਗੁਲਾਬ ਦਾ ਫੁੱਲ", "ਕਮਲ-ਗੋਦੀ ਵਿਚ ਤ੍ਰੇਲ ਮੋਤੀ", "ਮਹਿੰਦੀ ਦੇ ਬੂਟੇ ਕੋਲ" ਅਤੇ "ਨਸੀਮ-ਬਾਗ਼" ਆਦਿ ਇਹ ਕਾਵਿ ਸਿਰਲੇਖ ਹੀ ਆਪ ਦੇ ਕੁਦਰਤ ਨਾਲ ਅਸੀਮ ਪਿਆਰ ਦੀ ਅਕੱਟ ਗਵਾਹੀ ਦਿੰਦੇ ਹਨ।" ਸਿੱਖ ਦਰਸ਼ਨ ਦਾ ਸੁਚੇਤ ਪ੍ਰਵਕਤਾ ਹੋਣ ਕਰਕੇ ਭਾਹੀ ਵੀਰ ਦਾ "ਰੱਬ" ਕੁਦਰਤ ਦੀ ਸਿਰਜਣਾ ਕਰਕੇ ਕਿਤੇ ਲੁੱਕ-ਛੁਪ ਕੇ ਜਾਂ ਸੱਤ ਆਸਮਾਨਾਂ ਦੇ ਪਾਰ ਜਾ ਕੇ ਨਹੀਂ ਜਾ ਬੈਠਾ, ਸਗੋਂ :

**ਰੱਬ ਰੁੱਠ ਨਾ ਕਿਸੇ ਅਸਮਾਨ ਚੜ੍ਹਿਆ।**
**ਹੋ ਗੁਮਰੁੱਠ ਨਾ ਕਿਸੇ ਹੈ ਗੁੱਠ ਵੜਿਆ।**
**ਕੁਦਰਤ ਸਾਜ ਕੇ ਕੁਦਰਤ ਦੇ ਵਿਚ ਵਸਦਾ।**
**ਸਦਾ ਦਮਕਦਾ ਜਿਸ ਤਰ੍ਹਾਂ, ਚੰਨ ਚੜ੍ਹਿਆ।**
**ਹਰ ਫਲ ਹਰ ਪੱਤੇ ਹਰ ਫਲੀ ਉੱਤੇ।**
**ਨਕਸ਼ ਓਸ ਦਾ ਮੋਤੀਆਂ ਵਾਂਗ ਜੜਿਆ।**
**ਏਸ ਦਿਸਦੇ ਵਸਦੇ ਵਿਚ ਸੁਹਣਾ।**
**ਆਪ ਵਸਦਾ ਜਿਨ੍ਹੇ ਸੰਸਾਰ ਘੜਿਆ।**

*(ਲਹਿਰਾਂ ਦੇ ਹਾਰ)*

ਜੇਕਰ ਘੋਰ ਗੁਰਬਤ ਅਤੇ ਅਨਪੜ੍ਹਤਾ-ਅਗਿਆਨਤਾ ਦੇ ਚੱਕਰਵਿਊ 'ਚ ਗਲ-ਗਲ ਤੱਕ ਧਸੀ ਬਹੁ-ਗਿਣਤੀ ਵੱਸੋਂ ਨੂੰ ਇਹ ਅਹਿਸਾਸ/ਗਿਆਨ ਹੋ ਜਾਵੇ ਕਿ ਰੱਬ ਦਾ ਨਿਵਾਸ ਕੁਦਰਤ ਦੇ ਕਣ-ਕਣ 'ਚ ਹੈ ਤਾਂ ਉਹ ਪੂਜਾ ਸਥਾਨਾਂ 'ਚ ਮੱਥੇ ਰਗੜਨ ਦੀ ਖੱਜਲ-ਖੁਆਰੀ ਤੋਂ ਬਚ ਸਕਦੀ ਹੈ। ਖ਼ੈਰ !

ਕਸ਼ਮੀਰ ਤੇ ਕੁਦਰਤ ਨਾਲ ਭਾਈ ਵੀਰ ਸਿੰਘ ਦਾ ਲਗਾਉ ਦਰਸਾਉਣ ਲਈ ਇਥੇ ਸਿਰਫ ਤਿੰਨ ਕਵਿਤਾਵਾਂ ਦਾ ਹੀ ਅਤਿ ਸੰਕੇਤਕ ਜ਼ਿਕਰ ਕਾਫੀ ਹੈ। 'ਵੈਰੀ ਨਾਗ ਦਾ ਪਹਿਲਾ ਝਲਕਾ', 'ਚਸ਼ਮਾ-ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਅਤੇ 'ਟੁਕੜੀ ਜਗ ਤੋਂ ਨਯਾਰੀ'। ਪਹਿਲੀਆਂ ਦੋ ਨਜ਼ਮਾਂ ਕਸ਼ਮੀਰ ਦੇ ਝਰਨੇ ਅਤੇ ਚਸ਼ਮੇ ਨੂੰ ਸੰਬੋਧਨ ਹਨ ਜਿਨ੍ਹਾਂ ਦਾ ਪ੍ਰਭਾਵ ਵੰਨ-ਸੁਵੰਨਤਾ ਪੱਖੋਂ ਵੀ ਗੌਰ ਕਰਨ ਦੇ ਕਾਬਿਲ ਹੈ :

**ਵੈਰੀ ਨਾਗ ! ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿਚ ਵੱਜਦਾ;**
**ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇਕ ਸਜਦਾ,**
**ਰੰਗ ਫਿਰੋਜ਼ੀ ਝਲਕ ਬਲੌਰੀ, ਡਲ੍ਹਕ ਮੋਤੀਆਂ ਵਾਲੀ;**
**ਰੂਹ ਵਿਚ ਆ ਆ ਜਜ਼ਬ ਹੋਏ, ਦਿਲ ਵੇਖ ਵੇਖ ਨਹੀਂ ਰੱਜਦਾ।**

**—ਪ੍ਰਸ਼ਨ**

ਸੰਝ ਹੋਈ, ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਤੂੰ ਜਾਗੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਭੀ ਨਹਿੰ ਹਾਰੀ।
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿਚ ਆਏ;
ਸਹਿਮ ਸੁਆਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

**ਚਸ਼ਮੇ ਦਾ ਉੱਤਰ**

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲੱਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ—
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

ਵੈਰੀ ਨਾਗ ਝਰਨੇ ਦੀ ਕ੍ਰਿਆਸ਼ੀਲ ਖ਼ੂਬਸੂਰਤੀ ਦਾ ਜਾਦੂਮਈ ਅਸਰ ਕਵੀ ਦੇ ਸਿਰ ਚੜ੍ਹ ਕੇ ਬੋਲ ਰਿਹਾ ਪ੍ਰਤੱਖ ਮਹਿਸੂਸ ਹੁੰਦਾ ਹੈ। ਉਹ ਵਹਿੰਦੇ ਝਰਨੇ ਦੇ ਵਹਾਉ ਨੂੰ ਬਸ ਵੇਖੀ ਜਾ ਰਿਹਾ ਹੈ। ਉਸ ਦੀ ਰੂਹ ਨਸ਼ਿਆਈ ਗਈ ਹੈ। ਆਲੇ-ਦੁਆਲੇ ਦੀ ਚੇਤਨਾ ਹੀ ਮਾਨੋ ਬਾਕੀ ਨਾ ਬਚੀ ਹੋਵੇ ! ਰੂਹ ਅਜਬ ਖੁਮਾਰੀ ਤੇ ਮਸਤੀ 'ਚ ਹੈ। ਇਹ ਲਘੂ ਕਵਿਤਾ ਵਿਰਾਟ ਆਧਾਰ ਤੇ ਸਰੋਕਾਰ ਵਾਲੀ ਕੁਦਰਤ ਨਾਲ ਇਕਸੁਰ ਹੋ ਕੇ ਰਚੀ ਵਿਸਮਾਦ ਵਿਚ ਲੈ ਜਾਂਦੀ ਹੈ ਜੋ ਕਿ ਆਪਣੀਆਂ ਵਰਤਮਾਨ ਉਲਝਣਾਂ ਤੇ ਪ੍ਰੇਸ਼ਾਨੀਆਂ ਨੂੰ ਵੀ ਜੀਕੁਣ ਭੁੱਲ-ਭੁਲਾ ਹੀ ਜਾਂਦਾ ਹੈ। ਇਹ ਠੀਕ ਹੈ ਕਿ ਠੋਸ ਤੇ ਕਰੂਰ ਹਕੀਕਤਾਂ ਤੋਂ ਮੁਖ ਨਹੀਂ ਮੋੜਿਆ ਜਾ ਸਕਦਾ। ਮੋੜਨਾ ਵੀ ਨਹੀਂ ਚਾਹੀਦਾ। ਪਰੰਤੂ ਭਾਰਤੀ ਵਿਵਸਥਾ 'ਚ ਈਲੀਟ ਵਰਗ ਨੂੰ ਛੱਡ ਕੇ ਹਰੇਕ ਵਰਗ ਦੇ ਲੋਕਾਂ ਲਈ ਸਮੱਸਿਆਵਾਂ, ਉਲਝਣਾਂ ਤੇ ਪ੍ਰੇਸ਼ਾਨੀਆਂ ਤੋਂ ਸਿਵਾ ਹੋਰ ਹੈ ਹੀ ਕੀ ! ਇਸ ਸੂਰਤ 'ਚ ਕਾਵਿ ਸਿਰਜਣਾ, ਸ਼ਾਇਰੀ, ਗੀਤ ਸੰਗੀਤ ਤੇ ਨ੍ਰਿਤ ਆਦਿ ਕੋਮਲ ਕਲਾਵਾਂ ਹੀ ਤਾਂ ਹਨ ਜੋ ਭਾਰਤੀ ਜਨਮਾਨਸ ਨੂੰ ਚਲੋ ਕੁਝ ਪਲਾਂ ਲਈ ਹੀ ਅਨੰਦਮਈ ਹੁਲਾਰਾ ਦੇਣ ਲਈ, ਉਹਦੀ ਰਾਹਤ ਵਾਸਤੇ ਬਹੁੜਦੀਆਂ ਹਨ। ਇਹ ਵੀ ਕੁਦਰਤ ਦੀ ਹੀ ਕਿਰਪਾ ਸਮਝੋ ਕਿ ਇਹ ਤੇ ਅਜਿਹੀਆਂ ਹੋਰ ਸੂਖਮ ਤੇ ਕੋਮਲ ਕਲਾਵਾਂ ਅਨੰਦਮਈ ਹੁਲਾਰੇ ਮਾਨਣ ਵਾਸਤੇ ਇਥੇ ਭਰਵੇਂ ਰੂਪ 'ਚ ਮਿਲਦੀਆਂ ਹਨ। ਸੋ ਕੁਝ ਪਲਾਂ ਲਈ ਕੁਦਰਤ ਦੇ ਜਲੌਅ ਤੇ ਕਲਾ ਦੇ ਰੂਬਰੂ ਹੋ ਕੇ ਭਾਰਤੀ ਜਨਮਾਨਸ ਮੁੜ, ਬਿਖਮ ਸੰਘਰਸ਼ ਵਾਸਤੇ ਨਵੀਂ ਹਿੰਮਤ

ਲੈਂਦਾ ਹੋਇਆ ਐਨ ਤਿਆਰ-ਬਰ-ਤਿਆਰ ਹੋ ਜਾਂਦਾ ਹੈ। ਕਲਾ ਨੂੰ ਮਾਨਣ ਮਗਰੋਂ ਜੀਵਨ ਸੰਘਰਸ਼ ਲਈ ਤਿਆਰ ਹੋਣਾ ਮਹੱਤਵਪੂਰਨ ਹੀ ਨਹੀਂ ਸਗੋਂ ਜ਼ਰੂਰੀ ਵੀ ਹੈ। ਅੰਗਰੇਜ਼ੀ ਕਾਵਿ ਦੀਆਂ ਚਰਚਿਤ ਲਾਈਨਾਂ ਇਥੇ ਪ੍ਰਸੰਗਿਕ ਹਨ :

Forests are wonderful, dark and deep,
But I have promises to keep;
And miles to go before I sleep.
And miles to go before I sleep.

ਦੂਜੀ ਵਿਚਾਰਾਧੀਨ ਕਵਿਤਾ 'ਚਸ਼ਮਾ : ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਦਾ ਪ੍ਰਸੰਗ ਵੇਖੀਏ ਤੇ ਆਓ ਨਾਲ ਹੀ ਵੇਖਦੇ ਹਾਂ ਇਸ ਦੀ ਸੰਰਚਨਾ ਤੇ ਉਸ 'ਚੋਂ ਆਪਮੁਹਾਰੇ ਪ੍ਰਗਟ ਹੋ ਰਿਹਾ ਜੀਵਨ-ਸਿੱਧਾਂਤ। ਕਵੀ ਇੱਛਾ ਬਲ ਦੇ ਹੀ ਨਹੀਂ ਇਸ ਦੇ ਕੁਦਰਤੀ ਆਲੇ-ਦੁਆਲੇ ਦੇ ਵੀ ਜ਼ੋਰਦਾਰ ਅਸਰ ਥੱਲੇ ਹੈ। ਫਿਰ ਵੀ ਉਹ ਇਥੇ ਵਜਦ ਵਿਚ ਨਹੀਂ ਸਗੋਂ ਉਸ ਦੇ ਮਨ 'ਚੋਂ ਇਕ ਪ੍ਰਸ਼ਨ ਉਗਮਿਆ ਹੈ ਕਿ ਜਦ ਕੁੱਲ ਪ੍ਰਾਕ੍ਰਿਤਕ ਵਾਤਾਵਰਨ ਸ਼ਾਂਤ ਹੋ ਚੁੱਕਾ ਹੈ ਤਾਂ ਇਹ ਚਸ਼ਮਾ ਕਿਉਂ ਵਹਿ ਰਿਹਾ ਹੈ। ਇਹ ਕਿਉਂ ਨਹੀਂ ਰੁਕ ਜਾਂਦਾ ? ਰੁਕਣ ਤੇ ਆਰਾਮ ਕਰਨ ਦੀ ਆਪਣੀ ਅਲੱਗ ਮਹੱਤਤਾ ਤਾਂ ਹੈ ਨਾ ! ਜਦੋਂ ਅਸੀਂ ਦਿਨ ਭਰ ਜਾਨ ਮਾਰ ਕੇ ਕੰਮ ਕਰਦੇ ਹਾਂ ਤਾਂ ਕਈ ਵਾਰ ਛੁੱਟੀ ਵਾਸਤੇ ਤੜਪਦੇ ਵੀ ਤਾਂ ਹਾਂ। ਜਾਨ ਮਾਰ ਕੇ ਗੂੜ੍ਹੀ ਨੀਂਦੇ ਸੌਣ ਦੀ ਆਪਣੀ ਮਹੱਤਤਾ ਹੈ। ਕਵੀ ਚਸ਼ਮੇ ਨਾਲ ਸੰਵਾਦ ਛੇੜਦਾ ਹੈ। ਕੁਦਰਤ ਨਾਲ ਸੰਵਾਦ ਦਾ ਇਕ ਬੇਹੱਦ ਖ਼ੂਬਸੂਰਤ ਰੂਪ ਸਾਡੇ ਸਾਹਮਣੇ ਆਉਂਦਾ ਹੈ। ਚਸ਼ਮੇ ਨੂੰ ਰੁਕ ਜਾਣ ਲਈ ਪ੍ਰੇਰਿਤ ਕਰਨ ਦੇ ਹੱਕ 'ਚ ਕਵੀ ਕੋਲ ਦਲੀਲ ਹੈ ਸੈਲਾਨੀ, ਪੰਛੀ ਤੇ ਮਾਲੀ ਸਭ ਦੇ ਆਪਣੀ-ਆਪਣੀ ਥਾਂ ਟਿਕ ਜਾਣ ਦੀ। ਪਰ ਕਾਬਲੇ-ਗੌਰ ਹੈ ਕਿ ਨੈਂ (ਵਹਿਣ) ਦੇ ਚੱਲਣ ਨੂੰ ਸਰੋਦ ਕਰ ਰਹੀ ਤੇ 'ਟੁਰਨੋਂ ਵੀ ਨਹਿੰ ਹਾਰੀ' ਕਿਹਾ ਹੈ ਜੋ ਅਚੇਤ ਤੌਰ 'ਤੇ ਇਸ ਗਤੀ ਜਾਂ ਚੱਲਣ ਦੇ ਵਿਰੁੱਧ ਹੋਣ ਦੇ ਬਾਵਜੂਦ ਇਸ ਦੇ ਹੱਕ 'ਚ ਕਵੀ ਵੱਲੋਂ ਪ੍ਰਸਤੁਤ ਖ਼ਿਆਲ ਹੈ। ਫਿਰ ਵਾਤਾਵਰਨ 'ਚ ਚੁੱਪ ਇਸ ਕਦਰ ਹੈ ਕਿ ਇਸ ਨੂੰ 'ਸਹਿਮ' ਦਾ ਰੂਪਕ ਮਿਲਿਆ ਹੈ ਪਰ ਸਹਿਮ ਵੀ ਇਥੇ ਸੁਆਦਲਾ ਹੈ। ਇਹ ਸਭ ਕਾਵਿ ਦੀਆਂ ਅਤਿ ਗੌਲਣਯੋਗ ਖ਼ੂਬਸੂਰਤੀਆਂ ਹਨ ਪਰ ਫਿਰ ਵੀ ਇਹ ਬੇਹੱਦ ਸਰਲ ਕਾਵਿ ਵੀ ਹੈ। ਪਰ ਇਹ ਸਪਾਟ ਨਹੀਂ। ਤੁਕਬੰਦੀ ਨਹੀਂ। ਰੂਹ 'ਚੋਂ ਉਗਮਿਆ ਖ਼ਿਆਲ ਹੈ। ਰੂਹ ਦਾ ਹਾਣੀ ਬਣਦਾ ਹੀ ਬਣਦਾ ਹੈ !

ਫਿਰ ਜੋ ਚਸ਼ਮੇ ਦਾ ਕਵੀ ਨੂੰ, ਉਸ ਦੀ ਜਿਗਿਆਸਾ ਨੂੰ ਤ੍ਰਿਪਤ ਕਰਦਾ ਉੱਤਰ ਹੈ ਉਹ ਜੀਵਨ ਦੀ ਗਤੀਸ਼ੀਲਤਾ ਦਾ ਅਤਿ ਖ਼ੂਬਸੂਰਤੀ ਦੁਆਰਾ ਕੀਤਾ ਗਿਆ ਸਮਰਥ ਹੈ। ਚੱਲਣਾ ਹੀ ਜੀਵਨ ਹੈ ਅਤੇ ਹਰਕਤ ਹੀ ਬਰਕਤ ਹੈ। ਬਾਹਰੋਂ ਸਰੀਰ ਆਰਾਮ ਕਰ ਰਿਹਾ ਹੋਵੇ ਤਾਂ ਨਾੜੀਆਂ ਜਾਂ ਧਮਨੀਆਂ 'ਚ ਲਹੂ ਧਾਰਾ ਤਾਂ ਵਹਿ ਹੀ ਰਹੀ ਹੁੰਦੀ ਹੈ ਜੋ ਜ਼ਿੰਦਗੀ ਦੀ ਸੂਚਕ ਹੁੰਦੀ ਹੈ ਤੇ ਜਿਸ ਦਾ ਰੁਕ ਜਾਣਾ ਜਾਂ ਧੜਕਣ ਦਾ ਖਲੋ ਜਾਣਾ, ਸਾਹ-ਪ੍ਰਕ੍ਰਿਆ ਨੂੰ ਵਿਰਾਮ ਲੱਗ ਜਾਣਾ ਆਦਿ ਮੌਤ ਤੇ ਖੜੋਤ ਦੇ ਸੂਚਕ ਹਨ। ਇਹ ਪਿਆਰ ਦੀ ਬੇਹੱਦ ਖ਼ੂਬਸੂਰਤ ਕਾਵਿ-ਸਿਰਜਣਾ ਵੀ ਹੈ 'ਨਿਹੁੰ ਵਾਲੇ ਨੈਣਾਂ ਕੀ ਨੀਂਦਰ' ਪ੍ਰੇਮੀ ਜਨਾਂ ਦੀ ਤਰਜ਼-ਏ-ਜ਼ਿੰਦਗੀ ਅਤੇ 'ਓ ਦਿਨੇ ਰਾਤ ਪਏ ਵਹਿੰਦੇ' ਅਣਥੱਕ ਤੇ ਅਰੁਕ ਕਿਰਤੀ ਜੀਊੜਿਆਂ ਦੀ ਵੀ ਯਾਦ ਕਰਾਉਂਦੀ ਕਾਵਿ ਉਕਤੀ ਹੈ। 'ਵਸਲੋਂ ਉਰੇ ਮੁਕਾਮ ਨ ਕੋਈ' ਦਾ ਵਸਲ ਕਿਸੇ ਵੀ ਖੇਤਰ ਦੀ ਸਿਖਰਤਮ ਸਫ਼ਲਤਾ ਨਾਲ ਵੀ ਆਪਣਾ ਜੋੜ-ਮੇਲ ਬਣਾ ਸਕਦਾ ਹੈ। ਸਸ਼ਕਤ ਕਾਵਿ ਸਿਰਜਣਾ ਦੀ ਇਹ ਮੀਰੀ ਸਿਫ਼ਤ ਹੁੰਦੀ ਹੈ ਕਿ ਉਹ ਜੀਵਨ ਦੇ ਸਾਰੇ ਕਾਰਜ ਖੇਤਰਾਂ 'ਚ ਲਾਗੂ ਹੋਵੇ। ਕਹਿਣ ਤੋਂ ਭਾਵ ਭਾਈ ਵੀਰ ਸਿੰਘ ਦੀ ਅਜਿਹੀ ਕਾਵਿ ਸਿਰਜਣਾ 'ਚੋਂ ਆਮ ਇਨਸਾਨੀ ਜੀਵਨ ਦੇ ਕਿਸੇ ਵੀ ਖੇਤਰ ਵਾਸਤੇ ਪ੍ਰੇਰਨਾ ਲੈਣ ਦੀਆਂ ਬਹੁਤ ਸੰਭਾਵਨਾਵਾਂ ਹਨ। ਇਸ ਕਰਕੇ ਇਸ ਕਾਵਿ ਨੂੰ ਰਹੱਸਵਾਦੀ-ਅਧਿਆਤਮਵਾਦੀ ਸਮਝ ਕੇ ਜ਼ਿੰਦਗੀ ਦੇ ਯਥਾਰਥ ਨੂੰ ਸਾਹਮਣੇ ਰੱਖਣ ਵਾਲਿਆਂ ਨੂੰ ਆਪਣੀ ਸੌੜੀ ਪਹੁੰਚ ਦਾ ਤਿਆਗ ਕਰਕੇ ਇਸ 'ਚੋਂ ਉਸਾਰੂ ਸੇਧਾਂ ਲੈ ਕੇ ਅੱਗੇ ਵਧਣ ਦੀ ਪ੍ਰੇਰਨਾ ਹਾਸਲ ਕੀਤੀ ਜਾ ਸਕਦੀ ਹੈ। ਇਹ ਸਮੁੱਚੀ ਕਾਵਿ ਸਿਰਜਣਾ ਉੱਚੇ ਖਿਆਲਾਂ ਨਾਲ ਮਾਲ-ਮਾਲ ਹੈ। ਲੋੜ ਡੂੰਘੇ ਸਾਗਰ 'ਚੋਂ ਚੁੱਭੀ ਲਾ ਕੇ ਮੋਤੀ ਲੱਭਣ ਦੀ ਹੈ।

ਤੀਸਰੀ ਵਿਚਾਰ ਅਧੀਨ ਕਵਿਤਾ 'ਟੁਕੜੀ ਜੱਗ ਤੋਂ ਨਯਾਰੀ' ਇਕ ਅਸਲੋਂ ਅਨੋਖਾ ਵਿਸਮਾਦੀ ਬ੍ਰਿਤਾਂਤ ਸਿਰਜਦੀ ਹੈ ਜਿਸ 'ਚ ਕਵੀ ਦੀ ਕਲਪਨਾ ਸ਼ਕਤੀ ਸਿਖਰਾਂ ਨੂੰ ਛੂੰਹਦੀ ਵੇਖੀ ਜਾ ਸਕਦੀ ਹੈ। ਇਸ ਵਿਚ ਇਕ ਹੁਸੀਨ ਕਥਾ ਸਰਲ ਤੇ ਸੁਰੀਲੇ ਸ਼ਬਦ ਚਿੱਤਰਾਂ ਤੇ ਬਿੰਬਾਂ ਸਹਿਤ ਕਾਵਿਬਧ ਹੋਈ ਹੈ। ਕਵੀ ਕੁਦਰਤ ਨੂੰ ਦੇਵੀ ਦੇ ਰੂਪ 'ਚ ਤਸੱਵਰ ਕਰਦਾ ਹੈ ਜੋ ਹੁਸਨ ਮੰਡਲ 'ਚ ਖੜ੍ਹੀ ਖੇਡ ਰਹੀ ਹੈ। ਉਹ ਪ੍ਰਸੰਨਚਿਤ ਮੁਦਰਾ 'ਚ ਹੈ। ਮਸਤੀ ਦਾ ਆਲਮ ਹੈ। ਉਸ ਨੇ ਦੌੜ ਕੇ ਵਜਦ 'ਚ ਕੁਝ ਚੀਜ਼ਾਂ ਦੀ ਮੁੱਠੀ ਭਰੀ ਹੈ ਆਪਣੇ ਅਮੁੱਕ ਅਨੰਤ ਭੰਡਾਰ 'ਚੋਂ ਜਿਸ 'ਚ ਪਰਬਤ, ਟਿੱਬੇ, ਕਰੇਵੇ, ਮੈਦਾਨ, ਚਸ਼ਮੇ, ਨਾਲੇ, ਨਦੀਆਂ, ਝੀਲਾਂ, ਛਾਵਾਂ, ਹਵਾਵਾਂ, ਬਨ, ਬਾਗ਼, ਬਰਫ਼ਾਂ, ਮੀਂਹ, ਧੁਪਾਂ, ਬੱਦਲ, ਰੁੱਤਾਂ ਤੇ ਰੁੱਤਾਂ ਦੇ ਵੰਨ-ਸੁਵੰਨੇ ਫੁੱਲ ਅਤੇ ਅਲੌਕਿਕ ਅਰਸ਼ੀ ਦ੍ਰਿਸ਼ ਆਏ ਹਨ। ਹੁਣ ਕੁਦਰਤ ਦੇਵੀ ਨੂੰ ਕਵੀ ਸਿਰਫ਼ 'ਸੁਹਣੀ' ਆਖਦਾ ਹੈ ਜੋ ਅਸਮਾਨ 'ਤੇ ਖੜ੍ਹੀ ਹੋ ਕੇ ਧਰਤੀ ਵੱਲ ਨਿਗ੍ਹਾ ਮਾਰਦੀ ਹੈ ਤੇ ਆਪਣੀ ਮੁੱਠੀ 'ਚ ਲਈਆਂ ਹੋਈਆਂ ਇਹ ਸਭ ਕੁਦਰਤੀ ਦਾਤਾਂ ਸੁਗਾਤਾਂ ਖੋਲ੍ਹ ਕੇ ਸੁੱਟ ਦਿੰਦੀ ਹੈ। ਜਿਸ ਥਾਂ ਇਹ 'ਮੁੱਠੀ' ਡਿੱਗੀ ਹੈ ਸਾਰੀ ਦੀ ਸਾਰੀ ਉਸੇ ਜਗ੍ਹਾ ਅੱਜ ਕਸ਼ਮੀਰ ਹੈ ਤਾਹੀਓਂ ਇਹ 'ਟੁਕੜੀ ਜਗ ਤੋਂ ਨਯਾਰੀ' ਹੈ। ਸ਼ਾਇਦ ਇਸ ਬੇਹੱਦ ਵਿਸਮਾਦੀ ਕਲਪਨਾ-ਕਥਾ-ਪਰਿਪਾਟੀ 'ਤੇ ਅੱਗੇ ਜਾ ਕੇ ਪ੍ਰੋ. ਮੋਹਨ ਸਿੰਘ ਪੰਜਾਬੀ ਕਵਿਤਾ ਤੇ

ਖੇਤਰ 'ਚ ਹੋਰ ਅਤਿ ਖ਼ੂਬਸੂਰਤ ਕਲਪਨਾ-ਕਥਾ ਪਰਿਪਾਟੀਆਂ ਸਿਰਜ ਸਕੇ ਹੋਣਗੇ ਜਿਨ੍ਹਾਂ 'ਚੋਂ ਇਕ ਦੀ ਵਿਆਖਿਆ ਇਉਂ ਹੈ ਕਿ ਕਵੀ ਸ਼ਾਮ ਸਮੇਂ ਕਸ਼ਮੀਰ ਫੇਰੀ ਦੌਰਾਨ ਫਿਰ-ਤੁਰ ਰਿਹਾ ਹੈ; ਘਰ ਦਾ ਮੋਹ ਉਛਾਲਾ ਮਾਰਦਾ ਹੈ, ਪਤਨੀ ਤੇ ਨਿੱਕੀ ਧੀ ਦੀਆਂ ਸੂਰਤਾਂ ਯਾਦ ਆਉਂਦੀਆਂ ਹਨ, ਕਵੀ ਘਰ ਲਈ ਆਉਂਦੀ ਸਵੇਰ ਸਵੱਖਤੇ ਮੁੜ ਪੈਣ ਦਾ ਇਰਾਦਾ ਧਾਰ ਲੈਂਦਾ ਹੈ। ਪਰ ਸੱਤ ਪਰੀਆਂ ਪ੍ਰਗਟ ਹੋ ਜਾਂਦੀਆਂ ਹਨ, ਉੱਚੇ ਲੰਮ-ਸਲੰਮੇ ਰੁੱਖਾਂ 'ਚੋਂ। ਉਨ੍ਹਾਂ 'ਚੋਂ ਤਿੰਨ ਇਕ ਪਾਸੇ ਖਲੋ ਜਾਂਦੀਆਂ ਹਨ ਤੇ ਦੂਸਰੀਆਂ ਤਿੰਨ ਦੂਸਰੇ ਪਾਸੇ; ਉਹ ਆਪਣੇ ਬੇਹੱਦ ਲੰਮ ਖ਼ੂਬਸੂਰਤ ਵਾਲਾਂ ਦੀ ਇਕ ਪੀਂਘ ਸਿਰਜ ਦੇਂਦੀਆਂ ਹਨ ਤੇ ਕਵੀ ਨੂੰ ਇਸ ਪੀਂਘ 'ਤੇ ਬਿਠਾ ਲੈਂਦੀਆਂ ਹਨ। ਸਤਵੀਂ ਪਰੀ ਉਸ ਨੂੰ ਝੂਟੇ ਦੇਣ ਲੱਗਦੀ ਹੈ। ਹੁਣ ਕਵੀ ਕਸ਼ਮੀਰ ਤੋਂ ਘਰ ਲਈ ਭਲਾ ਕਿਵੇਂ ਚਾਲੇ ਪਾਏਗਾ! ਕਾਵਿ ਵਿਚ ਕਥਾ ਦੀ ਸਿਰਜਣਾ ਤੇ ਅਜਿਹੇ ਮਨਮੋਹਕ ਅੰਦਾਜ਼ ਵਿਚ ਵਿਰਲੇ-ਟਾਵੇਂ ਅਤਿ ਪ੍ਰਤਿਭਾਵਾਨ ਕਵੀਆਂ ਦੇ ਹੀ ਹਿੱਸੇ ਆਉਂਦੀ ਹੈ।

ਭਾਈ ਵੀਰ ਸਿੰਘ ਦੀ ਕਾਵਿ ਸਿਰਜਣਾ 'ਚ ਇਉਂ ਹੀ ਬਹੁਤ ਹੀ ਮੁੱਲਵਾਨ ਉੱਚੇ-ਸੁੱਚੇ ਵਿਚਾਰਾਂ ਤੇ ਖ਼ਿਆਲਾਂ ਦੇ ਹੀਰੇ-ਮੋਤੀ ਲਿਸ਼ਕਾਂ ਮਾਰਦੇ ਪਾਠਕਾਂ-ਸਰੋਤਿਆਂ ਨੂੰ ਸਹਿਜ ਸੁਭਾਵਿਕ ਏਨਾ ਕੁਝ ਦੇ ਜਾਂਦੇ ਹਨ ਕਿ ਉਹ ਖ਼ਜ਼ਾਨਾ ਸਦੀਵੀ ਤੇ ਅਮੁੱਕ ਨਿਧੀ ਬਣ ਜਾਂਦਾ ਹੈ। ਕਿਤੇ ਕਿੱਕਰ ਆਪਣੀ ਕਥਾ ਸੁਣਾਉਂਦੀ ਹੈ ਕਿ ਮੈਂ ਤਾਂ ਬਸ ਉੱਪਰ ਹੀ ਉੱਪਰ ਜਾਂਦੀ ਹਾਂ, ਰੱਬ ਅਸਮਾਨਾਂ ਵੱਲ ਹੀ ਤੱਕਦਾ ਹਾਂ ਪਰ ਇਹ ਸੰਸਾਰ ਫਿਰ ਵੀ ਮੇਰੇ ਲਈ ਕੁਹਾੜਾ ਚੁੱਕੀ ਤੁਰਿਆ ਆਉਂਦਾ ਹੈ, ਮੈਨੂੰ ਜੀਉਣ ਹੀ ਨਹੀਂ ਦਿੰਦਾ। ਕਿਤੇ ਬਿਨਫਸ਼ਾ ਦਾ ਫੁੱਲ ਆਪਣੀ ਦੁਖਭਰੀ ਕਹਾਣੀ ਕਰਦਾ ਹੈ ਕਿ ਮੇਰੀ ਹੋਂਦ ਦਾ ਕਿਸੇ ਨੂੰ ਪਤਾ ਨਾ ਲੱਗ ਜਾਵੇ ਮੈਂ ਪਹਾੜ ਦੀ ਇਕ ਨੁੱਕਰੇ ਜਿਹੇ ਮਾਨੋ ਲੁਕ ਕੇ ਕਿਸੇ ਲਈ ਉੱਗਿਆ ਹਾਂ। ਮੈਂ ਅਰਸ਼ ਦੀ ਤ੍ਰੇਲ ਪੀਂਦਾ ਤੇ ਸੂਰਜ ਦੀ ਕਿਰਨ ਖੁਰਾਕ ਵਜੋਂ ਲੈਂਦਾ ਹਾਂ। ਮੈਂ ਖ਼ੁਦ ਮੰਗ ਕੇ ਫਿੱਕਾ ਜਿਹਾ ਰੰਗ ਲਿਆ ਹੈ ਤੇ ਮੇਰੀਆਂ ਖੇਡਾਂ ਰਾਤ ਨੂੰ ਚੰਨ ਚਾਨਣੀ ਨਾਲ ਹਨ। ਪੌਣ ਸ਼ੋਖੀਆਂ ਕਰਦੀ ਹੈ। ਮੇਰੇ ਗਲ ਲੱਗਦੀ ਹੈ ਮਾਨੋ ਮੈਂ ਉਹਦੀਆਂ ਸ਼ਰਾਰਤੀ ਖੇਡਾਂ 'ਚ ਸ਼ਾਮਲ ਹੋਵਾਂ। ਪਰੰਤੂ ਮੈਂ ਆਪਣੀ ਧੌਣ ਤਕ ਨਹੀਂ ਹਿਲਾਉਂਦਾ। 'ਵਾਜ ਤਕ ਵੀ ਨਹੀਂ ਕੱਢਦਾ। ਪਰ ਉਫ਼! ਟੁੱਟਦਾ ਮੈਂ ਫਿਰ ਵੀ ਹਾਂ। ਮੇਰੀ ਤਾਂ ਛੁਪੇ ਰਹਿਣ ਦੀ ਹੀ ਚਾਹ ਹੈ। ਪਰ ਇਹ ਚਾਹ ਇਥੇ ਪੂਰੀ ਨਹੀਂ ਹੁੰਦੀ। ਮੇਰੀ ਦ੍ਰਿਸ਼ਟੀ 'ਚ ਅਜੋਕੀਆਂ ਸ਼ਹਿਰੀ ਜੀਵਨ ਦੀਆਂ ਅਕਾਉਣ-ਥਕਾਉਣ ਵਾਲੀਆਂ ਭੀੜਾਂ 'ਚ ਫਸੇ ਮਨੁੱਖ ਦੀ ਵੀ ਇਹੀ ਪੁਕਾਰ ਹੋ ਸਕਦੀ ਹੈ। ਕਹਿਣ ਤੋਂ ਭਾਵ ਹਰੇਕ ਕਵਿਤਾ ਅਜੋਕੇ ਯੁੱਗ 'ਚ ਮਨੁੱਖ ਨੂੰ ਕੋਈ ਨਾ ਕੋਈ ਸੇਧ ਦੇ ਸਕਦੀ ਹੈ। ਸਾਨੂੰ ਸੇਧ ਲੈਣ ਦੀ ਜਾਚ ਜਾਂ ਭਾਵਨਾ ਹੋਣੀ ਚਾਹੀਦੀ ਹੈ। ਇਹ ਗੱਲ ਗੌਰ ਕਰਨ ਯੋਗ ਹੈ ਕਿ ਅਖੌਤੀ ਯਥਾਰਥਵਾਦੀ ਆਲੋਚਕ ਲੰਬੇ ਸਮੇਂ ਤੋਂ ਇਸ ਖ਼ੂਬਸੂਰਤ ਕਾਵਿ ਸਿਰਜਣਾ ਨੂੰ ਘੋਰ ਨਿਰਾਸ਼ਾਵਾਦੀ ਗਰਦਾਨਦੇ ਆ ਰਹੇ ਹਨ। ਜੀਵਨ ਗੁਲਾਬ ਵਾਂਗ ਖਿੜਿਆ ਹੋਣਾ ਚਾਹੀਦਾ ਹੈ, ਇਹ ਸੁਨੇਹਾ ਗੁਲਾਬ ਆਪਣਾ ਹਾਲ ਸੁਣਾਉਂਦਾ ਹੋਇਆ ਬਾ ਕਮਾਲ ਖ਼ਿਆਲਾਂ ਦੇ ਰਾਹੀਂ, ਸਾਡੀ ਕੰਨੀ ਬੰਨ੍ਹਦਾ ਹੈ।

ਦੁਨੀਆਂ ਦੀ ਸਭ ਤੋਂ ਕੀਮਤੀ ਦਾਤ ਸਮਾਂ ਹੈ। ਸਮਾਂ ਧਨ ਹੈ, ਪੂੰਜੀ ਹੈ, ਦੌਲਤ ਹੈ, ਅਸਾਸਾ ਹੈ ਅਤੇ ਸਮਾਂ ਹੀ ਸਭ ਤੋਂ ਕੀਮਤੀ ਵਸਤੂ ਹੈ। ਇਸ ਨੂੰ ਮਹਾਨ ਸਾਇੰਸਦਾਨ ਐਡੀਸਨ ਨੇ ਜਲਦੀ ਤਬਾਹ ਹੋ ਜਾਣ ਵਾਲਾ ਅਸਾਸਾ ਕਿਹਾ ਹੈ। ਇਹ ਸੱਚਾਈ ਹੈ ਕਿ ਅਰਬਾਂ ਖਰਬਾਂ ਡਾਲਰ ਖਰਚ ਕੇ ਇਕ ਸੈਕਿੰਡ ਦਾ ਸਮਾਂ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਦੁਨੀਆਂ ਦੀ ਇਹ ਸਭ ਤੋਂ ਕੀਮਤੀ ਚੀਜ਼ ਇਥੋਂ ਦੇ ਹਰੇਕ ਮਨੁੱਖ ਨੂੰ ਬਰਾਬਰ ਤੇ ਮੁਫ਼ਤ ਮਿਲਦੀ ਹੈ। ਸੰਸਾਰ ਦੀ ਹੋਰ ਹਰ ਚੀਜ਼ ਖਰੀਦੀ ਜਾ ਸਕਦੀ ਹੈ ਪਰ ਇਕ ਸਮਾਂ ਹੈ ਜਿਸ ਨੂੰ ਖਰੀਦਣਾ ਨਾਮੁਮਕਿਨ ਹੈ। ਇਸ ਸੱਚਾਈ ਨੂੰ ਭਾਈ ਵੀਰ ਸਿੰਘ ਹੋਰਾਂ ਨੇ ਆਪਣੇ ਅੰਦਾਜ਼ ਵਿਚ ਇਕ ਨਿਮਾਣੀ ਇਸਤਰੀ ਦੇ ਪ੍ਰਤੀਕ ਦੇ ਰੂਪ 'ਚ ਪੇਸ਼ ਕਰਦਿਆਂ ਸਮੇਂ ਨੂੰ ਰੁਕਣ ਦਾ ਵਾਸਤਾ ਪਾਉਂਦਿਆਂ ਦਰਸਾ ਕੇ ਤੇ ਇਸ ਸਮੇਂ ਦੀ ਬੇਰੁਖ਼ੀ ਤੇ ਬੇਪਰਵਾਹੀ ਨਾਲ ਪੱਲਾ ਛੁਡਾ ਕੇ ਦੌੜ ਜਾਣ ਦੀ ਥਾ ਜਾਂ ਤਰਲੇ ਨੂੰ ਬ੍ਰਿਤਾਂਤ ਦੇ ਰੂਪ 'ਚ ਕਲਾਤਮਕ ਪ੍ਰਗਟਾਵਾ ਦਿੱਤਾ ਹੈ। ਕਵੀ ਦਾ ਅੰਤਮ ਸੁਨੇਹਾ ਆਪਣੀ ਤਰਫੋਂ ਹੈ ਕਿ—

**ਹੋ ਅਜੇ ਸੰਭਾਲ ਇਸ ਸਮੇਂ ਨੂੰ ਕਰ ਸਫਲ ਉਡੰਦਾ ਜਾਂਵਦਾ।**
**ਇਹ ਠਹਿਰਨ ਜਾਚ ਨਾ ਜਾਣਦਾ। ਲੰਘ ਗਿਆ ਨਾ ਮੁੜ ਕੇ ਆਂਵਦਾ।**

*(ਕਵਿਤਾ-ਸਮਾਂ)*

ਇਸ ਕਵਿਤਾ 'ਚ ਜੈਵਿਕ ਰੂਪ ਵਿਚ ਸਮੋਇਆ ਸੁਨੇਹਾ ਅੱਜ ਏਨਾ ਪ੍ਰਸੰਗਿਕ ਹੈ ਕਿ ਇਸ ਦਾ ਅਨੁਮਾਨ ਇਸ ਸਰਵ-ਪ੍ਰਵਾਨਿਤ ਸੱਚਾਈ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਭਾਰਤ 'ਚ ਫੈਲੀ ਘੋਰ ਗੁਰਬਤ ਦਾ ਇਕ ਕਾਰਨ ਇਹ ਹੈ ਕਿ ਅਸੀਂ ਭਾਰਤੀ ਸਮੇਂ ਦੀ ਬਰਬਾਦੀ ਕਰਨ ਵਿਚ ਵਿਸ਼ਵ ਚੈਂਪੀਅਨ ਹਾਂ। ਬਦਕਿਸਮਤੀ ਨੂੰ ਕਈ ਕਾਰਨਾਂ ਕਰਕੇ ਭਾਰਤ ਛੁੱਟੀਆਂ ਤੇ ਵਿਹਲੜਾਂ ਦਾ ਦੇਸ਼ ਬਣਦਾ ਜਾ ਰਿਹਾ ਹੈ। ਸਾਡੀਆਂ ਅਨੇਕਾਂ ਸਮੱਸਿਆਵਾਂ ਦਾ ਇਕ ਕਾਰਨ—ਵਿਹਲ ਦੀ ਬਹੁਲਤਾ ਹੈ। ਵੱਡੀ ਗਿਣਤੀ 'ਚ ਲੋਕਾਂ ਨੂੰ ਕੰਮ ਨਹੀਂ ਮਿਲਦਾ ਜਾਂ ਉਹ ਕੰਮ ਕਰਨ ਦੇ ਯੋਗ ਨਹੀਂ ਹਨ, ਪਰ ਜਿਨ੍ਹਾਂ ਨੂੰ ਕੰਮ ਮਿਲਦਾ ਹੈ ਜਾਂ ਕੰਮ ਮਿਲਿਆ ਹੋਇਆ ਹੈ ਅਤੇ ਉਹ ਕੰਮ ਕਰਨ ਦੇ ਯੋਗ ਹਨ, ਉਹ ਕੰਮ ਨਹੀਂ ਕਰਦੇ। ਸਾਡੀ ਬਰਬਾਦੀ ਦਾ ਇਕ ਕਾਰਨ ਸਾਡੇ ਵੱਲੋਂ ਕੀਤੀ ਜਾਂਦੀ ਸਮੇਂ ਦੀ ਬੇਰਹਿਮ ਬਰਬਾਦੀ ਹੈ। ਦੁਨੀਆਂ ਦੇ ਜੁੱਗਾਂ ਦਾ ਇਕ-ਇਕ ਪਲ ਬਹੁ-ਕੀਮਤੀ ਤੇ ਬਹੁ-ਅਰਥਕ ਹੈ। ਇਸ ਲਈ ਮਨੁੱਖ ਦਾ ਕੰਮ ਸਮੇਂ ਨੂੰ ਛਿਨ-ਛਿਨ ਸੰਭਾਲਣਾ ਹੈ। ਬੀਤ ਗਏ ਤੇ ਆਉਣ ਵਾਲੇ ਸਮੇਂ ਨਾਲੋਂ ਵਰਤਮਾਨ ਬਹੁਮੁੱਲਾ ਹੈ:

**ਕਲ ਚੁਕੀ ਹੈ ਬੀਤ, ਵਸ ਤੋਂ ਦੂਰ ਨਸਾਈ,**
**ਭਲਕ ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ।**

**ਅੱਜ ਤੁਸਾਡੇ ਕੋਲ ਵਿਚ ਪਰ ਫਿਕਰਾਂ ਪਾਈ।**
**ਕੱਲ੍ਹ, ਭਲਕ ਨੂੰ ਸੋਚ ਅੱਜ ਇਹ ਮੁਫ਼ਤ ਗਵਾਈ।**

*(ਬਿਜਲੀਆਂ ਦੇ ਹਾਰ)*

ਇਸੇ ਭਾਵ ਨੂੰ ਭਾਈ ਸਾਹਿਬ ਨੇ ਇਸ ਤਰ੍ਹਾਂ ਦੁਹਰਾਇਆ ਹੈ:

**ਅੱਜੋ ਪੀ ਤੇ ਹੁਣ ਹੀ ਪੀ ਤੇ ਪੀਂਦਾ ਪੀਂਦਾ ਜਾਈਂ,**
**ਪਿਰਮ ਰਸਾਂ ਦੇ ਪਿਆਲੇ ਨਾਲੋਂ ਲਾਏ ਬੁੱਲ੍ਹ ਨਾ ਚਾਈਂ।**
**ਹਰ-ਦਮ ਪੀ ਤੇ ਖੀਵਾ ਹੋ ਰਹੁ ਇਹ ਮਸਤੀ ਨਾ ਉਤਰੇ,**
**ਕੱਲ੍ਹ ਨੂੰ ਖ਼ਬਰੇ ਕਾਲ ਆਇ ਕੇ ਦੇਵੇ ਖਾਕ ਰੁਲਾਈ।**

ਅੱਜ ਪੰਜਾਬੀ/ਭਾਰਤੀ ਲੋਕਾਂ (ਸਮੇਤ ਲੇਖਕਾਂ ਤੇ ਸਾਹਿਤਕਾਰਾਂ) ਦੀ ਜੀਵਨ-ਸ਼ੈਲੀ 'ਚ ਇਕ ਵੱਡਾ ਵਿਰੋਧਾਭਾਸ ਇਹ ਹੈ ਕਿ ਸਾਡੀ ਕਹਿਣੀ ਤੇ ਕਰਨੀ ਵਿਚਲਾ ਫਰਕ ਨਿਰੰਤਰ ਵਧਦਾ ਜਾ ਰਿਹਾ ਹੈ। (ਅਪਵਾਦ ਹਰ ਥਾਂ ਤੇ ਹਰ ਸਮੇਂ ਹੁੰਦੇ ਹਨ) ਇਹੀ ਕਾਰਨ ਹੈ ਕਿ ਜਨ-ਸਾਧਾਰਨ ਰਾਜਨੀਤੀਵਾਨਾਂ, ਅਫਸਰਸ਼ਾਹਾਂ, ਸਮਾਜਿਕ ਤੇ ਸਭਿਆਚਾਰਕ ਕਾਰਕੁੰਨਾਂ ਦੇ ਭਾਸ਼ਣਾਂ ਤੇ ਪ੍ਰਵਚਨਾਂ 'ਤੇ ਯਕੀਨ ਨਹੀਂ ਕਰਦੇ। ਇਹੀ ਕਥਨ ਬਹੁਤੇ ਕਲਮਕਾਰਾਂ ਤੇ ਕਲਾਕਾਰਾਂ ਉੱਪਰ ਉਨੀ-ਇੱਕੀ ਦੇ ਫਰਕ ਨਾਲ ਲਾਗੂ ਹੁੰਦਾ ਹੈ। ਵਿਖਾਵਾ, ਪਾਖੰਡ ਤੇ ਦੰਭ ਬਹੁਤ ਵਧ ਗਿਆ ਹੈ। ਪਰ ਭਾਈ ਵੀਰ ਸਿੰਘ ਦਾ ਜੀਵਨ ਤੇ ਸਾਹਿਤ ਸਿਰਜਣਾ ਇਕਸੁਰ ਸਨ। ਆਪ ਦਾ ਆਦਰਸ਼ਕ ਜੀਵਨ ਨੌਜਵਾਨਾਂ ਲਈ ਪ੍ਰੇਰਨਾ ਦਾ ਸਦੀਵੀ ਸੋਮਾ ਹੈ।

**ਗੁਰਮੁਖ ਸਚ ਸੰਜਮ ਤਤ ਗਿਆਨ।**
**ਗੁਰਮੁਖ ਸਾਚੈ ਲਾਗੈ ਧਿਆਨ।**

ਉੱਕਤ ਵਿਚਾਰ-ਚਰਚਾ ਤੋਂ ਸਵੈ-ਸਿੱਧ ਹੈ ਕਿ ਜਦੋਂ ਤਕ ਸਿੱਖ ਦਰਸ਼ਨ; ਕਾਦਰ ਦੀ ਅਨੰਤ-ਅਸੀਮ ਕੁਦਰਤ; ਮਾਨਵੀ ਮੁੱਲ-ਵਿਧਾਨ; ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖ ਦੀ ਇਸ ਸ੍ਰਿਸ਼ਟੀ ਨੂੰ ਹੋਰ ਖ਼ੂਬਸੂਰਤ ਤੇ ਰਹਿਣਯੋਗ ਬਣਾਉਣ ਦੀ ਸਾਰਥਿਕਤਾ ਤੇ ਇੱਛਾ ਕਾਇਮ ਰਹੇਗੀ ਭਾਈ ਵੀਰ ਸਿੰਘ ਦੀ ਕਾਵਿ-ਸਿਰਜਣਾ ਦੀ ਪ੍ਰਸੰਗਿਕਤਾ ਬਣੀ ਰਹੇਗੀ।

ਇਸ ਲਈ ਸਾਨੂੰ ਅੱਜ ਦੇ ਸਮੇਂ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਵੱਖ-ਵੱਖ ਪਾਠਕ੍ਰਮਾਂ, ਉਚੇਰੀ ਖੋਜ ਤੇ ਅਧਿਐਨ ਅਧਿਆਪਨ ਦਾ ਵਿਸ਼ਾ ਬਣਾਉਣ ਦੇ ਨਾਲ-ਨਾਲ ਇਸ ਨੂੰ ਜਨ-ਸਧਾਰਨ ਤਕ ਪੁੱਜਦਾ ਕਰਨ ਦੀਆਂ ਜੁਗਤਾਂ ਵੀ ਲੱਭਣ ਦਾ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਇਹ ਸਮਕਾਲ ਵਿਚ ਜਨ ਸਾਧਾਰਨ ਨੂੰ ਵੀ ਲੋੜੀਂਦਾ ਜੀਵਨ ਮਾਰਗ ਦਰਸਾ ਸਕੇ। ਇਸ ਨੂੰ ਬੀਤੀ ਗੁਜ਼ਰ ਚੁੱਕੀ ਸਦੀ ਦੀ ਸਿਰਜਨਾ ਸਮਝ ਕੇ ਇਸ ਤੋਂ ਮੂੰਹ ਮੋੜਨਾ ਕਿਸੇ ਤਰ੍ਹਾਂ ਵੀ ਯੋਗ ਨਹੀਂ। ਇਸ ਦੀ ਸਮਕਾਲ 'ਚ ਪ੍ਰਸੰਗਿਕਤਾ ਐਨ ਪੂਰੀ-ਸੂਰੀ ਹੈ।

## ਅਕਲ

ਅਕਲ ਦੁਨੀਆਂ ਦੀ ਰਹਿਬਰ ਹੈ
ਰਿਸ਼ਮ ਚਾਨਣ ਦੀ ਹੈ ਏਹੋ

ਅਕਲ ਕੱਲੀ ਇਕੱਲੀ ਹੈ
ਕਿ ਸਾਥੀ ਜੋ ਸਮ੍ਹਾਲੇ ਇਸ

ਪਯਾਰ ਅੱਥਰੂ ਸ਼ਮਅ ਕੇਰੇ
ਅਕਲ ਜੇ ਪਯਾਰ ਭਿੱਜੀ ਹੋ

ਅਕਲ ਜਦ ਪਯਾਰ ਸੁੰਞੀ ਹੋ
ਉ ਚਾਨਣ ਹੈ, ਪੈ ਹੈ ਔਝੜ

ਅਕਲ ਸਾਈਆਂ! ਦੇਈ ਚੋਖੀ
ਤਿਰੇ ਇਕ 'ਪਯਾਰ-ਰਸ' ਭਿੰਨੀ

ਜਗਤ ਦੁਖ ਦੇਖ ਕੰਬੇ ਨਾ
ਰਹੇ ਟੁਰਦੀ ਅਪਨ ਸੇਧੇ
ਚਾਲੇ ਕੋਈ ਨ ਇਸ ਬਿਨ ਕਾਰ,
ਤੁਰੇ ਇਸ ਆਸਰੇ ਸੰਸਾਰ।

ਇਹ ਡੋਲੇ ਹੈ ਸ਼ਮਅ ਵਾਂਙੂ
ਪਯਾਰ ਉਹ ਹੈ, ਉਹ ਹੈ ਹੀ ਪਯਾਰ।

ਤਾਂ ਦੇਂਦੀ ਉਹ ਰਹੇ ਚਾਨਣ
ਤੇ ਚਾਨਣ ਓਸ ਸੁੰਦਰ ਚਾਰ।

ਲਿਜਾਂਦੀ ਖ਼ੁਸ਼ਕੀਆਂ ਦੇ ਦੇਸ਼
ਕਠਨ ਉਸ ਤੋਂ ਹੈ ਹੋਣਾ ਪਾਰ।

ਦਈਂ ਪਰ ਪਯਾਰ ਗੁੱਧੀ ਜੋ,
ਤਿਰੇ ਬੰਦਯਾ ਦੇ ਲੱਦੀ ਪਯਾਰ।

ਸਲੂਕਾਂ ਵੇਖ ਨਾ ਡੋਲੇ,
'ਅਕਲ' ਜਿਸ ਨੂੰ ਪਯਾਰੋ 'ਪਯਾਰ'।

*(ਦੀਵਾਨ ਭਾਈ ਵੀਰ ਸਿੰਘ ਜੀ)*

ਡਾ. ਕ੍ਰਿਪਾਲ ਸਿੰਘ ਜੀ ਦੀ ਸਿੰਮ੍ਰਤੀ 'ਚੋਂ

# ਭਾਈ ਵੀਰ ਸਿੰਘ ਜੀ ਨਾਲ ਬਿਤਾਏ ਪਲ

*ਪੇਸ਼ਕਰਤਾ : ਡਾ. ਜਸਬੀਰ ਸਿੰਘ ਸਾਬਰ*

ਭਾਈ ਸਾਹਿਬ ਡਾ. ਵੀਰ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ਪੰਜਾਬੀ ਸਾਹਿੱਤ ਦਾ ਹਰ ਪਖੋਂ ਆਧੁਨਿਕ ਲੀਹਾਂ ਤੇ ਵਿਕਾਸ ਤੇ ਪਾਸਾਰ ਕੀਤਾ ਇਸ ਤੱਥ ਤੋਂ ਪੰਜਾਬੀ ਜਗਤ ਭਲੀ ਭਾਂਤ ਜਾਣੂੰ ਹੈ। ਭਾਈ ਸਾਹਿਬ ਨੂੰ ਪੰਜਾਬੀ ਦੇ ਪ੍ਰਥਮ ਮਹਾਂਕਾਵਿ ਰਚਨਹਾਰ, ਪ੍ਰਥਮ ਇਤਿਹਾਸਿਕ ਤੇ ਸਮਾਜਿਕ ਗਲਪਕਾਰ, ਪ੍ਰਥਮ ਜੀਵਨੀਕਾਰ, ਪ੍ਰਥਮ ਨਾਟਕਕਾਰ, ਆਧੁਨਿਕ ਸਮੇਂ ਦੇ ਗੁਰਬਾਣੀ ਦੇ ਮੋਢੀ ਟੀਕਾਕਾਰ ਤੇ ਵਿਆਖਿਆਕਾਰ ਅਤੇ ਗੁਰਬਾਣੀ ਦੀ ਅੰਤ੍ਰੀਵ ਆਤਮਾ ਨੂੰ ਅਨੁਭਵ ਕਰਦਿਆਂ ਜੀਵਨ ਦੇ ਅੰਗ ਸੰਗ ਕਰਨਹਾਰ ਆਖੇ ਜਾ ਸਕਦੇ ਹਨ। ਏਥੇ ਹੀ ਬਸ ਨਹੀਂ ਆਪ ਜੀ ਨੇ ਮਧਕਾਲੀਨ ਪੰਜਾਬੀ ਵਾਰਤਕ ਵਿਸ਼ੇਸ਼ ਰੂਪ ਵਿਚ ਸਾਖੀ ਪੋਥੀ 1912 ਅਤੇ ਪੁਰਾਤਨ ਜਨਮ-ਸਾਖੀ 1927 ਦੀ ਸੰਪਾਦਨਾ ਕਰਦਿਆਂ ਸਾਹਿਤਕਾਰਾਂ ਦਾ ਪੰਜਾਬੀ ਵਾਰਤਕ ਵਲ ਅਜਿਹਾ ਧਿਆਨ ਆਕਰਸ਼ਤ ਕੀਤਾ ਕਿ ਜਿਨ੍ਹਾਂ ਦਾ ਤੋੜ ਅਜ ਤਕ ਬੇਤੋੜ ਚਲਿਆ ਆ ਰਿਹਾ ਹੈ। ਭਾਈ ਸੰਤੋਖ ਸਿੰਘ ਦੇ 'ਸੂਰਜ ਪ੍ਰਕਾਸ਼' ਦੀ 14 ਜਿਲਦਾਂ ਵਿਚ ਸੰਪਾਦਨਾ, 'ਸ੍ਰੀ ਗੁਰੂ ਗ੍ਰੰਥ ਕੋਸ਼' ਅਤੇ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਸਤ ਜਿਲਦਾਂ) ਭਾਈ ਸਾਹਿਬ ਜੀ ਦੀ ਸੂਝ ਬੂਝ, ਲਗਨ, ਮਿਹਨਤ, ਸਿਰੜ ਅਤੇ ਪ੍ਰਤੀਬੱਧਤ ਦਾ ਠੋਸ ਪ੍ਰਮਾਣ ਹਨ। ਵਾਰਾਂ ਭਾਈ ਗੁਰਦਾਸ 'ਤੇ ਸੰਥਯਾ ਦੀਆਂ ਇਹ 7 ਜਿਲਦਾਂ 'ਸਿੱਖ ਅਧਿਐਨ' ਲਈ ਅਜ ਵੀ ਮੁਢਲੇ ਸ੍ਰੋਤ ਵਜੋ ਮੁਲਵਾਨ ਤੇ ਮਹੱਤਵਪੂਰਨ ਸਥਾਨ ਰਖਦੀਆਂ ਹਨ। ਪਰੰਤੂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਸਥਾਪਤ ਇਸ ਸਖ਼ਸ਼ੀਅਤ ਦੇ ਨਿਜ-ਜੀਵਨ ਦੇ ਕਈ ਅਜਿਹੇ ਰੋਸ਼ਨ ਪੱਖ ਹਨ ਜਿਨ੍ਹਾਂ ਬਾਰੇ ਭਾਈ ਸਾਹਿਬ ਦੇ ਨਿਕਟ ਵਰਤੀਆਂ ਨੂੰ ਹੀ ਬੋਧ ਹੈ। ਇਨ੍ਹਾਂ ਰੋਸ਼ਨ-ਪੱਖਾਂ ਨੂੰ ਪਾਠਕਾਂ ਦੇ ਸਨਮੁਖ ਕਰਨ ਲਈ 'ਨਿਰਗੁਣੀਆਰਾਂ' ਦੇ ਮੁੱਖ ਸੰਪਾਦਕ ਡਾ. ਸ.ਪ. ਸਿੰਘ ਨੇ ਉਪਰਾਲਾ ਕੀਤਾ ਹੈ ਕਿ ਉਨ੍ਹਾਂ ਮਹਾਨ ਸਖ਼ਸ਼ੀਅਤਾਂ ਪਾਸੋਂ ਨਿੱਜ ਪੱਧਰ ਤੇ ਉਹ ਜਾਣਕਾਰੀ ਪ੍ਰਾਪਤ ਕਰ ਕੇ ਲਿਖਿਤ ਰੂਪ ਵਿਚ ਪਾਠਕਾਂ ਦੇ ਰੂ-ਬ-ਰੂ ਕੀਤੀ ਜਾਏ ਤਾਂ ਜੋ ਪਾਠਕਾਂ ਨੂੰ ਵੀ ਉਨ੍ਹਾਂ ਤੱਥਾਂ ਰਾਹੀਂ ਸੁਘੜ ਸੁਜਾਨ ਜੀਵਨ ਘੜਨ ਦੀ ਪ੍ਰੇਰਨਾ ਪ੍ਰਾਪਤ ਹੋਵੇ। ਇਸ ਪ੍ਰਸੰਗ ਵਿਚ ਅਸੀਂ ਸਭ ਤੋਂ ਪਹਿਲਾਂ ਸਿੱਖ ਇਤਿਹਾਸ ਦੇ ਮੋਢੀ ਤੇ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਜਿਨ੍ਹਾਂ ਨੇ 7 ਸਾਲ ਲਗਾਤਾਰ ਭਾਈ ਵੀਰ ਸਿੰਘ ਜੀ ਨੂੰ ਨੇੜਿਓਂ ਵੇਖਿਆ ਪਰਖਿਆ ਅਤੇ ਉਨ੍ਹਾਂ ਦੀ ਪ੍ਰਭਾਵਸ਼ਾਲੀ ਸਖ਼ਸ਼ੀਅਤ ਤੋਂ ਪ੍ਰੇਰਤ ਹੋ ਕੇ ਆਪਣਾ ਸਮੁਚਾ ਜੀਵਨ ਸਿੱਖ ਇਤਿਹਾਸ-ਖੋਜ ਨੂੰ ਸਮਰਪਤ ਕੀਤਾ ਦੇ ਵਡਮੁੱਲੇ ਵਿਚਾਰ ਪਾਠਕਾਂ ਸਾਹਮਣੇ ਰਖਦਿਆਂ ਇਹ ਨਵਾਂ ਕਾਲਮ ਆਰੰਭ ਕਰਨ ਜਾ ਰਹੇ ਹਾਂ। ਇਸ ਕਾਲਮ ਨੂੰ ਵਧੇਰੇ ਸਾਰਥਿਕ ਬਣਾਉਣ ਲਈ ਪਾਠਕਾਂ ਵਲੋਂ ਪ੍ਰਾਪਤ ਲਿਖਤੀ ਸੁਝਾਵਾਂ ਨੂੰ ਖੁਲ੍ਹੇ ਮਨ ਨਾਲ ਵਿਚਾਰਿਆ ਜਾਵੇਗਾ। ਇਸ ਪਤ੍ਰਿਕਾ ਦੇ ਸੰਪਾਦਕ ਦੀ ਮਿਤੀ 9-8-14 ਨੂੰ ਡਾ. ਕਿਰਪਾਲ ਸਿੰਘ ਜੀ ਨਾਲ ਹੋਈ ਮੁਲਾਕਾਤ ਸਮੇਂ ਆਪ ਜੀ ਨੇ ਭਾਈ ਵੀਰ ਸਿੰਘ ਜੀ ਬਾਰੇ ਹੇਠ ਲਿਖੇ ਅਨੁਸਾਰ ਦਸਿਆ :-

ਪ੍ਰਸ਼ਨ:- ਡਾ. ਸਾਹਿਬ ਅਸੀਂ ਭਾਈ ਵੀਰ ਸਿੰਘ ਜੀ ਨਾਲ ਰਹੇ ਉਨ੍ਹਾਂ ਦੇ ਨਿਕਟ ਵਰਤੀਆਂ ਪਾਸੋਂ ਉਨ੍ਹਾਂ ਦੀ ਸਖ਼ਸ਼ੀਅਤ ਬਾਰੇ ਪਾਠਕਾਂ ਨੂੰ ਜਾਣੂੰ ਕਰਾਉਣਾ ਚਾਹੁੰਦੇ ਹਾਂ ਅਤੇ ਇਸ ਪ੍ਰਸੰਗ ਵਿਚ ਸ਼ੁਰੂਆਤ ਆਪ ਜੀ ਦੇ ਵਿਚਾਰਾਂ ਨਾਲ ਕਰਨਾ ਚਾਹੁੰਦੇ ਹਾਂ। ਆਪ ਜੀ ਨੂੰ ਉਨ੍ਹਾਂ ਦਾ ਸਮੁੱਚਾ ਜੀਵਨ ਕਿਸ ਪ੍ਰਕਾਰ ਦਾ ਲਗਾ।

ਉੱਤਰ:- ਡਾ. ਭਾਈ ਵੀਰ ਸਿੰਘ ਨਿਜ ਰੂਪ ਵਿਚ ਬਹੁਤ ਹੀ ਉੱਚੇ ਸੁੱਚੇ ਕਿਰਦਾਰ ਵਾਲੇ ਇਨਸਾਨ ਸਨ। ਤੇਰ ਮੇਰ ਉਨ੍ਹਾਂ ਦੇ ਜੀਵਨ ਦੇ ਨੇੜੇ ਤੇੜੇ ਨਹੀਂ ਸੀ ਫੜਕਦੀ। ਮੈਂ ਤਾਂ ਇਹ ਆਖਾਂਗਾ ਕਿ ਉਨ੍ਹਾਂ ਦੀ ਤਕਣੀ ਤੇ ਬੋਲ ਬਾਣੀ ਵਿਚ ਇਕ ਖਾਸ ਕਿਸਮ ਦੀ ਚੁੰਬਕੀ ਸ਼ਕਤੀ ਸੀ ਜੋ ਹਰੇਕ ਨੂੰ ਆਪਣੇ ਵਲ ਖਿਚ ਲੈਂਦੀ ਸੀ। ਉਨ੍ਹਾਂ ਦੇ ਸੰਪਰਕ ਵਿਚ ਜੋ ਵੀ ਆਉਂਦਾ ਉਨ੍ਹਾਂ ਦਾ ਹੀ ਮੁਰੀਦ ਬਣ ਜਾਂਦਾ ਅਤੇ ਉਹ ਵੀ ਖੁਲ੍ਹੇ ਦਿਲ ਨਾਲ ਮਿਲਣ ਵਾਲਿਆਂ ਨੂੰ ਆਪਣੀ ਨਿਘੀ ਗੋਦ ਵਿਚ ਬਿਰਾਜਮਾਨ ਕਰ ਲੈਂਦੇ।

ਪ੍ਰਸ਼ਨ:- ਆਪ ਜੀ ਦੀ ਭਾਈ ਵੀਰ ਸਿੰਘ ਜੀ ਨਾਲ ਪਲੇਠੀ ਮਿਲਣੀ ਕਿਵੇਂ ਤੇ ਕਦੋਂ ਹੋਈ।

ਉੱਤਰ:- ਸਾਬਰ ਸਾਹਿਬ ਮੈਂ ਸਮਝਦਾ ਹਾਂ ਕਿ ਭਾਈ ਸਾਹਿਬ ਨਾਲ ਮੇਰੀ ਪਲੇਠੀ ਮਿਲਣੀ ਦਾ ਸੱਬਬ ਅਕਾਲ ਪੁਰਖ ਦੀ ਮੇਰੇ ਤੇ ਅਪਾਰ ਕਿਰਪਾ ਦ੍ਰਿਸ਼ਟੀ ਕਾਰਨ ਹੋਈ। ਹੋਇਆ ਇੰਝ ਕਿ ਮੈਂ 1950 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਨੌਕਰੀ ਕਰਦਾ ਸੀ ਕਿ ਉਥੇ ਮੈਂ ਪਹਿਲਾ ਕੰਮ 'ਬਾਬਾ ਆਲਾ ਸਿੰਘ' ਬੜੀ ਮਿਹਨਤ ਨਾਲ ਲਿਖਿਆ ਜਿਸ ਦੀ ਭੂਮਿਕਾ ਭਾਈ ਵੀਰ ਸਿੰਘ ਜੀ ਨੇ ਲਿਖੀ। ਸਾਲ 1953 ਵਿਚ ਭਾਈ ਸਾਹਿਬ ਦੀ ਲਿਖੀ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਪ੍ਰੋ. ਇੰਦਰ ਸਿੰਘ ਹੁਰਾਂ ਨੂੰ ਚਿੱਠੀ ਆਈ ਕਿ ਨਵੇਂ ਰਖੇ ਰੀਸਰਚ ਸਕਾਲਰ ਨੂੰ ਆਖੋ ਕਿ ਮੈਂ ਜਦੋਂ ਅੰਮ੍ਰਿਤਸਰ ਆਵਾਂ ਤਾਂ ਉਹ ਮੈਨੂੰ

ਆਕੇ ਮਿਲੇ। ਮੈਂ ਭਾਈ ਵੀਰ ਸਿੰਘ ਜੀ ਦੀਆਂ ਲਿਖੀਆਂ ਬਹੁਤ ਸਾਰੀਆਂ ਕਿਤਾਬਾਂ ਪੜੀਆਂ ਹੋਈਆਂ ਸਨ ਅਤੇ ਉਨ੍ਹਾਂ ਵਿੱਚੋਂ ਕਈ ਤਾਂ ਮੂੰਹ ਜ਼ਬਾਨੀ ਯਾਦ ਵੀ ਸਨ। ਭਾਈ ਸਾਹਿਬ ਜਦੋਂ ਅੰਮ੍ਰਿਤਸਰ ਆਏ ਤਾਂ ਮਿਥੇ ਸਮੇਂ ਅਨੁਸਾਰ ਹੀ ਮਿਲੇ। ਮਿਲਣ ਦਾ ਢੰਗ ਬੜਾ ਹੀ ਨਿਰਾਲਾ ਜਿਵੇਂ ਸਾਲਾਂ ਬੱਧੀ ਤੋਂ ਜਾਣੂੰ ਹੋਣ। ਥੋਹੜੀ ਗਲ ਪਰ ਭਾਵਪੂਰਤ। ਮੈਨੂੰ ਬੜੇ ਪਿਆਰ ਨਾਲ ਕੋਲ ਬਿਠਾਕੇ ਆਖਿਆ ਕਿ 'ਬਾਬਾ ਆਲਾ ਸਿੰਘ' ਤੂੰ ਬਹੁਤ ਚੰਗਾ ਲਿਖਿਆ ਹੈ, ਤੇਰੀ ਲਿਖਤ ਵਿਚ ਰਵਾਨਗੀ ਹੈ ਅਤੇ ਘਟਨਾਵਾਂ ਦੇ ਤੱਥ ਪ੍ਰਮਾਣੀਕ ਸਰੋਤਾਂ ਤੇ ਆਧਾਰਤ ਹਨ। ਇਸ ਤੋਂ ਪਿਛੋਂ ਹੱਥ ਲਿਖਤਾਂ ਬਾਰੇ ਵਿਚਾਰ ਚਰਚਾ ਕੀਤੀ ਅਤੇ ਹੱਥ ਲਿਖਤਾਂ ਦੇ ਟਿਕਾਣੇ ਵੀ ਦਸੇ।

ਮੈਂ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ 'ਬਾਬਾ ਆਲਾ ਸਿੰਘ' ਦਾ ਕੰਮ ਤਾਂ ਮੈਂ ਸੰਪੂਰਨ ਕਰ ਲਿਆ ਹੈ ਹੁਣ ਅਗੋਂ ਇਸਦਾ ਕਿਹੜਾ ਪੱਖ ਲਵਾਂ। ਮੇਰੀ ਗਲ ਸੁਣਨ ਸਾਰ ਭਾਈ ਸਾਹਿਬ ਦੀਆਂ ਅੱਖਾਂ ਵਿਚ ਅਥਰੂ ਆ ਗਏ। ਮੈਂ ਇਹ ਵੇਖ ਇਕ ਦਮ ਡੌਰ-ਭੌਰ ਜਿਹਾ ਹੋ ਗਿਆ। ਪਰ ਭਾਈ ਸਾਹਿਬ ਜੀ ਇਕਦਮ ਸੰਭਲ ਕੇ ਬੋਲੇ Parlition of Punjab. ਭਾਰਤ-ਪਾਕਿਸਤਾਨ ਦੀ ਵੰਡ ਕਾਰਨ ਪੰਜਾਬ ਦਾ ਜਿਨ੍ਹਾ ਵੱਡਾ ਦੁਖਾਂਤ ਵਾਪਰਿਆ ਹੈ ਏਡਾ ਵੱਡਾ ਨ ਕਦੇ ਹੋਇਆ ਹੈ ਅਤੇ ਮੇਰੀ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਅਗੋਂ ਹੋਵੇ ਵੀ ਨਾ। ਉਨ੍ਹਾਂ ਨੇ ਆਪਣੇ ਮਨ ਦੀ ਤੜਪ ਜਾਹਰ ਕਰਦਿਆਂ ਆਖਿਆ ਕਿ ਇਹ ਕੰਮ ਤੂੰ ਕਰ। ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਹ ਬਹੁਤ ਵਡਾ ਕੰਮ ਹੈ ਇਸ ਲਈ ਆਖ ਜੀ ਖੁਦ ਕਰੋ ਤਾਂ ਵਧੇਰੇ ਠੀਕ ਹੋਵੇਗਾ। ਪਰ ਭਾਈ ਸਾਹਿਬ ਨੇ ਢਿਡੋਂ ਇਹ ਗਲ ਆਖੀ ਕਿ ਮੈਂ ਲਿਖਣਾ ਤਾਂ ਚਾਹੁੰਦਾ ਸਾਂ ਪਰ ਹੁਣ ਮੈਂ ਲਿਖ ਨਹੀਂ ਸਕਾਂਗਾ ਕਿਉਂਕਿ ਮੈਂ ਕਾਫੀ ਬਿਰਧ ਹੋ ਗਿਆ ਹਾਂ ਅਤੇ ਇਹ ਕੰਮ ਰਫਿਊਜੀ ਕੈਂਪਾਂ ਵਿਚ ਜਾ ਜਾ ਕੇ ਪ੍ਰਭਾਵਤ ਲੋਕਾਂ ਨਾਲ ਮੁਲਾਕਾਤਾਂ ਕਰਦਿਆਂ ਤੱਥਾਂ ਨੂੰ ਇੱਕਤਰ ਕਰਨ ਉਪਰੰਤ ਹੀ ਕੀਤਾ ਜਾ ਸਕਦਾ ਹੈ ਜੋ ਹੁਣ ਮੇਰੀ ਸਮਰਥਾ ਤੋਂ ਬਾਹਰ ਹੈ। ਕੰਮ ਬੜਾ ਜ਼ਰੂਰੀ ਹੈ ਅਤੇ ਡਾਕਟਰਾਂ ਨੇ ਮੇਰੀ ਸਿਹਤ ਨੂੰ ਧਿਆਨ ਵਿਚ ਰਖਦਿਆਂ ਕੰਮ ਕਰਨ ਦੀ ਮਨਾਹੀ ਕੀਤੀ ਹੈ। ਜੇ ਠੀਕ ਸਮਝੋ ਤਾਂ ਮੇਰਾ ਅਸਿਸਟੈਂਟ ਲੈ ਲਵੋ ਅਤੇ ਇਕ ਨਵਾਂ ਬੰਦਾ ਵੀ ਰਖ ਲਵੋ। ਭਾਈ ਸਾਹਿਬ ਦੀ ਜਾਦੂਭਰੀ ਕਥਨੀ ਤੋਂ ਮੈਂ ਇਤਨਾ ਪ੍ਰਭਾਵਤ ਹੋਇਆ ਕਿ ਹੱਥ ਜੋੜ ਬੇਨਤੀ ਕੀਤੀ ਮੈਂ ਇਹ ਕਾਰਜ ਇਕ ਸ਼ਰਤ ਤੇ ਕਰਨ ਲਈ ਤਿਆਰ ਹਾਂ। ਭਾਈ ਸਾਹਿਬ ਦੇ ਸਨਮੁਖ ਮੇਰੇ ਵਰਗੇ ਬੰਦੇ ਵਲੋਂ ਸ਼ਰਤ ਰਖਣੀ ਬੜੀ ਅਜੀਬ ਤੇ ਗੈਰਵਾਜ਼ਬ ਗਲ ਸੀ ਪਰ ਉਨ੍ਹਾਂ ਝਟ ਕਹਿ ਦਿੱਤਾ ਕਿ ਜੋ ਵੀ ਤੇਰੀ ਸ਼ਰਤ ਹੋਏਗੀ ਮਨਜ਼ੂਰ ਹੈ। ਮੈਂ ਫੇਰ ਬੇਨਤੀ ਕੀਤੀ ਕਿ ਮੈਂ ਆਪਣੀ ਸ਼ਰਤ ਹੁਣੇ ਪੂਰੀ ਕਰਾਉਣ ਦਾ ਇਛਕ ਹਾਂ ਤਾਂ ਭਾਈ ਸਾਹਿਬ ਨੇ ਕਿਹਾ ਕਿ ਦਸ ? ਮੈਂ ਆਖਿਆ ਕਿ ਇਹ ਕਾਰਜ ਸ਼ੁਰੂ ਕਰਨ ਲਈ ਮੈਨੂੰ ਆਪ ਜੀ ਦੀ ਅਸ਼ੀਰਵਾਦ ਚਾਹੀਦੀ ਹੈ। ਇਹ ਸੁਣਦਿਆਂ ਹੀ ਭਾਈ ਸਾਹਿਬ ਨੇ ਮੈਨੂੰ ਆਪਣੀ ਗਲਵਕੜੀ ਵਿਚ ਲੈਂਦਿਆਂ ਮੋਹ ਭਿਜੇ ਪਿਆਰ ਨਾਲ ਆਖਿਆ ਕਿ 'ਗੁਰੂ ਸਦਾ ਤੇਰੇ ਅੰਗ ਸੰਗ ਰਹੇਗਾ ਤੂੰ ਕੰਮ ਸ਼ੁਰੂ ਕਰ।

**ਬੰਦਾ ਰਖਣ ਦੀ ਸਮੱਸਿਆ:**

ਇਸ ਕੰਮ ਲਈ ਸਹਾਇਤਾ ਕਰਨ ਵਾਸਤੇ ਕੋਈ ਬੰਦਾ ਨ ਮਿਲੇ। ਮੈਂ ਕੁੱਝ ਦਿਨਾਂ ਬਾਅਦ ਭਾਈ ਸਾਹਿਬ ਨੂੰ ਦੁਬਾਰਾ ਮਿਲਿਆ ਤਾਂ ਉਨ੍ਹਾਂ ਖੁਦ ਪੁਛ ਲਿਆ ਕਿ ਕੋਈ ਬੰਦਾ ਮਿਲਿਆ ਜਾਂ ਨਹੀਂ ? ਮੈਂ ਉੱਤਰ ਦਿੱਤਾ ਕਿ ਹਾਲੇ ਤਕ ਤਾਂ ਨਹੀਂ ਮਿਲਿਆ। ਭਾਈ ਸਾਹਿਬ ਨੇ ਆਖਿਆ ਕਿ ਕੋਈ ਨਹੀਂ ਜਲਦੀ ਆ ਜਾਵੇਗਾ-ਬੰਦਾ ਜਲਦੀ ਰਖਣਾ ਜ਼ਰੂਰੀ ਹੈ। 10-15 ਦਿਨਾਂ ਬਾਅਦ ਭਾਈ ਸਾਹਿਬ ਨੇ ਇਕ ਬੰਦਾ ਭੇਜਿਆ ਜਿਸ ਨੂੰ ਮੈਂ ਕੰਮ ਬਾਰੇ ਦਸਿਆ ਕਿ ਰਫਿਊਜੀ ਕੈਂਪਾਂ ਵਿਚ ਜਾ ਜਾ ਕੇ ਲੋੜੀਂਦੀ ਜਾਣਕਾਰੀ ਹਾਸਲ ਕਰਨੀ ਹੈ। ਉਸ ਨੇ ਕੰਮ ਕਰਨ ਦੀ ਹਾਮੀ ਭਰ ਦਿੱਤੀ ਜਿਸ ਤੇ ਮੈਂ ਉਸ ਨੂੰ ਰਖ ਲਿਆ। ਬੰਦਾ ਰਖਿਆਂ ਹਾਲੇ 2-3 ਦਿਨ ਹੀ ਹੋਏ ਸਨ ਕਿ ਮੈਨੂੰ ਵਾਈਸ ਪ੍ਰੈਜੀਡੈਂਟ ਨੇ ਬੁਲਾ ਲਿਆ ਅਤੇ ਪੁਛਣ ਲਗੇ ਕਿ ਮੈਂ ਬੰਦਾ ਕਿਸ ਦੀ ਇਜ਼ਾਜ਼ਤ ਨਾਲ ਰਖਿਆ ਹੈ ? ਮੈਂ ਉੱਤਰ ਦਿੱਤਾ ਕਿ ਇਹ ਬੰਦਾ ਭਾਈ ਵੀਰ ਸਿੰਘ ਜੀ ਨੇ ਭੇਜਿਆ ਹੈ ਅਤੇ ਉਨ੍ਹਾਂ ਆਖਣ ਤੇ ਹੀ ਰਖਿਆ ਹੈ। ਫੇਰ ਆਖਣ ਲਗੇ ਕਿ ਇਸਦੀ ਤਨਖਾਹ ਕੌਣ ਦੇਵੇਗਾ ? ਮੈਂ ਕਿਹਾ ਕਿ ਕੰਮ ਦੀ ਲੋੜ ਅਨੁਸਾਰ ਇਹ ਬੰਦਾ ਰਖਿਆਂ ਹੈ ਤੁਹਾਨੂੰ ਨਹੀਂ ਪਸੰਦ ਤਾਂ ਕਢ ਦਿਓ ਅਤੇ ਜਿਨ੍ਹੇ ਦਿਨ ਇਸ ਨੇ ਕੰਮ ਕੀਤਾ ਹੈ ਉਸਦੀ ਬਣਦੀ ਤਨਖਾਹ ਮੇਰੇ ਖਾਤੇ ਵਿਚੋਂ ਕਟ ਕੇ ਦੇ ਦਿਓ। ਇਤਨਾ ਕਹਿ ਕੇ ਮੈਂ ਆ ਗਿਆ ਪਰ ਇਸ ਬਾਰੇ ਮੈਂ ਭਾਈ ਸਾਹਿਬ ਨੂੰ ਕੋਈ ਸ਼ਕਾਇਤ ਨਹੀਂ ਕੀਤੀ। ਪ੍ਰਬੰਧਕ ਕਮੇਟੀ ਦਾ ਸੈਕਟਰੀ ਡਾ. ਮਨਮੋਹਨ ਸਿੰਘ (ਸ. ਸੋਹਣ ਸਿੰਘ ਦਾ ਸਾਲਾ) ਸੀ ਜਿਸ ਨੇ 2-4 ਦਿਨਾਂ ਬਾਅਦ ਮੈਨੂੰ ਸਦਕੇ ਆਖਿਆ ਕਿ ਤੁਸੀਂ ਬੰਦਾ ਰਖੋ—ਉਸਦੀ ਅਧੀ ਤਨਖਾਹ ਭਾਈ ਸਾਹਿਬ ਦਿਆ ਕਰਨਗੇ ਅਤੇ ਅਧੀ ਤਨਖਾਹ ਸੀ.ਕੇ.ਡੀ. ਵਲੋਂ ਦਿੱਤੀ ਜਾਇਆ ਕਰੇਗੀ। ਇਸ ਤਰ੍ਹਾਂ ਉਸ ਬੰਦੇ ਨੇ ਸਾਲ ਭਰ ਮੇਰੇ ਕੋਲ ਕੰਮ ਕੀਤਾ। ਉਹ ਫੀਲਡ ਵਿਚ ਕੰਮ ਕਰਦਾ ਸੀ ਤੇ ਮੈਂ ਦਫਤਰ ਵਿਚ ਦਸਵੰਧ ਨੂੰ ਖਰਚਣ ਦਾ ਭਾਈ ਸਾਹਿਬ ਦਾ ਇਹ ਨਿਰਾਲਾ, ਸਾਰਥਿਕ ਤੇ ਉਪਯੋਗੀ ਢੰਗ ਸੀ।

ਖ਼ਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਰੀਸਰਚ ਵਿਭਾਗ ਸ਼ੁਰੂ ਤਾਂ ਕੀਤਾ ਹੋਇਆ ਸੀ ਪਰ ਪੈਸਾ/ਬਜ਼ਟ ਕੋਈ ਨਹੀਂ ਸੀ। ਮੈਂ ਪੈਸਾ ਜੁਟਾਉਣ ਲਈ ਇਕ ਸਕੀਮ ਬਣਾ ਕੇ

ਭੇਜੀ ਪਰ ਸ. ਸੋਹਣ ਸਿੰਘ ਹੁਰਾਂ ਨੇ ਉਸ ਨੂੰ ਕੋਈ ਅਹਿਮੀਅਤ ਨਾ ਦਿੱਤੀ। ਭਾਈ ਸਾਹਿਬ ਜੀ ਦੇ ਆਖਣ ਤੇ ਮੈਂ ਭੀਮ ਸੈਨ ਸੱਚਰ ਦੀ ਵਜ਼ਾਰਤ ਦੇ ਖ਼ਜ਼ਾਨਾ ਮੰਤਰੀ ਸ. ਉਜਲ ਸਿੰਘ (ਭਾਈ ਸਾਹਿਬ ਜੀ ਦੇ ਦਾਮਾਦ) ਜੀ ਨੂੰ ਦਿੱਲੀ ਜਾ ਕੇ ਮਿਲਿਆ ਜਿਸ ਨੇ ਉੱਤਰ ਦਿੱਤਾ ਕਿ ਬਰਖੁਰਦਾਰ, ਗ੍ਰਾਂਟ ਸੰਸਥਾ ਨੂੰ ਮਿਲ ਸਕਦੀ ਹੈ ਵਿਭਾਗ ਨੂੰ ਨਹੀਂ ਪਰ ਕਿਸੇ ਤਰ੍ਹਾਂ ਉਸ ਨੇ 2000/- ਭੇਜ ਦਿੱਤੇ। ਇਸੇ ਤਰ੍ਹਾਂ ਮੰਗਤਿਆਂ ਵਾਂਗ ਵਾਇਸ ਚਾਂਸਲਰ ਨੂੰ ਵੀ ਮਿਲਿਆ ਉਸ ਨੇ ਵੀ 2000/- ਰੁਪਏ ਭੇਜੇ। ਇਸ ਤਰ੍ਹਾਂ ਖੋਜ ਦਾ ਕਾਰਜ ਕੁੱਝ-ਕੁੱਝ ਰਿੜ ਪਿਆ।

**ਭਾਈ ਸਾਹਿਬ ਦਾ ਦਰਿਆ ਦਿਲ:**

ਸਾਲ 1955 ਵਿਚ ਕਲਕਤਾ ਵਿਚ ਇੰਡੀਅਨ ਹਿਸਟਰੀ ਕਾਨਫਰੰਸ ਹੋਣੀ ਸੀ। ਕਾਲਜ ਦੇ ਰੂਲਜ਼ ਕੁੱਝ ਐਸੇ ਸਨ ਕਿ ਉਨ੍ਹਾਂ ਨੇ ਮੇਰੀ ਕਿਸੇ ਪ੍ਰਕਾਰ ਦੀ ਮਾਲੀ ਮਦਦ ਕਰਨ ਤੋਂ ਅਸਮਰਥਾ ਜ਼ਾਹਰ ਕੀਤੀ। ਪਰ ਮੈਨੂੰ ਕਾਨਫਰੰਸ ਵਿਚ ਆਪਣੇ ਖ਼ਰਚ ਤੇ ਜਾਣ ਦੀ ਆਗਿਆ ਜ਼ਰੂਰ ਦੇ ਦਿੱਤੀ। ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਮੈਨੂੰ ਉਚੇਚਾ ਸਦਿਆ ਅਤੇ ਇਕ ਵਖਰੇ ਕਮਰੇ ਵਿਚ ਲਿਜਾ ਕੇ 200 ਰੁਪਏ ਮੈਨੂੰ ਦਿੰਦਿਆਂ ਆਖਿਆ ਕਿ ਇਹ ਤੇਰੇ ਸਫ਼ਰ ਖ਼ਰਚ ਲਈ ਹਨ। ਉਸ ਸਮੇਂ 200 ਰੁਪਏ ਬਹੁਤ ਵਡੀ ਰਕਮ ਹੁੰਦੀ ਸੀ। ਮੈਂ ਹੱਥ ਜੋੜ ਕੇ ਆਖਿਆ ਕਿ ਮੈਂ ਇਹ ਪੈਸੇ ਨਹੀਂ ਲੈਣੇ ਕਿਉਂਕਿ ਮੇਰੇ ਪਾਸ ਲੋੜ ਜੋਗੇ ਪੈਸੇ ਹਨ ਇਸ ਲਈ ਮੈਂ ਨਹੀਂ ਲੈਣੇ। ਭਾਈ ਸਾਹਿਬ ਆਖਣ ਲਗੇ ਕਿ ਆਪਾਂ ਦੋਸਤ ਹਾਂ ਇਸ ਲਈ ਦੋਸਤਾਂ ਕੋਲੋਂ ਪੈਸੇ ਲੈਣ ਵਿਚ ਕੋਈ ਹਰਜ਼ ਨਹੀਂ ਹੁੰਦਾ। ਇਸ ਲਈ ਤੁਸੀਂ ਲੈ ਲਵੋ। ਮੈਂ ਫੇਰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਜਦੋਂ ਲੋੜ ਹੋਈ ਜ਼ਰੂਰ ਲਵਾਂਗਾ ਪਰ ਹੁਣ ਨਹੀਂ। ਇਸਤਰ੍ਹਾਂ ਮੈਂ ਪੈਸੇ ਨਹੀਂ ਲਏ ਅਤੇ ਭਾਈ ਸਾਹਿਬ ਦੇ ਦਿਲ ਵਿਚ ਮੇਰੇ ਪ੍ਰਤੀ ਪਿਆਰ ਹੋਰ ਪੀਢਾ ਹੋ ਗਿਆ।

**ਪੈਰੀ ਹੱਥ ਨਹੀਂ ਸਨ ਲੁਆਉਂਦੇ:**

ਭਾਈ ਸਾਹਿਬ ਇਕ ਵਾਰ ਇਕ ਸਭਾ ਵਿਚ ਬੈਠੇ ਸਨ ਅਤੇ ਮੈਂ ਵੀ ਨਾਲ ਸਾਂ। ਉਸ ਸਭਾ ਵਿਚ ਬਹੁਤ ਸਾਰੀਆਂ ਸ਼ਰਧਾਲੂ ਔਰਤਾਂ ਤੇ ਮਰਦ ਵੀ ਆ ਰਹੇ ਸਨ ਜੋ ਭਾਈ ਸਾਹਿਬ ਦੇ ਪੈਰੀਂ ਹੱਥ ਲਉਣ ਦਾ ਯਤਨ ਕਰਦੇ। ਪਰ ਭਾਈ ਸਾਹਿਬ ਉਨ੍ਹਾਂ ਸਭ ਨੂੰ ਰੋਕ ਦਿੰਦੇ ਅਤੇ ਆਖਦੇ ਕਿ ਸੀਸ ਝੁਕਾਉਣਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲਗੋ। ਭਾਈ ਸਾਹਿਬ ਦੇ ਮਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸਤਿਕਾਰ ਸੀ।

**ਜੀਵਨ ਸਮਰਪਣ ਕਰਨ ਦੀ ਮੰਗ:**

ਭਾਈ ਸਾਹਿਬ ਨਾਲ ਮੇਰੀ ਨੇੜਤਾ ਮੇਰੇ ਕੰਮ ਕਰਨ ਦੇ ਢੰਗ ਨਾਲ ਦਿਨੋ ਦਿਨ ਵਧਦੀ ਗਈ। ਇਕ ਦਿਨ ਉਹ ਪਿਆਰ ਭਰੇ ਮਿਠੜੇ ਬੋਲਾਂ ਨਾਲ ਆਖਣ ਲਗੇ ਕਿ ਕਿਰਪਾਲ ਸਿੰਘ ਅਜ ਮੈਂ ਤੈਥੋਂ ਕੁੱਝ ਮੰਗਣਾ ਚਾਹੁੰਦਾ ਹਾਂ ਇਹ ਗਲ ਸੁਣਕੇ ਮੈਂ ਇਕ ਦਮ ਹੈਰਾਨ ਹੋ ਗਿਆ ਕਿ ਮੇਰੇ ਪਾਸੋਂ ਇਹ ਕੀ ਮੰਗਣਾ ਚਾਹੁੰਦੇ ਹਨ ਮੈਂ ਆਖਿਆ ਕਿ ਭਾਈ ਸਾਹਿਬ ਹੁਕਮ ਕਰੋ। ਭਾਈ ਸਾਹਿਬ ਆਖਣ ਲਗੇ ਕਿ ਤੁਸੀਂ ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ ਨੂੰ ਸਮਰਪਤ ਹੋਵੇ ਤੇ ਜੀਵਨ ਦਾਨ ਦਿਓ। ਇਹ ਗਲ ਸੁਣਦਿਆਂ ਸਾਰ ਮੈਂ ਸੋਚੀਂ ਪੈ ਗਿਆ ਤੇ ਉੱਤਰ ਦਿੱਤਾ ਕਿ ਭਾਈ ਸਾਹਿਬ ਜੀ ਸੋਚਣ ਲਈ ਕੁੱਝ ਸਮਾਂ ਦਿਓ। ਮੈਂ ਜਾਣਦਾ ਸਾਂ ਕਿ ਕਾਲਜ ਕੋਲ ਇਸ ਵਿਭਾਗ ਲਈ ਕੋਈ ਪੈਸਾ ਨਹੀਂ ਅਤੇ ਕੋਈ ਵੀ ਸੰਸਥਾ ਮਾਇਕ ਮਦਦ ਨਹੀਂ ਕਰ ਰਹੀ ਕੀ ਕਰਾਂਗਾ ? ਪਿਆਰ ਸੰਬੰਧ ਐਸੇ ਬਣ ਗਏ ਸਨ ਕਿ ਨਾ ਕਰਨ ਦਾ ਹੌਂਸਲਾ ਹੀ ਨਹੀਂ ਸੀ। ਆਖ਼ਰ 5-7 ਦਿਨਾਂ ਬਾਅਦ ਫਿਰ ਜਦੋਂ ਭਾਈ ਸਾਹਿਬ ਨੂੰ ਮਿਲਿਆ ਤਾਂ ਪੁਛਣ ਲਗੇ ਕਿ ਕੀ ਸੋਚਿਆ ਹੈ ? ਮੈਂ ਆਪ ਮੁਹਾਰੇ ਉੱਤਰ ਦਿੱਤਾ ਕਿ "ਮੈਂ ਪ੍ਰਣ ਕਰਦਾ ਹਾਂ ਕਿ ਮੈਂ ਸਾਰਾ ਜੀਵਨ ਸਿੱਖ ਹਿਸਟਰੀ ਰੀਸਰਚ ਲਈ ਲਗਾ ਦਿਆਂਗਾ। ਇਸ ਤਰ੍ਹਾਂ ਮੈਂ ਜੋ ਪ੍ਰਣ ਕੀਤਾ ਸੀ ਗੁਰੂ ਦੀ ਅਪਾਰ ਕਿਰਪਾ ਨਾਲ ਨਿਭਾਇਆ ਅਤੇ ਇਸ ਪ੍ਰਣ ਦੇ ਫਲ ਸਰੂਪ ਹੀ ਮੇਰੀ ਪਹਿਲੀ ਬਹੁਚਰਿਤ ਪੁਸਤਕ Partition of Punjab ਨਿਕਲੀ।

**ਮਹਿਮਾਨ ਨਿਵਾਜ:**

ਮੈਨੂੰ ਕੰਮ ਦੇ ਸਿਲਸਿਲੇ ਵਿਚ ਭਾਈ ਸਾਹਿਬ ਨੇ ਡੇਹਰਾਦੂਨ ਸਦਿਆ। ਮੈਂ ਓਥੇ ਇਕ ਰਿਸ਼ਤੇਦਾਰ ਕੋਲ ਠਹਿਰਿਆ ਹੋਇਆ ਸਾਂ ਮੈਂ ਸਵੇਰੇ ਕੰਮ ਤੇ ਚਲਾ ਜਾਂਦਾ। ਘੰਟੇ ਤੋਂ ਬਾਅਦ ਪਹਿਲਾਂ ਭਾਈ ਸਾਹਿਬ ਆ ਕੇ ਬਰਾਬਰ ਬੈਠ ਜਾਂਦੇ ਅਤੇ ਕੁੱਝ ਸਮੇਂ ਪਿਛੋਂ ਬੀਬੀ ਮਹਿੰਦਰ ਕੌਰ ਜੀ ਚਾਹ ਲੈ ਕੇ ਆ ਜਾਂਦੇ। ਇਕ ਦਿਨ ਬੀਬੀ ਜੀ ਆ ਕੇ ਕਹਿਣ ਲਗੇ ਕਿ ਭਾਈ ਸਾਹਿਬ ਦੀ ਹਾਰਦਿਕ ਇਛਾ ਹੈ ਕਿ ਕਲ ਤੋਂ ਤੁਸੀਂ ਦੁਪਹਿਰ ਦਾ ਖਾਣਾ ਸਾਡੇ ਨਾਲ ਹੀ ਇਥੇ ਖਾਇਆ ਕਰੋਗੇ। ਜਦੋਂ ਮੈਂ ਸ਼ਾਮ ਨੂੰ ਘਰ ਵਾਪਸ ਜਾਣ ਲਗਦਾ ਤਾਂ ਵੀ ਚਾਹ ਪਿਆ ਕੇ ਹੀ ਤੋਰਦੇ।

ਇਸ ਤਰ੍ਹਾਂ ਮੇਰੀਆਂ ਨਜ਼ਰਾਂ ਵਿਚ ਭਾਈ ਵੀਰ ਸਿੰਘ ਜਿਥੇ ਬਹੁਤ ਵਿਧਾਵਾਂ ਦਾ ਉੱਚ ਕੋਟੀ ਦਾ ਸਾਹਿਤਕਾਰ ਸੀ ਓਥੇ ਇਨਸਾਨੀਅਤ ਦੇ ਚੌਗਿਰਦੇ ਵਿਚ ਉਨ੍ਹਾਂ ਦਾ ਉੱਚਾ ਸੁੱਚਾ ਕਿਰਦਾਰ ਸੀ।

### ਵਿੱਛੁੜੀ ਕੂੰਜ

ਮਿੱਠੇ ਤਾ ਲਗਦੇ ਮੈਨੂੰ
ਫੁੱਲਾ ਦੇ ਹੁਲਾਰੇ,
ਜਾਨ ਮੇਰੀ ਪਰ ਕੁੱਸਦੀ।

*(ਲਹਿਰ ਹੁਲਾਰੇ)*

# ਅਜੋਕੇ ਪ੍ਰਸੰਗ ਵਿੱਚੋਂ ਭਾਈ ਵੀਰ ਸਿੰਘ ਦੀਆਂ ਰਚਨਾਵਾਂ

*ਡਾ. ਸੁਰਿੰਦਰ ਕੁਮਾਰ ਬੰਗੜ**

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਮੋਢੀ ਹਨ। ਉਨ੍ਹਾਂ ਤੋਂ ਪਹਿਲਾਂ ਪੰਜਾਬੀ ਸਾਹਿਤ ਵਿੱਚ ਕਿੱਸੇ ਵਾਰਾਂ, ਜੰਗਨਾਮੇ ਤੇ ਧਾਰਮਿਕ ਵੰਨਗੀਆਂ ਦੇ ਸਾਹਿਤ ਤੋਂ ਬਿਨ੍ਹਾਂ ਪੰਜਾਬੀ ਵਿੱਚ ਹੋਰ ਦਿਸ਼ਾਵਾਂ ਪੈਦਾ ਨਹੀਂ ਹੋਈਆਂ ਸਨ। ਭਾਈ ਵੀਰ ਸਿੰਘ ਕੇਵਲ ਆਧੁਨਿਕ ਪੰਜਾਬੀ ਕਵਿਤਾ ਦਾ ਹੀ ਜਨਮਦਾਤਾ ਨਹੀਂ ਸਗੋਂ ਉਹ ਪੰਜਾਬੀ ਨਾਵਲ, ਕਹਾਣੀ, ਨਾਟਕ ਤੇ ਵਾਰਤਕ ਦਾ ਵੀ ਮੋਢੀ ਹੈ ਭਾਵੇਂ ਕਵਿਤਾ ਤੇ ਨਾਵਲ ਤੋਂ ਇਲਾਵਾ ਉਨ੍ਹਾਂ ਦੇ ਸਾਹਿਤਕ ਰੂਪਾਂ 'ਚ ਬਹੁਤੀ ਪਰਪੱਕਤਾ ਭਾਵੇਂ ਨਹੀਂ ਸੀ ਪਰ ਤਾਂ ਵੀ ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਇਨ੍ਹਾਂ ਨਵੇਂ ਰੂਪਾਂ ਦੀ ਨੀਂਹ ਰੱਖ ਦਿੱਤੀ।

1899 ਵਿੱਚ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਸਪਤਾਹਕ ਅਖ਼ਬਾਰ 'ਖ਼ਾਲਸਾ ਸਮਾਚਾਰ' ਸ਼ੁਰੂ ਕੀਤੀ। 1901 ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਵਿਚ ਵੀ ਆਪ ਜੀ ਦਾ ਯੋਗਦਾਨ ਰਿਹਾ। 1902 ਈ: ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਪੰਥਕ ਪ੍ਰਬੰਧ ਅਧੀਨ ਲਿਆਉਣ ਲਈ ਅਹਿਮ ਭੂਮਿਕਾ ਨਿਭਾਈ। 1908 ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਨੀਂਹ ਰੱਖੀ। ਇਸ ਵਰ੍ਹੇ ਵਿਚ ਸਿੱਖ ਐਜੂਕੇਸ਼ਨਲ ਕਮੇਟੀ ਤੇ ਸੈਂਟਰਲ ਖ਼ਾਲਸਾ ਪ੍ਰਚਾਰਕ ਵਿਦਿਆਲਾ ਸਥਾਪਤ ਕੀਤੇ ਗਏ। ਇਨ੍ਹਾਂ ਦੀ ਅਗਵਾਈ ਵਿਚ ਹੀ 1909 ਈ: ਵਿਚ "ਆਨੰਦ ਮੈਰਿਜ ਐਕਟ" ਪਾਸ ਹੋਇਆ। ਇਹ ਸਾਰਾ ਵੇਰਵਾ ਇਸ ਗੱਲ ਦੀ ਪ੍ਰਮਾਣਕਤਾ ਨੂੰ ਦਰਸਾਉਂਦਾ ਹੈ ਕਿ ਉਸ ਵੇਲੇ ਆਪ ਜੀ ਨੇ ਸਿੱਖ ਕੌਮ ਨੂੰ ਹਰ ਪੱਖੋਂ ਵਿਕਸਤ ਕਰਨ ਤੇ ਸਮੇਂ ਦੇ ਹਾਣ ਦਾ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ।

ਇਹ ਉਹ ਵੇਲਾ ਸੀ ਜਦੋਂ ਅਰਬੀ, ਫ਼ਾਰਸੀ ਤੇ ਬ੍ਰਿਜ ਭਾਸ਼ਾ ਵਿਚ ਪੜ੍ਹਨ ਲਿਖਣ ਦਾ ਰਿਵਾਜ ਸੀ, ਪੰਜਾਬੀ ਭਾਸ਼ਾ ਵਿਚ ਲਿਖਣਾ ਪੜ੍ਹਨਾ ਬਹੁਤ ਚੰਗਾ ਨਹੀਂ ਸਮਝਿਆ ਜਾਂਦਾ ਸੀ। ਉਸ ਵੇਲੇ ਭਾਈ ਸਾਹਿਬ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਵਡਿਆਇਆ ਤੇ ਨਵੀਂ ਕਿਸਮ ਦੀ ਸੋਚ ਨੂੰ ਵਿਕਸਤ ਕੀਤਾ। ਉਸ ਵੇਲੇ ਫ਼ਾਰਸੀ ਬਾਰੇ ਕਿਹਾ ਜਾਂਦਾ ਸੀ :

ਪੜ੍ਹੇ ਫਾਰਸੀ ਵੇਚੇ ਤੇਲ, ਦੇਖੋ ਕੁਦਰਤ ਦਾ ਖੇਲ।

ਕਿਹਾ ਜਾਂਦਾ ਹੈ ਕਿ ਉਸ ਵੇਲੇ ਦੇ ਕਿਸੇ ਵਿਦਵਾਨ ਨੇ ਇਨ੍ਹਾਂ ਦੇ ਪਿਤਾ ਜੀ ਡਾ. ਚਰਨ ਸਿੰਘ ਨੂੰ ਕਿਹਾ ਕਿ ਤੁਹਾਡਾ ਵੱਡਾ ਪੁੱਤਰ ਪੰਜਾਬੀ ਵਿਚ ਕਵਿਤਾ ਕਹਿੰਦਾ ਹੈ। ਉਸਨੂੰ ਕਹੋ ਕਿ ਪੰਜਾਬੀ ਦੀ ਥਾਂ ਬ੍ਰਜ ਭਾਸ਼ਾ ਵਿਚ ਕਵਿਤਾ ਲਿਖਿਆ ਕਰੇ। ਉਸ ਵੇਲੇ ਭਾਈ ਸਾਹਿਬ 'ਰਾਣਾ ਸੂਰਤ ਸਿੰਘ' ਦੀ ਰਚਨਾ ਕਰ ਰਹੇ ਸਨ ਤਾਂ ਉਸ ਵੇਲੇ ਦੇ ਵਿਦਵਾਨ ਬਾਬਾ ਸੁਮੇਰ ਸਿੰਘ ਨੂੰ ਇਸ ਮਹਾਂਕਾਵਿ ਦਾ ਇਕ ਕਾਂਡ ਸੁਣਾਇਆ ਤਾਂ ਉਹ ਇਹਨਾਂ ਦੀ ਰਚਨਾਂ ਸ਼ੈਲੀ ਤੋਂ ਏਨਾ ਪ੍ਰਭਵਿਤ ਹੋਏ ਕਿ ਉਨ੍ਹਾਂ ਨੇ ਵੀ ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਣ ਦਾ ਵਾਅਦਾ ਕੀਤਾ। ਇਸ ਘਟਨਾਂ ਤੋਂ ਭਾਈ ਸਾਹਿਬ ਦਾ ਪੰਜਾਬੀ ਮਾਂ ਬੋਲੀ ਪ੍ਰਤੀ ਹੇਜ ਦਾ ਪਤਾ ਚਲਦਾ ਹੈ। ਇਹ ਉਦਾਹਰਣ ਅੱਜ ਉਹਨਾਂ ਲੋਕਾਂ ਲਈ ਵੀ ਚੇਤਾਵਨੀ ਹੈ ਜਿਹੜੇ ਪੰਜਾਬੀ ਮਾਂ ਬੋਲੀ ਛਡਕੇ ਅੰਗਰੇਜੀ ਭਾਸ਼ਾ ਦਾ ਗੁਣਗਾਨ ਕਰਦੇ ਰਹਿੰਦੇ ਹਨ।

ਜਿਵੇਂ ਕਿ ਪਿੱਛੇ ਵੀ ਜ਼ਿਕਰ ਕੀਤਾ ਹੈ ਉਨ੍ਹਾਂ ਨੇ ਆਧੁਨਿਕ ਛੋਟੀ ਕਵਿਤਾ ਲਿਖਣ ਦਾ ਹੀ ਰਿਵਾਜ਼ ਨਹੀਂ ਪਾਇਆ ਸਗੋਂ ਪੰਜਾਬੀ ਸਾਹਿਤ ਵਿਚ ਵੱਖਰੇ ਕਿਸਮਾਂ ਦੇ ਰੂਪਾਂ ਦੀ ਸਿਰਜਨਾ ਵੀ ਕੀਤੀ। ਏਥੋਂ ਤਕ ਕਿ ਉਨ੍ਹਾਂ ਨੇ ਪੰਜਾਬੀ ਜ਼ੁਬਾਨ ਨੂੰ ਇਕ ਨਵੀਂ ਸ਼ੈਲੀ, ਇਕ ਨਵਾਂ ਮੁਹਾਵਰਾ ਅਤੇ ਆਪਣੇ ਸਮੇਂ ਦੇ ਹਾਣ ਦੀ ਚੇਤਨਾ ਪ੍ਰਦਾਨ ਕੀਤੀ। ਜਿਸ ਸਮੇਂ ਭਾਈ ਵੀਰ ਸਿੰਘ ਦੀ ਰਚਨਾਤਮਕ ਪ੍ਰਕ੍ਰਿਆ ਦਾ ਆਰੰਭ ਹੁੰਦਾ ਹੈ ਉਸ ਵੇਲੇ ਦੇ ਸਾਹਿਤਕਾਰ ਪੰਜਾਬੀ ਜ਼ੁਬਾਨ ਵੱਲੋਂ ਉਦਾਸੀਨ ਸਨ। ਪੰਜਾਬੀ ਲੇਖਕ ਬ੍ਰਜ ਭਾਸ਼ਾ ਦੇ ਮਾਧਿਅਮ ਦੁਆਰਾ ਆਪਣੇ ਭਾਵਾਂ/ ਵਿਚਾਰਾਂ ਦੀ ਤਰਜਮਾਨੀ ਕਰਦੇ ਸਨ। ਗੰਭੀਰ ਵਿਸ਼ਿਆਂ ਦੇ ਪ੍ਰਗਟਾਵੇ ਲਈ ਪੰਜਾਬੀ ਜ਼ੁਬਾਨ ਵਿਚ ਲਿਖਣ ਦੀ ਰੁਚੀ ਦਿਨ-ਬ-ਦਿਨ ਘੱਟ ਰਹੀ ਸੀ, ਪਰੰਤੂ ਭਾਈ ਸਾਹਿਬ ਭਾਈ ਵੀਰ ਸਿੰਘ ਨੇ ਨਾ ਕੇਵਲ ਪੰਜਾਬੀ ਜ਼ੁਬਾਨ ਨੂੰ ਸਾਹਿਤਕ ਭਾਵਨਾਵਾਂ ਦੇ ਪ੍ਰਗਟਾਵੇ ਲਈ ਮਾਧਿਅਮ ਦੇ ਤੌਰ 'ਤੇ ਅਪਣਾਇਆ ਬਲਕਿ ਇਸਨੂੰ ਦਾਰਸ਼ਨਿਕ ਵਿਸ਼ਿਆਂ ਦੇ ਮਾਧਿਅਮ ਵਜੋਂ ਅਪਣਾ ਕੇ ਆਪਣੇ ਸਮੇਂ ਦੇ ਸਾਹਿਤਕ ਵਹਾ ਨੂੰ ਮੂਲ ਅਤੇ ਸਭਿਆਚਾਰਕ ਵਿਰਸੇ ਨਾਲ ਜੋੜਨ ਦਾ ਇਨਕਲਾਬੀ ਕਾਰਜ ਵੀ ਕੀਤਾ।

ਭਾਈ ਵੀਰ ਸਿੰਘ ਨੇ ਨਿੱਕੀ ਕਵਿਤਾ ਲਿਖਣ ਦੀ ਪ੍ਰਥਾ ਕਾਇਮ ਕੀਤੀ ਜਿਸ ਤਹਿਤ ਸਭ ਤੋਂ ਪਹਿਲਾਂ ਨਿੱਕੀਆਂ ਕਵਿਤਾਵਾਂ ਦਾ ਸੰਗ੍ਰਹਿ 'ਨਿਨਾਣ ਭਰਜਾਈ' 1900 'ਤੇ 'ਰਾਣਾ ਸੂਰਤ ਸਿੰਘ' 1920 ਵਿਚ ਲਿਖਿਆ ਪੰਜਾਬੀ ਦਾ ਪਹਿਲਾ ਮਹਾਂਕਾਵਿ ਸੀ। 'ਦਿਲਤਰੰਗ' 1920 ਵਿਚ ਪ੍ਰਕਾਸ਼ਤ ਹੋਇਆ। "ਤਰੇਲ ਤੁਪਕੇ" 1921 ਵਿਚ ਛਪਿਆ ਤੇ ਇਸ ਕਾਵਿ ਰੂਪ ਨੂੰ ਉਹ "ਤੁਰਿਆਰੀ" ਨਾਮ ਦਿੰਦੇ ਹਨ। 1921 ਵਿਚ ਛਪੇ "ਲਹਿਰਾਂ ਦੇ ਹਾਰ" ਨੇ ਨਿੱਕੀ ਕਵਿਤਾ ਵਿਚ ਵਿਕਾਸ ਦੀ

* ਪ੍ਰਿੰਸੀਪਲ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ।

ਸੰਭਾਵਨਾਵਾਂ ਪੈਦਾ ਕਰ ਦਿੱਤੀਆਂ। "ਮਟਕ ਹੁਲਾਰੇ" 1922 ਵਿਚ ਹੋਂਦ 'ਚ ਅਇਆ ਜਿਸ ਵਿਚ ਕਸ਼ਮੀਰ ਦੀ ਖ਼ੂਬਸੂਰਤੀ ਬਿਆਨ ਕਰਨ ਵਾਲੀਆਂ ਕਵਿਤਾਵਾਂ ਸਨ। "ਬਿਜਲੀਆਂ ਦੇ ਹਾਰ" ਜਿਸ 'ਚ ਅਟਕ, 'ਕੁਤਬ ਦੀ ਲਾਠ' ਵਰਗੀਆਂ ਸੁੰਦਰ ਕਵਿਤਾਵਾਂ ਸਨ। "ਬਿਜਲੀਆਂ ਦੇ ਹਾਰ" ਜਿਸ 'ਚ ਅਟਕ, 'ਕੁਤਬ ਦੀ ਲਾਠ' ਵਰਗੀਆਂ ਸੁੰਦਰ ਕਵਿਤਾਵਾਂ ਹਨ। "ਪ੍ਰੀਤ ਵੀਣਾ" ਲੰਬੀ ਕਵਿਤਾ ਹੈ ਜੋ ਕਿ ਗੁਲਮਰਗ ਵਿਖੇ ਲਿਖੀ ਲਿਖਿਆ ਕਾਵਿ ਸੰਗ੍ਰਹਿ ਹੈ। "ਮੇਰੇ ਸਾਈਆ ਜੀਓ" 1953 ਵਿਖ ਛਪੀ ਜਿਸ 'ਚ 72 ਕਵਿਤਾਵਾਂ ਹਨ। ਇਸ ਪੁਸਤਕ ਲਈ ਉਨ੍ਹਾਂ ਨੂੰ ਪੰਜਾਬੀ ਸਾਹਿਤ ਅਕਾਦਮੀ ਦਾ ਸਨਮਾਨਯੋਗ ਇਨਾਮ ਵੀ ਮਿਲਿਆ।

"ਸ੍ਰੀ ਕਲਗੀਧਰ ਚਮਤਕਾਰ" ਸ੍ਰੀ ਗੁਰੂ ਨਾਨਕ ਚਮਤਕਾਰ "ਸ੍ਰੀ ਅਸ਼ਟ ਗੁਰੂ ਚਮਤਕਾਰ" ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਬਾਕੀ ਗੁਰੂ ਸਾਹਿਬਾਨ ਦੇ ਬਾਰੇ ਸਾਖੀਆਂ ਸੰਕਲਿਤ ਕਰਨ ਦੀ ਤਮੰਨਾ ਸੀ ਪਰ ਆਪ ਕੇਵਲ ਚੌਥੇ ਗੁਰੂ ਰਾਮਦਾਸ ਤੱਕ ਹੀ ਕੰਮ ਕਰ ਸਕੇ।

ਭਾਈ ਵੀਰ ਸਿੰਘ ਦੇ ਉਪਰੋਕਤ ਕਵਿਤਾ ਸੰਗ੍ਰਿਹਾਂ ਦੇ ਰੂਪ ਤਾਂ ਭਾਵੇਂ ਬਦਲ ਗਏ ਪਰ ਉਨ੍ਹਾਂ ਦਾ ਵਿਸ਼ਾ ਆਤਮ-ਪਰਮਾਤਮਾ ਦਾ ਸੰਯੋਗ ਵਿਯੋਗ ਹੀ ਰਿਹਾ। ਇਸ ਕਰਕੇ ਉਨ੍ਹਾਂ ਬਾਰੇ ਇਹ ਕਿਹਾ ਗਿਆ ਕਿ ਉਨ੍ਹਾਂ ਨੇ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਪਾਈ ਪਰ ਫਿਰ ਵੀ ਉਨ੍ਹਾਂ ਦੀ ਪੰਜਾਬੀ ਸਾਹਿਤ ਪ੍ਰਤੀ ਕੀਤੀ ਸੇਵਾ ਨੂੰ ਅੱਖੋਂ ਓਹਲੇ ਕਿਸੇ ਵੀ ਕੀਮਤ ਤੇ ਨਹੀਂ ਕੀਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਪ੍ਰਕ੍ਰਿਤੀ ਦੇ ਨਜ਼ਾਰਿਆਂ ਬਾਰੇ ਖ਼ੂਬਸੂਰਤ ਤੇ ਭਾਵਪੂਰਤ ਕਵਿਤਾਵਾਂ ਲਿਖੀਆਂ ਜੋ ਪੰਜਾਬੀ ਸਾਹਿਤ ਦਾ ਵਡਮੁਲਾ ਖ਼ਜ਼ਾਨਾ ਹਨ। ਪ੍ਰੋ. ਪੂਰਨ ਸਿੰਘ ਤੇ ਲਾਲਾ ਧਨੀ ਰਾਮ ਚਾਤ੍ਰਿਕ ਵੀ ਭਾਈ ਵੀਰ ਸਿੰਘ ਤੋਂ ਕਾਫੀ ਪ੍ਰਭਾਵਤ ਹੋਇਆ। ਲਾਲਾ ਧਨੀ ਰਾਮ ਚਾਤ੍ਰਿਕ ਨੂੰ ਵਜ਼ੀਰ ਹਿੰਦ ਪ੍ਰੈਸ ਰਾਹੀਂ ਭਾਈ ਵੀਰ ਸਿੰਘ ਦੀ ਨੇੜਤਾ ਪ੍ਰਾਪਤ ਹੋਈ। ਭਾਈ ਸਾਹਿਬ ਦੀ ਪ੍ਰੇਰਨਾ ਨਾਲ ਉਸ ਵਿਚਲਾ ਕਵੀ ਦਾ ਹਿਰਦਾ ਜਾਗ ਪਿਆ ਅਤੇ ਉਹ 'ਖ਼ਾਲਸਾ ਸਮਾਚਾਰ' ਵਿਚ 'ਹਰ ਧਨ' ਨਾਂ ਹੇਠ ਕਵਿਤਾਵਾਂ ਛਪਵਾਉਣ ਲੱਗ ਪਿਆ।

**ਭਾਈ ਵੀਰ ਸਿੰਘ ਦੀ ਰਚਨਾਕਾਰੀ ਦੇ ਸੰਦਰਭ** :

ਭਾਈ ਵੀਰ ਸਿੰਘ ਨੇ 1896 ਈ ਵਿਚ "ਪੰਜਾਬੀ ਫਾਰਸੀ ਲੁਗਾਤ" ਕੋਸ਼ ਤਿਆਰ ਕੀਤਾ ਜੋ ਕਿ ਉਸ ਸਮੇਂ ਦੀ ਜ਼ਰੂਰਤ ਸੀ ਤੇ ਭਾਈ ਸਾਹਿਬ ਦੀ ਵਿਦਵਤਾ ਦਾ ਸਬੂਤ ਸੀ।

ਪੰਜਾਬੀ ਨਾਵਲ ਦੇ ਮੋਢੀ ਹੋਣ ਦਾ ਮਾਣ ਵੀ ਭਾਈ ਵੀਰ ਸਿੰਘ ਨੂੰ ਪ੍ਰਾਪਤ ਹੈ। 1898 ਈ: ਵਿਚ "ਸੁੰਦਰੀ" 1899 ਵਿਚ "ਬਿਜੈ ਸਿੰਘ" ਤੇ 1900 ਵਿਚ "ਸਤਵੰਤ ਕੌਰ" ਤੇ 1921 "ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ" ਨਾਵਲ ਛਪੇ।

ਸੁੰਦਰੀ ਤੇ ਸਤਵੰਤ ਕੌਰ 18ਵੀਂ ਸਦੀ ਦੇ ਸਿੱਖਾਂ ਦੇ ਹਾਲਾਤ ਕੁਝ ਇਤਿਹਾਸਕ ਪੁਸਤਕਾਂ ਨੂੰ ਆਧਾਰ ਬਣਾਕੇ ਪੰਥ ਵਿਚ ਕੌਮੀ ਜੀਵਨ, ਜਥੇਬੰਦੀ, ਧਰਮ ਭਾਵ, ਬਾਣੀ ਤੇ ਨਾਮ ਅਤੇ ਸਤਿਗੁਰੂ ਦੇ ਚਰਨਾਂ ਦੇ ਪਿਆਰ ਦੀ ਲੋੜ ਪੈਦਾ ਕਰਨ ਲਈ ਲਿਖੇ ਗਏ। ਸਤਵੰਤ ਕੌਰ ਤੇ ਨੌਧ ਸਿੰਘ ਵਰਗੇ ਪਾਤਰਾਂ ਵਿਚ ਏਨੀ ਸ਼ਕਤੀ ਹੈ ਕਿ ਹੋਰ ਧਰਮਾਂ ਦੇ ਪ੍ਰਚਾਰਕਾਂ ਨੂੰ ਵੀ ਆਪਣੇ ਮਗਰ ਲਾਉਣ ਦੀ ਸ਼ਕਤੀ ਰੱਖਦੇ ਹਨ। ਇਸ ਤਰ੍ਹਾਂ ਇਹ ਨਾਵਲ ਵਿਸ਼ੇਸ਼ ਤੌਰ 'ਤੇ ਸਿੱਖ ਧਰਮ ਨੂੰ ਵਡਿਆਉਂਦੇ ਹਨ ਪਰ ਲੇਖਕ ਵਿਚ ਦੇਸ਼ ਪਿਆਰ ਦਾ ਜਜ਼ਬਾ ਵੀ ਹੈ ਜਦੋਂ ਉਹ ਸਤਵੰਤ ਕੌਰ ਵਿਚ ਲਿਖਦੇ ਹਨ।

"ਜੇ ਕਦੇ ਇਹ ਮਰਹੱਟੇ ਅਰ ਸਿਖ, ਇਕ ਜਾਨ ਹੋ ਜਾਂਦੇ ਹਨ ਤਾਂ ਹਿੰਦੋਸਤਾਨ ਇਕ ਵਾਰ ਹਿੰਦ ਹਿੰਦ ਹੋ ਆਜ਼ਾਦੀ ਪੰਘੂੜੀ ਝੂਟ ਲੈਂਦਾ"

ਸੁੰਦਰੀ ਦੀ ਭੂਮਿਕਾ ਵਿਚ ਉਹ ਲਿਖਦੇ ਹਨ, "ਵਿਕੋਲਿਤਰਿਆਂ ਰਹਿਣਾ ਸਾਡੇ ਦੇਸ਼ ਦੀ ਕਮਜ਼ੋਰੀ ਦਾ ਕਾਰਨ ਹੈ। ਸਾਡਾ ਆਪੋ ਵਿਚ ਪਾਟੇ ਰਹਿਣਾ ਇਕ ਮੰਦ ਕਰਮ ਹੈ। ਜਿਸਦੀ ਸਜਾ ਅਸੀਂ ਭੁਗਤ ਰਹੇ ਹਾਂ।

ਭਾਈ ਵੀਰ ਸਿੰਘ ਨੇ "ਰਾਜਾ ਲੱਖ ਦਾਤਾ ਸਿੰਘ" ਨਾਟਕ ਵੀ ਲਿਖਿਆ। ਇਹ ਬਾਬਾ ਬੁੱਧ ਸਿੰਘ ਦੇ ਨਾਟਕ 'ਚੰਦਰਹਰੀ' ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਅਇਆ। ਇਸ ਦੇ ਟਾਈਟਲ ਉਪਰ ਛਪੇ ਸ਼ਬਦ ਸਿੱਖੀ ਸੁਧਾਰ ਦਾ ਪਹਿਲਾ ਨਾਟਕ! ਸਿੱਖਾਂ ਦੀ ਪਰਿਵਰਤਤ ਦਸ਼ਾ ਤੇ ਦਰਸ਼ਨ ਅਤੇ ਰਾਜਾ ਲੱਖ ਦਾਤਾ ਸਿੰਘ ਰਾਹੀਂ ਉਨ੍ਹਾਂ ਦਾ ਸੁਧਾਰ। ਇਹ ਨਾਟਕ ਸਿੱਖਾਂ ਦੀ ਉਸ ਵੇਲੇ ਦੀ ਦਸ਼ਾ ਨੂੰ ਸੁਧਾਰਨ ਲਈ ਲਿਖਿਆ ਗਿਆ। "ਭਰਥਰੀ ਹਰੀ" ਵੀ ਨਾਟਕ ਸੀ ਜੋ 1916 ਵਿਚ ਵਿਚ ਛਪਿਆ। ਪੰਜਾਬ ਯੂਨੀਵਰਸਿਟੀ ਲਾਹੌਰ ਨੇ ਇਸ ਪ੍ਰਕਾਸ਼ਨ ਲਈ ਪੰਜ ਸੌ ਰੁਪਏ ਦਾ ਇਨਾਮ ਭਾਈ ਸਾਹਿਬ ਨੂੰ ਦਿੱਤਾ।

ਭਾਈ ਵੀਰ ਸਿੰਘ ਦੀ ਰਚਨਾ ਜਿਸ ਦਾ ਜ਼ਿਕਰ ਬਹੁਤ ਹੀ ਸੰਖੇਪ 'ਚ ਕੀਤਾ ਹੈ ਤੋਂ ਪਤਾ ਕਗਦਾ ਹੈ ਕਿ ਉਹ ਸਮਾਜ ਸੁਧਾਰ ਦੇ ਖੇਤਰ 'ਚ ਵਿਸ਼ੇਸ਼ ਕਰਕੇ ਸਿੱਖ ਕੌਮ ਨੂੰ ਇਕ ਆਦਰਸ਼ਕ ਕੌਮ ਵਜੋਂ ਦਰਸਾ ਕੇ ਇਕ ਅਨੋਖੀ ਤਬਦੀਲੀ ਲਿਆਉਣ ਦੇ ਚਾਹਵਾਨ ਸਨ। ਉਨ੍ਹਾਂ ਨੇ ਜਿਹੜੀਆਂ ਸਿੱਖ ਸੰਸਥਾਵਾਂ ਹੋਂਦ 'ਚ ਲਿਆਂਦੀਆਂ ਉਹ ਅੱਜ ਵੀ ਬੜੀ ਸਫ਼ਲਤਾ ਨਾਲ ਚੱਲ ਰਹੀਆਂ ਹਨ। ਇਹ ਉਹਨਾਂ ਦੀ ਸਿੱਖ ਕੌਮ ਦੇ ਨਾਲ ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ ਨੂੰ ਵੱਡਮੁੱਲੀ ਦੇਣ ਹੈ, ਜਿਹੜੀ ਕਿ ਰਹਿੰਦੀ ਦੁਨੀਆਂ ਤੱਕ ਕਾਇਮ ਰਹੇਗੀ। ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਵੀ ਸੁਹਿਰਦਤਾ ਨਾਲ ਉਹਨਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਕੇ ਆਪਣਾ ਸੂਬੇ, ਦੇਸ਼, ਸਮਾਜ ਤੇ ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਯੋਗਦਾਨ ਪਾਈਏ ਤਾਂ ਜੋ ਪੰਜਾਬੀ ਕੌਮ ਅੱਗੇ ਵੱਧ ਸਕੇ।

# ਭਾਈ ਵੀਰ ਸਿੰਘ ਨਿਵਾਸ ਸਥਾਨ : ਸ੍ਰੀ ਅੰਮ੍ਰਿਤਸਰ

*ਅਮਨਪ੍ਰੀਤ ਸਿੰਘ**

ਡਾਕਟਰ ਭਾਈ ਵੀਰ ਸਿੰਘ ਪੰਜਾਬੀ ਸਾਹਿਤ ਵਿੱਚ ਉਹ ਹਸਤੀ ਹੈ, ਜਿਸ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ, ਪੰਜਾਬ ਦੀ ਧਰਤੀ ਤੇ ਛੇਵਾਂ ਦਰਿਆ, ਰਿਸ਼ੀ, ਸੰਤ ਕਵੀ, ਰਹੱਸਵਾਦੀ, ਕੁਦਰਤ ਦਾ ਕਵੀ, ਸ਼੍ਰੋਮਣੀ ਸਿੱਖ ਸਾਹਿਤਕਾਰ, ਆਧੁਨਿਕ ਯੁਗ ਦਾ ਭਾਈ ਗੁਰਦਾਸ ਅਤੇ ਸਿੱਖਾਂ ਦਾ ਟੈਗੋਰ ਆਦਿ ਵਿਸ਼ੇਸ਼ ਸਨਮਾਨਾਂ ਨਾਲ ਜਾਣਿਆ ਜਾਂਦਾ ਹੈ।

ਡਾ. ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ. ਨੂੰ ਡਾ. ਚਰਨ ਸਿੰਘ ਅਤੇ ਮਾਤਾ ਉੱਤਮ ਕੌਰ ਦੇ ਘਰ, ਕਟੜਾ ਗਰਬਾ ਸਿੰਘ ਵਾਲੇ ਮਕਾਨ, ਅੰਮ੍ਰਿਤਸਰ ਵਿਖੇ ਹੋਇਆ ਸੀ। ਭਾਈ ਵੀਰ ਸਿੰਘ ਦੀਵਾਨ ਕੌੜਾ ਮੱਲ ਦੀ ਕੁਲ ਵਿੱਚੋਂ ਸਨ। ਦੀਵਾਨ ਕੌੜਾ ਮੱਲ ਨੇ 18ਵੀਂ ਸਦੀਂ ਦੇ ਅੱਧ ਵਿਚਲੇ ਜਕਰੀਆ ਖਾਨ, ਯਾਹੀਆ ਖਾਨ ਅਤੇ ਮੀਰ ਮਨੂੰ ਦੇ ਘੋਰ ਅੱਤਿਆਚਾਰੀ ਰਾਜ ਅਤੇ ਔਖੇ ਸਮੇਂ ਵਿੱਚ ਸਿੱਖਾਂ ਦੀ ਮਦਦ ਕੀਤੀ ਸੀ। ਇਸ ਨੂੰ ਸਿੱਖ ਪੰਥ ਵਿੱਚ ਸਹਿਜਧਾਰੀ ਸਿੱਖ ਅਤੇ 'ਮਿੱਠਾ ਮੱਲ' ਦਾ ਖਿਤਾਬ ਦਿੱਤਾ ਗਿਆ ਸੀ। ਇਸੇ ਵੰਸ਼ ਵਿੱਚੋਂ ਬਾਬਾ ਕਾਹਨ ਸਿੰਘ ਹਕੀਮ ਵਰਗੇ ਵਿਦਵਾਨ ਪੈਦਾ ਹੋਏ, ਜੋ ਕਿ ਭਾਈ ਵੀਰ ਸਿੰਘ ਦੇ ਦਾਦਾ ਜੀ ਸਨ। ਡਾ. ਚਰਨ ਸਿੰਘ ਵੀ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਸਨ। ਭਾਈ ਸਾਹਿਬ ਦੇ ਨਾਨਾ ਪੰਡਤ ਹਜਾਰਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਗਈ ਗੁਰਬਾਨੀ ਵਿਆਖਿਆ ਦੀ ਸੰਪ੍ਰਦਾਇਕ ਪ੍ਰਣਾਲੀ ਦੇ ਹੋਣਹਾਰ ਵਿਆਖਿਆਕਾਰ ਹੋਏ ਹਨ। ਆਪ ਦੇ ਘਰ ਵਿੱਚ ਬਹਿੰਗਮ ਸਾਧੂ, ਸੰਤਾਂ ਦਾ ਬਹੁਤ ਆਉਣਾ-ਜਾਣਾ ਸੀ; ਇਸ ਤਰ੍ਹਾਂ ਘਰ ਵਿਚਲੀ ਸਿੱਖੀ ਰੰਗਤ ਅਤੇ ਰਹਿਣੀ-ਬਹਿਣੀ ਦਾ ਪ੍ਰਭਾਵ ਭਾਈ ਵੀਰ ਸਿੰਘ ਦੇ ਜੀਵਨ ਤੇ ਪੈਣਾ ਸੁਭਾਵਿਕ ਸੀ।

ਉਸ ਸਮੇਂ ਸਿੱਖਾਂ ਦੀ ਸਮਕਾਲੀ ਦਸ਼ਾ ਅਧੋਗਤੀ ਵਾਲੀ ਸੀ। ਸਿੱਖ, ਈਸਾਈਅਤ ਅਤੇ ਹਿੰਦੂ ਧਰਮ ਵਿੱਚ ਡਾਵਾਂਡੋਲ ਹੋ ਰਹੇ ਸਨ। ਸਿੱਖ ਸਾਹਿਤ ਦਾ ਪ੍ਰਭਾਵ ਨਾ-ਮਾਤਰ ਹੀ ਸੀ। ਸਿੱਖ ਸਾਹਿਤ ਬ੍ਰਿਜ਼ ਅਤੇ ਸੰਸਕ੍ਰਿਤ ਦੇ ਪ੍ਰਭਾਵ ਹੇਠ ਬ੍ਰਾਹਮਣਵਾਦ ਦੀ ਸੁਰ ਅਲਾਪ ਰਿਹਾ ਸੀ। ਇਸੇ ਕਰਕੇ ਸਿੱਖ ਸਾਹਿਤ ਅਤੇ ਸਿੱਖ ਧਰਮ ਨੂੰ ਬਚਾਅ ਕੇ ਪ੍ਰਫੁਲਿਤ ਕਰਨ ਦੇ ਉਦੇਸ਼ ਨਾਲ 1873 ਈ. ਵਿੱਚ ਸਿੰਘ ਸਭਾ ਲਹਿਰ ਦਾ ਦੌਰ ਚੱਲਿਆ। ਇਸ ਦਾ ਪ੍ਰਭਾਵ ਭਾਈ ਵੀਰ ਸਿੰਘ ਤੇ ਪਿਆ। ਉਹਨਾਂ ਨੇ ਜ਼ਿੰਦਗੀ ਭਰ ਗੁਰੂਆਂ ਦੀ ਛੁਹ ਪ੍ਰਾਪਤ ਪੰਜਾਬੀ ਜੁਬਾਨ ਵਿੱਚ ਕਲਮਵਾਹੀ ਕੀਤੀ ਅਤੇ ਪੰਜਾਬੀ ਦੀ ਸੁੱਤੀ ਅਲਖ ਨੂੰ ਜਗਾ ਕੇ ਤਖ਼ਤ ਦੀ ਰਾਣੀ ਬਣਾ ਦਿੱਤਾ। ਆਪ ਨੇ ਪੱਛਮੀ ਸਾਹਿਤ ਰੂਪਾਂ ਨੂੰ ਪੰਜਾਬੀ ਵਿੱਚ ਵਰਤਣ ਦੀ ਪਹਿਲ ਕੀਤੀ। ਆਪ ਦੇ ਸਾਰੇ ਸਾਹਿਤ ਰੂਪ ਸਿੱਖ ਸਿਧਾਂਤਾਂ ਅਤੇ ਵਿਚਾਰਾਂ ਦੀ ਰਹਿਨੁਮਾਈ ਕਰਦੇ ਹਨ।

ਇਸ ਪਰਚੇ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਪਹਿਲਾ ਭਾਈ ਸਾਹਿਬ ਦੇ ਜੀਵਨ ਅਤੇ ਲਾਰੰਸ ਰੋਡ ਤੱਕ ਦੀ ਕੋਠੀ ਦੀ ਬਣਤਰ ਅਤੇ ਕਮਰਿਆਂ ਦਾ ਜ਼ਿਕਰ ਪੇਸ਼ ਹੈ। ਦੂਸਰੇ ਭਾਗ ਵਿੱਚ ਭਾਈ ਸਾਹਿਬ ਦੀ ਬਾਗ਼ਵਾਨੀ ਅਤੇ ਕੁਦਰਤ ਪਿਆਰ ਨੂੰ ਚਿਤਰਿਆ ਗਿਆ ਹੈ। ਇਸ ਪਰਚੇ ਦਾ ਮੁੱਖ ਮਨੋਰਥ ਭਾਈ ਵੀਰ ਸਿੰਘ ਦੇ ਨਿਵਾਸ ਸਥਾਨ, ਸ੍ਰੀ ਅੰਮ੍ਰਿਤਸਰ ਨੂੰ ਕਲਮਬੱਧ ਕਰ ਕੇ ਜਾਣਕਾਰੀ ਪ੍ਰਦਾਨ ਕਰਨਾ ਹੈ। ਭਾਈ ਵੀਰ ਸਿੰਘ ਬਚਪਨ ਵਿੱਚ ਹਾਲ ਬਾਜਾਰ ਵਾਲੇ ਘਰ ਆਪਣੇ ਨਾਨਾ ਪੰਡਤ ਹਜਾਰਾ ਸਿੰਘ ਪਾਸ ਰਿਹਾ ਕਰਦੇ ਸਨ। ਬਾਅਦ ਵਿੱਚ ਇਹ ਘਰ ਆਪਣੇ ਛੋਟੇ ਭਰਾ ਜੈਰਾਜ ਸਿੰਘ ਦੇ ਪਰਿਵਾਰ ਨੂੰ ਸਪੁਰਦ ਕਰ ਦਿੱਤਾ ਸੀ। ਹਾਲ ਬਾਜਾਰ ਵਿੱਚ ਇਕ ਹੋਰ ਘਰ ਸੀ ਜਿੱਥੇ ਵਜ਼ੀਰ ਹਿੰਦ ਪ੍ਰੈਸ ਲਗਾਈ; ਹੇਠ ਦਫ਼ਤਰ ਅਤੇ ਉੱਪਰ ਰਿਹਾਇਸ਼ ਹੁੰਦੀ ਸੀ। ਪਰ ਸਮੇਂ ਦੇ ਬੀਤਣ ਨਾਲ ਵਜ਼ੀਰ ਹਿੰਦ ਪ੍ਰੈਸ ਵਾਲਾ ਘਰ ਵੇਚ ਦਿੱਤਾ ਗਿਆ ਜਦਕਿ ਜੈਰਾਜ ਸਿੰਘ ਵਾਲਾ ਘਰ ਉਹਨਾਂ ਦੇ ਵੰਸ ਕੋਲ ਹੀ ਹੈ। ਇਸ ਪਰਚੇ ਵਿਚਲੀ ਸੂਚਨਾ ਅਜੋਕੇ ਸਮੇਂ ਦੇ ਭਾਈ ਵੀਰ ਸਿੰਘ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬ੍ਰੇਰੀ, ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਬੰਧਕ, ਇੰਚਾਰਜ ਮੈਡਮ ਰਵਨੀਤ ਕੌਰ ਜੀ ਤੇ ਹੋਰ ਜਗਿਆਸੂਆਂ ਪਾਸੋਂ ਸੁਣ ਕੇ ਲਿਖਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਭਾਈ ਸਾਹਿਬ ਦੇ ਨਜ਼ਦੀਕੀ ਮਹਾਂ ਸਿੰਘ ਗਿਆਨੀ ਦੀ ਪੁਸਤਕ 'ਗੁਰਮੁਖ ਜੀਵਨ' ਨੂੰ ਇਸ ਪਰਚੇ ਦਾ ਆਧਾਰ ਬਣਾਇਆ ਹੈ ਕਿਉਂਕਿ ਮਿਲੇ ਸ੍ਰੋਤਿਆਂ ਅਨੁਸਾਰ ਭਾਈ ਵੀਰ ਸਿੰਘ ਨੂੰ ਸਭ ਤੋਂ ਵੱਧ ਨੇੜੇ ਹੋ ਕੇ ਜਾਨਣ ਵਾਲਾ ਸ੍ਰੋਤ ਮਹਾਂ ਸਿੰਘ ਗਿਆਨੀ ਹੀ ਹੈ।

ਭਾਈ ਵੀਰ ਸਿੰਘ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬ੍ਰੇਰੀ, ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਉਹ ਸਥਾਨ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਆਪਣੀ ਰਿਹਾਇਸ਼ ਦੇ ਤੌਰ 'ਤੇ ਹੰਢਾਇਆ ਸੀ। ਇਸ ਕੋਠੀ ਵਿੱਚ ਭਾਈ ਵੀਰ ਸਿੰਘ ਦੀ ਰੂਹ ਅੱਜ ਵੀ ਉਹਨਾਂ ਦੇ ਗੁਰਮੁਖ ਜੀਵਨ ਅਤੇ ਲਗਨ ਦੀ ਗਵਾਹੀ ਦਿੰਦੀ ਹੈ। ਡਾ. ਗੁਰਚਰਨ ਸਿੰਘ ਮਹਿਤਾ ਨੇ ਆਪਣੀ ਪੁਸਤਕ 'ਨਾਵਲਕਾਰ ਭਾਈ ਵੀਰ ਸਿੰਘ' ਅਤੇ ਮਹਾਂ ਸਿੰਘ ਗਿਆਨੀ ਨੇ 'ਗੁਰਮੁਖ ਜੀਵਨ' ਵਿੱਚ ਦੱਸਿਆ ਹੈ ਕਿ 1930 ਈ. ਨੂੰ ਭਾਈ ਸਾਹਿਬ ਨੇ

* ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਇਸ ਸਥਾਨ ਤੇ ਪੱਕਾ ਟਿਕਾਣਾ ਕੀਤਾ। ਇਹ ਵੀ ਅਨੁਮਾਨ ਹੈ ਕਿ ਭਾਈ ਵੀਰ ਸਿੰਘ ਨੇ ਇੱਥੇ 30 ਤੋਂ 35 ਸਾਲ ਦਾ ਸਮਾਂ ਬਸਰ ਕੀਤਾ। ਉਹ ਸਿਰਫ ਤਿੰਨ ਸਾਲ (1947 ਦੀ ਵੰਡ ਕਾਰਨ) ਦੇਹਰਾਦੂਨ ਵਿਖੇ ਰਹੇ ਸਨ ਤੇ ਵਾਪਿਸ ਫਿਰ ਇਥੇ ਹੀ ਆ ਟਿਕੇ।

ਭਾਈ ਵੀਰ ਸਿੰਘ ਦਾ ਇਹ ਨਿਵਾਸ ਸਥਾਨ ਚਾਰ ਕਿੱਲੇ ਦੀ ਜ਼ਮੀਨ ਵਿੱਚ ਦਮਕ ਰਿਹਾ ਹੈ। ਇਸ ਘਰ ਦੇ ਬਣਨ ਦੀ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ। ਪਰ ਮਹਾਂ ਸਿੰਘ ਗਿਆਨੀ ਇਸ ਤੇ ਚਾਨਣਾ ਪਾਉਂਦੇ ਹਨ ਕਿ ਭਾਈ ਵੀਰ ਸਿੰਘ ਦੇ ਮੈਟ੍ਰਿਕ ਜਮਾਤ ਵਾਲੇ ਚਰਚ ਮਿਸ਼ਨ ਸਕੂਲ, ਅੰਮ੍ਰਿਤਸਰ ਦੇ ਪ੍ਰਿੰਸੀਪਲ ਰੈਵਰੈਂਡ ਨਾਰਮਨ ਦਾ ਨਿਵਾਸ ਸਥਾਨ ਸੀ, ਜੋ ਪਾਦਰੀ ਵੀ ਸਨ। ਮਹਾਂ ਸਿੰਘ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਹੈ:

"ਪ੍ਰਿੰਸੀਪਲ ਸਾਹਿਬ (ਰੈਵਰੈਂਡ ਨਾਰਮਨ) ਦੀ ਕੋਠੀ ਰਾਮਬਾਗ ਲੰਘ ਕੇ ਸੰਸਾ ਹੈ ਕਿ ਏਹੀ ਹੋਵੇਗੀ ਜੋ ਮਗਰੋਂ ਭਾਈ ਸਾਹਿਬ ਦਾ ਨਿਵਾਸ ਸਥਾਨ ਬਣੀ। ਸੁਣਿਆ ਸੀ ਕਿ ਇਹ ਕੋਠੀ ਪਾਦਰੀਆਂ ਲਈ ਬਣੀ ਸੀ, ਤੇ ਸਕੂਲ ਦੇ ਪ੍ਰਿੰਸੀਪਲ ਪਾਦਰੀ ਹੀ ਹੁੰਦੇ ਹਨ। ਏਸ ਇਲਾਕੇ ਵਿਚ ਸਭ ਤੋਂ ਪੁਰਾਣੀ ਕੋਠੀ ਏਹੀ ਹੈ।"

ਸੋ, ਭਾਈ ਸਾਹਿਬ ਦਾ ਬਚਪਨ ਤੋਂ ਹੀ ਪ੍ਰਤਿਭਾਸ਼ਾਲੀ ਹੋਣ ਕਾਰਨ ਉਹਨਾਂ ਦਾ ਪਾਦਰੀ ਨਾਲ ਗੂੜ੍ਹਾ ਸੰਬੰਧ ਸੀ। ਉਹ ਭਾਈ ਸਾਹਿਬ ਤੇ ਬਚਪਨ ਤੋਂ ਹੀ ਨਿਗਾਹ ਰੱਖਦਾ ਸੀ ਤੇ ਉਸ ਨੇ ਆਪਣੀ ਕੋਠੀ ਵੀ ਭਾਈ ਸਾਹਿਬ ਨੂੰ ਦਿੱਤੀ। ਇਸ ਕੋਠੀ ਦੀਆਂ ਸ਼ਾਨਦਾਰ ਅਤੇ ਵਿਲੱਖਣ ਵਿਸ਼ੇਸ਼ਤਾਈਆਂ ਹਨ। ਉਸ ਸਮੇਂ ਭਾਈ ਸਾਹਿਬ ਨੇ ਇਸ ਕੋਠੀ ਨੂੰ 20,000/- ਰੁਪਏ ਵਿੱਚ ਖਰੀਦਿਆ ਸੀ। ਇਸ ਕੋਠੀ ਦੇ ਚਾਰੇ ਪਾਸਿਓਂ ਸੜਕ ਲਗਦੀ ਹੈ। ਪਰ ਭਾਈ ਜੀ ਦੇ ਚਲਾਣੇ ਮਗਰੋਂ ਭਰਾ ਡਾ. ਬਲਬੀਰ ਸਿੰਘ ਨੇ ਇਸ ਕੋਠੀ ਦਾ ਅਗਲਾ ਕੁਝ ਹਿੱਸਾ ਵੇਚ ਦਿੱਤਾ ਸੀ ਕਿਉਂਕਿ ਵੱਡੀ ਇਮਾਰਤ ਦਾ ਟੈਕਸ ਵੀ ਜਿਆਦਾ ਭਰਨਾ ਪੈਂਦਾ ਸੀ। ਇਸ ਕੋਠੀ ਵਿੱਚ 10 ਤੋਂ 12 ਕਮਰੇ (ਰਸੋਈ ਬਗੈਰਾ ਮਿਲਾ ਕੇ) ਹਨ। ਕੋਠੀ ਦੇ ਪਿਛਲੇ ਪਾਸੇ ਭਾਈ ਸਾਹਿਬ ਦਾ ਤਪ ਅਸਥਾਨ ਹੈ ਜਿੱਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਹ ਗੁਰਦੁਆਰਾ ਹੇਮ ਕੁੰਟ ਸਾਹਿਬ ਦੇ ਮਾਡਲ ਰੂਪ ਵਿੱਚ 1010 ਦਾ ਬਣਿਆ ਹੋਇਆ ਹੈ। ਭਾਈ ਸਾਹਿਬ ਨੇ ਇੱਥੋਂ ਹੀ 1936 ਈ. ਵਿੱਚ ਗੁਰਦੁਆਰਾ ਹੇਮ ਕੁੰਟ ਸਾਹਿਬ ਦੀ ਮੁਰੰਮਤ ਲਈ ਪਹਿਲਾ ਜੱਥਾ ਭੇਜਿਆ ਸੀ। ਇਸ ਕੋਠੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਚਾਰ ਕਿੱਲਿਆਂ ਵਿੱਚ ਬਿਲਕੁਲ ਵਿਚਕਾਰ ਸਥਿਤ ਹੈ। ਚਾਰੇ ਪਾਸੇ ਲਗਦੀ ਸੜਕ ਦੀ ਆਵਾਜਾਈ ਦੀ ਆਵਾਜ਼ ਇਸ ਕੋਠੀ ਦੇ ਕਮਰਿਆਂ ਤੱਕ ਨਹੀਂ ਪੁਜਦੀ। ਇਸ ਤਰ੍ਹਾਂ ਚਹਿਲ-ਪਹਿਲ ਵਾਲੇ ਇਲਾਕੇ ਵਿੱਚ ਇਕਾਂਤ ਮਾਹੌਲ ਬਣਾ ਕੇ ਭਾਈ ਸਾਹਿਬ ਦਾ ਅਧਿਆਤਮਿਕ ਨਾਲ ਜੁੜਨਾ ਸੁਭਾਵਿਕ ਸੀ। ਉਹ ਸ਼ੋਰ-ਸ਼ਰਾਬੇ ਤੋਂ ਮੁਕਤ ਹੋ ਕੇ ਆਪਣਾ ਸਾਹਿਤਕ ਕਾਰਜ ਕਰਦੇ ਰਹੇ। ਇੱਥੇ ਭਾਈ ਸਾਹਿਬ ਦਾ ਡਰਾਇੰਗ ਰੂਮ, ਡਾਇਨਿੰਗ ਰੂਮ, ਡਾ. ਬਲਬੀਰ ਸਿੰਘ ਜੀ ਦਾ ਕਮਰਾ, ਇਨ੍ਹਾਂ ਦੇ ਵਡੇਰੇ, ਸੁਪਤਨੀ ਅਤੇ ਭਾਬੀ ਜੀ ਦਾ ਕਮਰਾ, ਭਾਈ ਸਾਹਿਬ ਦਾ ਮੁੱਖ ਦਫ਼ਤਰ, ਉਹਨਾਂ ਦਾ ਆਰਾਮ ਕਮਰਾ ਆਦਿ ਵਿਸ਼ੇਸ਼ ਖਿੱਚ ਰੱਖਦੇ ਹਨ। ਉਹਨਾਂ ਨੇ ਵੱਖ-ਵੱਖ ਕਮਰਿਆਂ ਵਿੱਚ ਆਰਾਮ ਕੁਰਸੀ ਤੇ ਪੜ੍ਹਨ ਦਾ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਕਿਹਾ ਜਾਂਦਾ ਹੈ ਕਿ ਜਿਥੇ ਕਿਤੇ ਭਾਈ ਸਾਹਿਬ ਦਾ ਦਿਲ ਕਰਦਾ; ਉਧਰ ਕੁਰਸੀ ਤੇ ਬੈਠ ਕੇ ਕਲਮਵਾਹੀ ਕਰਨ ਲੱਗ ਜਾਂਦੇ। ਹੁਣ ਇਹ ਸਭ ਮਿਯੂਜ਼ੀਅਮ ਵਜੋਂ ਸੁਸ਼ੋਭਿਤ ਹੈ। ਹੁਣ ਸਾਰੇ ਕਮਰੇ ਉਸੇ ਤਰ੍ਹਾਂ ਹੀ ਹਨ; ਪਰ ਇਕ ਕਮਰਾ ਹੁਣ ਉਥੋਂ ਦੇ ਇੰਚਾਰਜ ਦੁਆਰਾ ਸੇਵਾ ਸੰਭਾਲ ਲਈ ਵਰਤੋਂ ਵਿੱਚ ਆ ਰਿਹਾ ਹੈ, ਬਾਹਰ ਛੋਟਾ ਜਿਹਾ ਦਫ਼ਤਰ ਹੈ, ਨਾਲ ਦੋ ਕਮਰਿਆਂ ਵਿੱਚ ਭਾਈ ਸਾਹਿਬ ਦੀਆਂ ਪੁਸਤਕਾਂ ਰੱਖੀਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ 1947 ਦੀ ਵੰਡ ਦੇ ਫਿਰਕੂ-ਫ਼ਸਾਦ ਸਮੇਂ ਫਿਰਕੂਵਾਦੀਆਂ ਨੇ ਇਸ ਕੋਠੀ ਵਿੱਚ ਵੀ ਕਾਫੀ ਲੁਟ-ਮਾਰ ਕੀਤੀ। ਇੱਥੋਂ ਬਹੁਤ ਸਾਰਾ ਕੀਮਤੀ ਫਰਨੀਚਰ ਅਤੇ ਵਸਤੂਆਂ ਚੁੱਕ ਕੇ ਲੈ ਗਏ। ਕੁਝ ਸਾੜ ਕੇ ਅਗਨ ਭੇਟ ਕਰ ਗਏ। ਇਸੇ ਘਟਨਾ ਨਾਲ ਇਹ ਵੀ ਪਤਾ ਚਲਦਾ ਹੈ ਕਿ ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ ਵਿਖੇ ਤਿੰਨ ਵਾਰ ਅੱਗ ਲੱਗੀ ਅਤੇ ਭਾਈ ਸਾਹਿਬ ਦਾ ਬਹੁਤ ਸਾਰਾ ਸਾਹਿਤ ਸੜ ਕੇ ਸੁਆਹ ਹੋ ਗਿਆ। ਇਸ ਤੋਂ ਇਲਾਵਾ ਭਾਈ ਸਾਹਿਬ ਜਿੰਨਾ ਹੋ ਸਕੇ ਆਪਣਾ ਅਸਲੀ ਸਾਹਿਤ ਆਪਣੇ ਨਾਲ ਦੇਹਰਾਦੂਨ ਲੈ ਗਏ ਸਨ, ਜੋ ਅੱਜ ਵੀ ਉੱਥੇ ਪਿਆ ਮੰਨਿਆ ਜਾਂਦਾ ਹੈ। ਪਰ ਫਿਰ ਵੀ ਇਸ ਮਿਯੂਜ਼ੀਅਮ ਵਿੱਚ ਭਾਈ ਸਾਹਿਬ ਦੇ ਚਾਹਵਾਨਾਂ ਤੋਂ ਪ੍ਰਾਪਤ ਤੋਹਫੇ, ਉਹਨਾਂ ਦੁਆਰਾ ਵਰਤੇ ਬਰਤਨ, ਹੋਮੋਪੈਥਿਕ ਦਵਾਈਆਂ, ਫਰਨੀਚਰ, ਪੁਸਤਕਾਂ, ਉਹਨਾਂ ਦੀਆਂ ਪ੍ਰਾਪਤੀਆਂ ਤੇ ਮਿਲੇ ਸਨਮਾਨ ਪੱਤਰ, ਸਰਟੀਫਿਕੇਟ, ਉਹਨਾਂ ਦੀਆਂ ਕ੍ਰਿਤਾਂ ਵਿਚਲੇ ਪ੍ਰਸੰਗਾਂ ਦੀ ਚਿੱਤਰਕਾਰੀ ਅਤੇ ਪੁਸਤਕਾਂ ਦੀ ਸੰਭਾਲ ਕੀਤੀ ਗਈ ਹੈ। ਇਹ ਆਉਣ ਵਾਲੇ ਦਰਸ਼ਕਾਂ, ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਪ੍ਰਤੱਖ ਸਬੂਤ ਦੇ ਕੇ ਉਹਨਾਂ ਨੂੰ ਭਾਈ ਵੀਰ ਸਿੰਘ ਦਾ ਜੀਵਨ ਸਮਝਣ ਯੋਗ ਬਣਾਉਂਦੀ ਹੈ। ਭਾਈ ਸਾਹਿਬ ਦੀਆਂ ਵਰਤੀਆਂ ਸੁਗੰਧੀ ਵਸਤਾਂ (ਸੈਂਟ) ਆਦਿ ਦੇਖਣ ਤੋਂ ਪਤਾ ਚਲਦਾ ਹੈ ਕਿ ਆਪ ਇਨ੍ਹਾਂ ਵਸਤਾਂ ਦੇ ਸ਼ੌਕੀਨ ਸਨ। ਭਾਈ ਸਾਹਿਬ ਨੇ ਆਪਣਾ ਪਰਮਾਰਥ ਅਤੇ ਗ੍ਰਿਹਸਥ ਜੀਵਨ ਪੂਰਨ ਰੂਪ ਹੰਢਾਇਆ ਹੈ। ਉਸ ਸਮੇਂ ਦੀ ਹਰ ਆਰਾਮਦਾਇਕ ਸ਼ੈਅ ਆਪ ਪਾਸ ਸੀ। ਉਹਨਾਂ ਦੇ ਘਰ ਵਿੱਚ ਨੌਕਰ-ਚਾਕਰ ਬਹੁਤ ਹੁੰਦੇ ਸਨ। ਉਹ ਆਪਣੇ ਪ੍ਰੇਮੀਆਂ ਨਾਲ ਬਹੁਤ ਲਗ਼ਾਅ ਰੱਖਦੇ ਸਨ। ਆਪ ਉਹਨਾਂ ਤੋਂ ਪ੍ਰਾਪਤ ਹੋਏ ਤੋਹਫਿਆਂ ਦੀ ਪੂਰੀ ਸਾਂਭ-ਸੰਭਾਲ ਕਰਦੇ ਸਨ। ਤੋਹਫਿਆਂ ਵਿੱਚੋਂ ਉਸ ਸਮੇਂ ਦਾ ਓਵਨ, ਗੰਨੇ ਦਾ ਰਸ ਕੱਢਣ ਵਾਲੀ ਮਸ਼ੀਨ, ਅੰਗੀਠੀ, ਆਦਿ ਬਹੁਤ ਸਾਰੇ ਤੋਹਫੇ ਅੱਜ ਵੀ ਬੜੇ ਪਿਆਰ ਨਾਲ ਸੰਭਾਲੇ ਪਏ ਹਨ। ਭਾਈ ਸਾਹਿਬ ਦਾ

ਸੰਭਾਲਿਆ ਇਕ ਤੋਹਫਾ ਜੋ ਇਸ ਕੋਠੀ ਦੇ ਬਾਹਰ ਤੇ ਬਗ਼ੀਚੇ ਦੇ ਅੰਦਰ ਪਈ ਗੌਤਮ ਬੁੱਧ ਦੀ ਮੂਰਤੀ ਹੈ; ਆਪ ਦੀ ਸੰਭਾਲ ਬ੍ਰਿਤੀ ਤੇ ਪਿਆਰ ਨੂੰ ਪੇਸ਼ ਕਰਦੀ ਹੈ। ਭਾਈ ਸਾਹਿਬ ਨੇ ਆਪ ਇਸ ਨੂੰ ਡਿਜ਼ਾਇਨ ਕਰ ਕੇ ਬਾਹਰ ਇੱਟਾਂ ਵਿੱਚ ਬੜੇ ਸੁੰਦਰ ਢੰਗ ਨਾਲ ਸੰਭਾਲਿਆ ਹੋਇਆ ਹੈ।

ਇਹ ਵੀ ਜਾਣਕਾਰੀ ਮਿਲਦੀ ਹੈ ਕਿ ਜੇਕਰ ਆਪ ਦੇ ਖ਼ਾਨਦਾਨ ਜਾਂ ਰਿਸ਼ਤੇਦਾਰਾਂ ਵਿੱਚ ਜੇਕਰ ਕੋਈ ਔਰਤ ਵਿਧਵਾ ਹੋ ਜਾਂਦੀ ਤਾਂ ਉਹ ਵੀ ਇਸੇ ਘਰ ਵਿੱਚ ਹੀ ਰਹਿੰਦੀਆਂ ਸਨ। ਡਰਾਇੰਗ ਰੂਮ ਬਾਰੇ ਖ਼ਾਸ ਗੱਲ ਇਹ ਹੈ ਕਿ ਇੱਥੇ ਭਾਈ ਸਾਹਿਬ ਦਾ ਸੋਫਾ ਅਲੱਗ ਤੇ ਅਜਿਹੀ ਥਾਂ ਤੇ ਸੀ ਕਿ ਜਿੱਥੋਂ ਚਾਰੇ ਪਾਸਿਓ ਆਸਾਨੀ ਨਾਲ ਨਿਗਾਹ ਮਾਰੀ ਜਾ ਸਕਦੀ ਸੀ। ਜਿਵੇਂ ਇੱਕ ਪਾਸੇ ਪ੍ਰਵੇਸ਼ ਦੁਆਰ, ਪਿਛਲਾ ਪਾਸਾ, ਸੱਜੇ-ਖੱਬੇ ਦੇ ਕਮਰੇ ਆਦਿ। ਇੱਥੇ ਭਾਈ ਸਾਹਿਬ ਦਾ ਮੁੱਖ ਦਫ਼ਤਰ ਬੜੇ ਆਲੀਸ਼ਾਨ ਢੰਗ ਨਾਲ ਬਣਿਆ ਹੋਇਆ ਹੈ। ਉਹਨਾਂ ਦੀ ਮੇਜ਼ ਉੱਤੇ ਪਏ ਤਰ੍ਹਾਂ-ਤਰ੍ਹਾਂ ਦੇ ਪੈਨ ਅਤੇ ਕਲਮਾਂ ਉਹਨਾਂ ਦੀ ਮਿਹਨਤ ਅਤੇ ਲਗ਼ਨ ਦੇ ਦੀਦਾਰੇ ਕਰਵਾਉਂਦੇ ਹਨ। ਇਹ ਸਥਾਨ ਖਾਸ ਕਰਕੇ ਸ਼ੋਰ-ਸਰਾਬੇ ਤੋਂ ਮੁਕਤ ਹੈ। ਇਸ ਕਮਰੇ ਦੇ ਨਾਲ ਹੀ ਭਾਈ ਸਾਹਿਬ ਦਾ ਆਰਾਮ ਕਮਰਾ ਹੈ। ਜਿੱਥੇ ਜਾਣ ਦੀ ਮਨਾਂਹੀ ਹੈ। ਇਹ ਉਹ ਕਮਰਾ ਹੈ ਜਿੱਥੇ ਭਾਈ ਸਾਹਿਬ ਨੇ 10 ਜੂਨ, 1957 ਈ. ਨੂੰ ਆਪਣੇ ਆਖਰੀ ਸਾਹ ਲੈ ਕੇ ਪਰਮਾਤਮਾ ਦੀ ਨਗਰੀ ਵਿੱਚ ਵਾਸਾ ਕੀਤਾ ਸੀ।

**ਬਾਗਬਾਨੀ ਦੇ ਪ੍ਰੇਮੀ**: ਭਾਈ ਸਾਹਿਬ ਨੂੰ ਪੰਜਾਬੀਆਂ ਦਾ ਵਰਡਜ਼ਵਰਥ ਕਿਹਾ ਜਾਂਦਾ ਹੈ। ਉਹ ਭਾਰਤੀ ਪ੍ਰਾਚੀਨ ਸੱਭਿਅਤਾ, ਖੰਡਰਾਂ, ਕਸ਼ਮੀਰ ਦੀਆਂ ਸੁੰਦਰ ਝੀਲਾਂ, ਚਸ਼ਮੇ, ਅਤੇ ਪੇੜ-ਪੌਦਿਆਂ ਆਦਿ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾ ਕੇ ਨਿਹਾਲ ਹੁੰਦੇ ਹਨ। ਭਾਈ ਸਾਹਿਬ ਕਾਦਰ ਦੇ ਨਾਲ ਕੁਦਰਤ ਨੂੰ ਵੀ ਪ੍ਰੇਮ ਕਰਦੇ ਸਨ। ਉਹ ਪ੍ਰਕ੍ਰਿਤੀ ਦੀ ਸੁੰਦਰਤਾ ਨੂੰ ਮਾਣਦੇ ਤੇ ਇਸ ਤੋਂ ਸਿਰਜਨਾਤਮਿਕ ਆਵੇਸ਼ ਪ੍ਰਾਪਤ ਕਰਦੇ। ਮਹਾਂ ਸਿੰਘ ਗਿਆਨੀ ਲਿਖਦੇ ਹਨ ਕਿ ਉਨ੍ਹਾਂ ਦੀਆਂ ਲਾਰੰਸ ਰੋਡ, ਅੰਮ੍ਰਿਤਸਰ ਅਤੇ 'ਪੰਚਬਟੀ' ਪ੍ਰੀਤਮ ਰੋਡ, ਦੇਹਰਾਦੂਨ ਵਾਲੀਆਂ ਕੋਠੀਆਂ ਸੁੰਦਰ ਬਾਗ਼, ਬਗ਼ੀਚਿਆਂ, ਵੇਲਾਂ, ਬੂਟਿਆਂ ਅਤੇ ਵੰਨ-ਸੁਵੰਨੇ ਫੁੱਲਾਂ ਦੇ ਝੁਰਮਟ ਵਿੱਚ ਘਿਰੀਆਂ ਹੋਈਆਂ ਸਨ। ਕਸ਼ਮੀਰ ਦੇ ਨਜ਼ਾਰੇ ਤੇ ਪਹਾੜਾਂ ਨਾਲ ਉਨ੍ਹਾਂ ਦਾ ਅਤੀ ਸਨੇਹ ਸੀ। ਪੌਣ-ਪਾਣੀ ਬਦਲਣ ਲਈ ਅਤੇ ਕਲਾਤਮਕ ਸਿਰਜਣਾ ਲਈ ਉਹ ਨੈਨੀਤਾਲ, ਕਸੌਲੀ, ਮਸੂਰੀ, ਕਸ਼ਮੀਰ, ਸ਼ਿਮਲੇ ਆਦਿਕ ਆਮ ਜਾਂਦੇ ਸਨ।

ਆਪ ਜ਼ਿੰਦਗੀ ਦੇ ਰੁਝੇਵੇਂ ਵਿੱਚੋਂ ਕੁਝ ਸਮਾਂ ਬਾਗ਼ਬਾਨੀ ਲਈ ਲਗਾਉਂਦੇ। ਐਤਵਾਰ ਦੀ ਛੁੱਟੀ ਇਸ ਸ਼ੌਕ ਵਿੱਚ ਖ਼ਰਚ ਹੁੰਦੀ। ਹਰ ਮੌਸਮ ਦੇ ਅੱਡ-ਅੱਡ ਤਰ੍ਹਾਂ ਦੇ ਦੇਸੀ ਤੇ ਵਲੈਤੀ ਫੁੱਲਾਂ ਦੇ ਬੀਜ਼ ਤੇ ਬਲਬਾਂ ਦੂਰ-ਦੂਰ ਤੋਂ ਮੰਗਵਾਈਆਂ ਜਾਂਦੀਆਂ ਸਨ। ਆਪ ਨੇ ਭਾਂਤ-ਭਾਂਤ ਦੀਆਂ ਖਾਦਾਂ ਤੇ ਮਿੱਟੀਆਂ ਦਾ ਪ੍ਰਬੰਧ ਕਰਵਾ ਕੇ ਪਨੀਰੀ ਤਿਆਰ ਕੀਤੀ। ਆਪ ਨੇ ਬਾਗ਼ ਵਿੱਚ ਇਕ ਐਸਾ ਤਜ਼ਰਬਾ ਕੀਤਾ ਕਿ ਇੱਕ ਖੱਟੇ ਜਾਂ ਕਿੰਬ ਦੇ ਬੂਟੇ ਦੀ ਇੱਕ-ਇੱਕ ਟਹਿਣੀ 'ਤੇ ਸੰਤਰਾ, ਮਾਲਟਾ, ਮਿੱਠਾ, ਮੁਸੰਮੀ, ਗ੍ਰੇਪ ਫਰੂਟ ਆਦਿ ਦੀਆਂ ਪੇਉਂਦਾ ਲਗਾ ਕੇ ਇੱਕੋਂ ਬੂਟੇ ਤੋਂ ਚਾਰ-ਪੰਜ ਭਾਂਤ ਦੇ ਫ਼ਲ ਪ੍ਰਾਪਤ ਕੀਤੇ। ਗੁਲਦਾਉਦੀ, ਗੁਲਾਬ, ਨਰਗਸ ਆਪ ਨੂੰ ਖ਼ਾਸ ਕਰਕੇ ਬਹੁਤ ਪਿਆਰੇ ਸਨ। ਅਨੇਕ ਸਬਜ਼ੀਆਂ ਦੇ ਬੀਜ਼ ਲੰਡਨ ਤੋਂ ਮੰਗਵਾਏ ਜਾਂਦੇ। ਭਾਂਤ-ਭਾਂਤ ਦੀਆਂ ਸਬਜ਼ੀਆਂ: ਕੇਲ, ਰੈੱਡ ਕੈਬੇਜ਼, ਆਰਟੀਚੋਕ ਦੋ ਪ੍ਰਕਾਰ ਦਾ, ਬਰੂਸਲ ਸਪ੍ਰਾਊਟ ਆਦਿ ਬਗ਼ੀਚੇ ਵਿੱਚ ਲਗਾਈਆਂ। ਲੀਚੀ ਦੇ ਫਲ ਦਾ ਪੌਦਾ ਅੰਮ੍ਰਿਤਸਰ ਵਿੱਚ ਸਭ ਤੋਂ ਪਹਿਲਾਂ ਆਪ ਨੇ ਹੀ ਤਜ਼ਰਬਾ ਕੀਤਾ। ਫੇਰ ਚੀਕੂ, ਕਨਰ, ਬੜਹਲ, ਜਪਾਨੀ ਫ਼ਲ, ਕਈ ਭਾਂਤ ਦਾ ਨਿੰਬੂ, ਰੀਠਾ, ਗਲਗਲ, ਸੰਗਤਰਾ, ਮਾਲਟਾ, ਗ੍ਰੇਪ ਫਰੂਟ ਕਈ ਕਿਸਮ ਦਾ ਅੰਬ: ਲੰਗੜਾ, ਦੁਸਹਿਰੀ ਆਦਿ ਲਗਾਏ। ਇਨ੍ਹਾਂ ਬਾਰੇ ਆਪ ਦੀ ਵਾਕਫ਼ੀ ਇੰਨੀ ਵਿਸ਼ਾਲ ਸੀ ਕਿ ਫਰੂਟ ਸਪੈਸ਼ਲਿਸ਼ਟ ਆਪ ਦੇ ਨਿੱਜੀ ਤਜ਼ਰਬੇ ਤੋਂ ਜਾਣਕਾਰੀ ਤੇ ਸਿੱਖਿਆ ਲੈ ਕੇ ਜਾਂਦੇ।

ਇਸ ਤੋਂ ਇਲਾਵਾ ਸਿੰਮਲ ਅਤੇ ਚੀਲ਼ ਦਾ ਰੁੱਖ ਪ੍ਰਵੇਸ਼ ਦੁਆਰਾ ਤੇ ਹੀ ਗਲਵਕੜੀ ਪਾ ਕੇ ਖੜ੍ਹੇ ਹਨ। ਚਕੋਤਰਾ, ਬੋਹੜ, ਬੱਬੂਗੋਸ਼ੇ, ਕਿੰਨੂ, ਅਮਰੂਦ, ਮੋਤੀਆ, ਕਲੀ, ਚਾਂਦਨੀ, ਚੰਪਾ ਕਲੀ, ਕਨੇਰ, ਬਦਾਮ, ਬੋਤਲ ਪੰਪ ਆਦਿ ਹਰ ਤਰ੍ਹਾਂ ਦੀ ਕਿਸਮ ਮਿਲਦੀ ਹੈ। ਸੁਵੱਜਣਾ ਵਰਗੀ ਆਯੁਰਵੈਦਿਕ ਦਵਾਈ ਰੂਪ ਬੂਟੀ ਵੀ ਲਗਾਈ ਹੋਈ ਹੈ। ਇੱਥੇ ਫੇਰੀ ਤੇ ਆਉਂਦੇ ਵੈਦਾਂ ਦਾ ਕਹਿਣਾ ਹੈ ਕਿ ਭਾਈ ਸਾਹਿਬ ਦੇ ਬਗ਼ੀਚੇ ਵਿੱਚ ਜਿੰਨ੍ਹੀ ਵੀ ਬੂਟੀ ਲੱਗੀ ਹੈ, ਇਹ ਸਾਰੀ ਆਯੂਰਵੈਦਿਕ ਦਵਾਈ ਹੀ ਲਗਾਈ ਹੋਈ ਹੈ। ਕੋਠੀ ਦੇ ਚੜ੍ਹਦੇ ਵਾਲੇ ਪਾਸੇ ਗੁਲਾਬ ਦੇ ਫੁੱਲਾਂ ਦੀ ਸੁੰਦਰ ਪਾਰਕ ਹੈ। ਜਿਸ ਨੂੰ ਇੱਕ ਅਨੋਖੇ ਅੰਦਾਜ਼ ਵਿੱਚ ਭਾਈ ਸਾਹਿਬ ਨੇ ਖੁਦ ਡਿਜ਼ਾਇਨ ਕੀਤਾ ਸੀ। ਮੌਸਮ ਅਨੁਸਾਰ ਉਹ ਸ਼ਾਮ ਨੂੰ ਇਸ ਬਗ਼ੀਚੇ ਵਿੱਚ ਲਗਾਈ ਛੱਤਰੀ ਹੇਠ ਬੈਠ ਕੇ ਇਸ ਕੁਦਰਤੀ ਮਾਹੌਲ ਵਿੱਚੋਂ ਕਵਿਤਾ ਨੂੰ ਜਨਮ ਦਿੰਦੇ ਸਨ। ਸੱਚਮੁਚ ਅੱਜ ਵੀ ਉਥੇ ਜਾ ਕੇ ਇੰਞ ਲਗਦਾ ਹੈ ਕਿ ਅਸੀ ਅੰਮ੍ਰਿਤਸਰ ਦੇ ਭੀੜ-ਭੜੱਕੇ ਅਤੇ ਸ਼ੋਰ-ਸ਼ਰਾਬੇ ਦੀ ਵਸੋਂ ਵਾਲੇ ਸ਼ਹਿਰ ਵਿੱਚ ਨਹੀਂ ਖੜ੍ਹੇ; ਸਗੋਂ ਕਿਸੇ ਪਹਾੜੀ ਇਲਾਕੇ ਦੇ ਜੰਗਲ ਦੀ ਕੁਦਰਤ ਨੂੰ ਮਾਣ ਰਹੇ ਹਾਂ। ਭਾਈ ਸਾਹਿਬ ਸਮੇਂ ਦੇ ਅਨੁਸਾਰ ਤਕਨੀਕੀ ਵਰਤੋ ਵਿੱਚ ਵੀ ਆਧੁਨਿਕ ਸਨ। ਉਹਨਾਂ ਨੇ ਇਸ ਬਗ਼ੀਚੇ ਵਿਚਲੇ ਰੁੱਖਾਂ ਨੂੰ ਪਾਣੀ ਪਾਉਣ ਲਈ ਅਜਿਹਾ ਨਲਕਾ ਲਗਵਾਇਆ ਸੀ ਜੋ ਇੱਕੋ ਸਮੇਂ ਤਿੰਨ ਨਲਕਿਆਂ ਦਾ ਕੰਮ ਕਰਦਾ ਸੀ। ਭਾਵ ਤਿੰਨ ਬੋਕੀਆਂ ਵਾਲਾ ਨਲਕਾ ਸੀ, ਇਸ ਤੋਂ ਇੱਕ ਸਮੇਂ ਤਿੰਨ ਨਲਕਿਆਂ ਜਿੰਨ੍ਹਾਂ ਪਾਣੀ ਪ੍ਰਾਪਤ ਕੀਤਾ ਜਾ ਸਕਦਾ ਸੀ। ਇਹ ਅੱਜ ਵੀ ਉੱਥੇ ਮੌਜੂਦ ਹੈ।

ਭਾਈ ਸਾਹਿਬ ਇਸ ਕੁਦਰਤ ਨੂੰ ਪ੍ਰਣਾਮ ਕਰਦੇ ਤੇ ਇਸ ਬਗੀਚੇ ਵਿੱਚੋਂ ਚੋਣਵੇ ਫੁੱਲਾਂ ਦਾ ਗੁਲਦਸਤਾ ਤਿਆਰ ਕਰ ਕੇ

ਰੋਜ਼ਾਨਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਲੈ ਕੇ ਜਾਂਦੇ ਸਨ। ਇਹ ਰੀਤ ਭਾਈ ਸਾਹਿਬ ਦੁਆਰਾ ਬੜੇ ਸਤਿਕਾਰ ਪੂਰਵਕ ਕੀਤੀ ਜਾਂਦੀ ਸੀ। ਉਹ ਇਸ ਲਈ ਵਿਸ਼ੇਸ਼ ਰੱਥ ਤਿਆਰ ਕਰ ਕੇ ਬੜੀ ਸ਼ਰਧਾ ਨਾਲ ਫੁੱਲਾਂ ਦੇ ਗੁਲਦਸਤੇ ਲੈ ਕੇ ਰੋਜ਼ਾਨਾ ਦਰਬਾਰ ਸਾਹਿਬ ਨਮਸਤਕ ਹੁੰਦੇ ਸਨ। ਇਹ ਰੀਤ ਅੱਜ ਤੱਕ ਚਲੀ ਆਉਂਦੀ ਹੈ। ਹੁਣ ਭਾਈ ਸਾਹਿਬ ਦੇ ਸਮੇਂ ਵਾਂਗ ਰੱਥ ਤਾਂ ਨਹੀਂ ਜਾਂਦਾ, ਪਰ ਨਿਵਾਸ ਵਿੱਚੋਂ ਉਹਨਾਂ ਦੇ ਕਿਸੇ ਸਰਧਾਲੂ ਦੁਆਰਾ ਅੰਮ੍ਰਿਤ ਵੇਲੇ ਇਹ ਰੀਤ ਨਿਭਾਈ ਜਾਂਦੀ ਹੈ। ਜੋ ਕਿ ਗੁਲਦਸਤਿਆਂ ਵਿੱਚ ਫੁੱਲ ਸਜਾ ਕੇ ਲੈ ਜਾਂਦੇ ਹਨ ਤੇ ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨੂੰ ਸਮਰਪਿਤ ਹੁੰਦੇ ਹਨ।

ਭਾਈ ਸਾਹਿਬ ਦੇ ਅਕਾਲ ਚਲਾਣੇ ਸਮੇਂ ਇਨ੍ਹਾਂ ਦਾ ਸਸਕਾਰ ਇਸ ਬਗ਼ੀਚੇ ਵਿੱਚ ਗੁਲਾਬ ਦੇ ਫੁੱਲਾਂ ਵਾਲੀ ਬਗ਼ੀਚੀ ਦੇ ਸਾਹਮਣੇ ਕੀਤਾ ਗਿਆ ਸੀ। ਇੱਥੇ 1966 ਈ. ਵਿੱਚ ਇੱਕ ਵੱਡਾ ਹਾਲ ਬਣਾ ਕੇ ਲਾਇਬ੍ਰੇਰੀ ਦੇ ਤੌਰ ਤੇ ਵਰਤਿਆ ਗਿਆ। ਪਰ ਵਿਦਿਆਰਥੀਆਂ ਦਾ ਲਾਇਬ੍ਰੇਰੀ ਨੂੰ ਬਹੁਤਾ ਵਰਤੋ ਨਾ ਕਰਨ ਕਰਕੇ ਇਸ ਦੀ ਥਾਂ ਅੱਜ ਇਸ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਇੱਥੇ ਅੱਜ-ਕੱਲ੍ਹ ਵਿਆਹ ਸ਼ਾਦੀਆਂ ਦਾ ਆਨੰਦ ਕਾਰਜ, ਅਖੰਡ ਪਾਠ, ਭੋਗ ਆਦਿ ਦੇ ਸਮਾਰੋਹ ਚਲਦੇ ਹਨ ਤੇ ਇਸੇ ਆਸਰੇ ਇਸ ਮਿਊਜ਼ੀਅਮ ਦਾ ਖ਼ਰਚਾ ਚਲਦਾ ਹੈ।

ਸੋ, ਅੰਤ ਵਿਚ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਜੀ ਦੇ ਲਾਰੰਸ ਰੋਡ ਵਾਲੇ ਘਰ ਦੇ ਦਰਵਾਜ਼ੇ ਸਾਰਿਆਂ ਲਈ ਖੁੱਲੇ ਹਨ। ਉਹਨਾਂ ਨੇ ਇੱਥੇ ਰਹਿ ਕੇ ਜ਼ਿੰਦਗੀ ਦਾ ਅੱਧਾ ਪਲ ਮਾਣਿਆ। ਉਹਨਾਂ ਦੇ ਪਰਿਵਾਰ ਦੇ ਜੀਅ ਵੀ ਉਹਨਾਂ ਪਾਸ ਰਿਹਾ ਕਰਦੇ ਸਨ। ਉਹ ਇੱਥੋਂ ਕੁਦਰਤੀ ਮਾਹੌਲ ਦੀ ਸਿਰਜਣਾ ਕਰ ਕੇ ਕੁਦਰਤ ਦੇ ਦੁਆਰ ਤੇ ਜਾ ਖਲੋਂਦੇ ਸਨ। ਉਹਨਾਂ ਕੋਲ ਬਹੁਤ ਸਾਰਾ ਸਾਜ਼ੋ-ਸਮਾਨ ਸੀ, ਜੇ ਕਿਧਰੇ 1947 ਦੀ ਵੰਡ ਕਰਕੇ ਲੁੱਟਾ-ਖੋਹਾ ਨਾ ਹੁੰਦੀਆਂ ਤਾਂ ਭਾਈ ਸਾਹਿਬ ਦੇ ਜੀਵਨ ਬਾਰੇ ਹੋਰ ਵੀ ਜਾਣਕਾਰੀ ਮਿਲਣੀ ਸੀ। ਇਸ ਵਿੱਚਲਾ ਬਗ਼ੀਚਾ ਭਾਈ ਸਾਹਿਬ ਦੇ ਪ੍ਰਾਕ੍ਰਿਤੀ ਪ੍ਰੇਮ ਦੇ ਪ੍ਰਤੱਖ ਦਰਸ਼ਨ ਕਰਵਾਉਂਦਾ ਹੈ। ਉਹ ਆਪਣੇ ਹੱਥੀ ਬੂਟੇ ਲਗਾਉਂਦੇ ਸਨ। ਅੱਜ ਉਹਨਾਂ ਬੂਟਿਆਂ ਦੀ ਭਾਵਨਾਂ ਨੂੰ ਦ੍ਰਿੜਾਉਂਦੀਆਂ ਉਹਨਾਂ ਦੀਆਂ ਕਾਵਿ ਸਤਰਾਂ ਬੋਰਡ ਤੇ ਲਿਖ ਕੇ ਦਰਸ਼ਕ ਨੂੰ ਅਨੋਖੀ ਖਿੱਚ ਪਾਉਂਦੀਆਂ ਹਨ ਕਿ ਭਾਈ ਸਾਹਿਬ ਦਾ ਸਿੱਖੀ ਜੀਵਨ ਰੁਮਕ ਪੈਂਦਾ ਹੈ। ਭਾਈ ਸਾਹਿਬ ਨੇ ਸਾਰੀ ਸੁੰਦਰਤਾ ਪਰਮਾਤਮਾ ਨੂੰ ਸਮਰਪਿਤ ਕੀਤੀ ਸੀ। ਉਹਨਾਂ ਦੁਆਰਾ ਚਲਾਈਆਂ ਰੀਤਾਂ ਅੱਜ ਵੀ ਨਿਭਾਈਆਂ ਜਾਂਦੀਆਂ ਹਨ। ਉਹਨਾਂ ਦੁਆਰਾ ਸੰਭਾਲੇ ਤੋਹਫੇ ਉਹਨਾਂ ਦਾ ਸੱਜਣਾਂ ਪ੍ਰਤੀ ਅਤੀ ਸਨੇਹ ਦਰਸਾਉਂਦਾ ਹੈ। ਉਹਨਾਂ ਦਾ ਦਫ਼ਤਰ ਤੇ ਆਰਾਮ ਕਮਰਾ ਇੱਕ ਅਨੋਖੀ ਰੂਹਾਨੀ ਸ਼ਾਂਤੀ ਦਿੰਦਾ ਹੈ ਕਿ ਜਗਿਆਸੂ ਅਧਿਆਤਮਿਕਤਾ ਨਾਲ ਰਿਝੇ ਭਾਈ ਸਾਹਿਬ ਨੂੰ ਸਲਾਮ ਕਰੇ ਬਿਨ੍ਹਾਂ ਨਹੀਂ ਰਹਿ ਸਕਦਾ। ਉਹਨਾਂ ਦਾ ਇਹ ਨਿਵਾਸ ਸਥਾਨ ਅੱਜ ਮਿਊਜ਼ੀਅਮ ਰੂਪ ਵਿੱਚ ਦਰਸ਼ਕਾਂ ਨੂੰ ਭਾਈ ਸਾਹਿਬ ਦੇ ਜੀਵਨ ਤੇ ਕੁਦਰਤੀ ਪ੍ਰੇਮ ਦੀ ਭਾਵਨਾ ਦੇ ਪਰਤੱਖ ਦਰਸ਼ਨ ਕਰਵਾ ਰਿਹਾ ਹੈ ਅਤੇ ਕਰਵਾਉਂਦਾ ਰਹੇਗਾ।

❑❑❑

## ਫੁਹਾਰਾ

ਮੂੰਹ ਅੱਡੀ ਅਰਸ਼ਾਂ ਵਲ ਤਕੀਏ
ਇਕ ਬੂੰਦ ਨ ਕੋਈ ਪਾਵੇ,
ਜਦੋਂ ਅਸਾਂ ਵਿਚ ਆ ਗਿਆ ਕੋਈ
ਆ ਉਹ ਛਹਿਬਰ ਲਾਵੇ,
ਤਦੋਂ ਅਸੀਂ ਹੋ ਦਾਤੇ ਵਸੀਏ
ਠੰਢ ਸੁਹਾਵਾ ਵਾਲੇ,
ਕਿਧਰੋਂ, ਕੌਣ, ਕਦੋਂ ਦਸ ਸਖੀਏ।
ਕਿਤ ਗੁਣ ਉਹ ਕੋਈ ਆਵੇ ?

*(ਲਹਿਰ ਹੁਲਾਰੇ)*

## ਆਪੇ ਵਿਚ ਆਪਾ

ਅੰਮੀ ਨੀ ਕਲਵਲ ਹੋ ਉਠੀਆਂ
ਮੈਂ ਡਿੱਠਾ ਇਕ ਸੁਪਨਾ ਸੀ
ਮੇਰੀ ਮੈਂ ਵਿਚ ਹੋਰ ਕੋਈ ਨੀ
ਦਿਸਨਾ ਸੀ ਪਰ ਛੁਪਨਾ ਸੀ।
ਮੋਹਦਾ ਤੇ ਝਰਨਾਟ ਛੇੜਦਾ
ਚਸਕ ਮਾਰ ਠੰਢ ਪਾਵੇ ਓ
ਦੱਸ ਕੌਣ ਉਹ, ਕਦੋਂ ਵੜ ਗਿਆ,
ਕਿਉਂ ਦਿਸਨਾ, ਕਿਉਂ ਲੁਕਨਾ ਸੀ ?

*(ਲਹਿਰਾਂ ਦੇ ਹਾਰ)*

# ਭਾਈ ਸਾਹਿਬ ਭਾਈ ਵੀਰ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮੁਕਾਬਲੇ-ਰੀਪੋਰਟ

*ਰਵਿੰਦਰ ਕੌਰ ਨਰੂਲਾ*

ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾ ਕੇਵਲ ਇਕ ਸ਼੍ਰੋਮਣੀ ਸਾਹਿਤਕਾਰ ਸਨ ਸਗੋਂ ਪ੍ਰਭਾਵਸ਼ਾਲੀ ਅਤੇ ਉੱਚੀ-ਸੁੱਚੀ ਸ਼ਖਸੀਅਤ ਵਾਲੇ ਇਕ ਅਜਿਹੇ ਗੁਰਮੁੱਖ ਪੁਰਖ ਸਨ ਜਿਹਨਾਂ ਨੇ ਬਹੁਤ ਸਧਾਰਨ ਮਨੁੱਖਾਂ ਦੇ ਜੀਵਨ ਨੂੰ ਚੰਗੀ ਸੇਧ ਦੇ ਕੇ ਇਕ ਚਾਨਣ ਮੁਨਾਰੇ ਦਾ ਕੰਮ ਕੀਤਾ। ਆਪ ਚੀਫ਼ ਖ਼ਾਲਸਾ ਦੀਵਾਨ ਦੇ ਮੋਢੀਆਂ ਵਿੱਚੋਂ ਸਨ ਅਤੇ ਆਪ ਦੀ ਅਗਵਾਈ ਵਿੱਚ ਦੀਵਾਨ ਨੇ ਸਿੱਖ ਕੌਮ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਵਿਦਿਅਕ ਖੇਤਰ ਵਿੱਚ ਵਿਕਾਸ ਲਈ ਅਨੇਕਾਂ ਕਾਰਜ ਕੀਤੇ। ਦੀਵਾਨ ਵੱਲੋਂ ਹਰ ਸਾਲ ਆਪਣੇ ਮੋਢੀਆਂ ਵਿੱਚੋਂ ਪ੍ਰਮੁੱਖ ਇਸ ਸਨਮਾਨਯੋਗ ਸ਼ਖਸੀਅਤ ਦਾ ਜਨਮ ਦਿਹਾੜਾ ਬੜੇ ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵਿਦਿਆਰਥੀਆਂ ਨੂੰ ਭਾਈ ਸਾਹਿਬ ਦੀ ਸ਼ਖਸ਼ੀਅਤ, ਜੀਵਨ ਅਤੇ ਰਚਨਾਵਾਂ ਬਾਰੇ ਜਾਣੂੰ ਕਰਵਾਉਣ ਲਈ ਵਿਦਿਆਰਥੀਆਂ ਲਈ ਵੱਖ-ਵੱਖ ਅੰਤਰ ਸਕੂਲ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਸਾਲ ਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਚੀਫ਼ ਖ਼ਾਲਸਾ ਦੀਵਾਨ ਚੈਰੀਟਬੇਲ ਸੁਸਾਇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ ਰੋਡ ਵਿਖੇ ਅੰਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਡਾਇਰੈਕਟਰ ਐਜੂਕੇਸ਼ਨ/ਪ੍ਰਿੰਸੀਪਲ ਡਾ: ਧਰਮਵੀਰ ਸਿੰਘ ਦੀ ਅਗਵਾਈ ਵਿੱਚ ਦੀਵਾਨ ਦੁਆਰਾ ਚਲਾਏ ਜਾ ਰਹੇ ਸਕੂਲਾਂ ਦੇ ਵਿਦਿਆਰਥੀਆਂ ਲਈ ਕਾਵਿ ਉਚਾਰਨ ਮੁਕਾਬਲੇ, ਭਾਸ਼ਣ ਮੁਕਾਬਲੇ ਅਤੇ ਭਾਈ ਵੀਰ ਸਿੰਘ ਜੀ ਦੇ ਪੋਟਰੇਟ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਵੱਲੋਂ ਭਾਈ ਵੀਰ ਸਿੰਘ ਜੀ ਦੁਆਰਾ ਰਚਿਤ ਕਵਿਤਾਵਾਂ ਦਾ ਗਾਇਨ ਬੜੇ ਹੀ ਖੁਬਸੂਰਤ ਅਤੇ ਮਨਮੋਹਕ ਅੰਦਾਜ ਵਿੱਚ ਕੀਤਾ ਗਿਆ। ਕੁਝ ਵਿਦਿਆਰਥੀਆਂ ਨੇ ਭਾਈ ਵੀਰ ਸਿੰਘ ਜੀ ਦੀ ਉਸਤਤ ਵਿੱਚ ਵੀ ਕਵਿਤਾਵਾਂ ਪੇਸ਼ ਕੀਤੀਆਂ। ਭਾਸ਼ਣ ਪ੍ਰਤਿਯੋਗਤਾ ਵਿੱਚ ਪ੍ਰਤੀਯੋਗੀਆਂ ਨੇ ਭਾਈ ਵੀਰ ਸਿੰਘ ਜੀ ਦੀ ਸ਼ਖਸੀਅਤ, ਉਨ੍ਹਾਂ ਦੇ ਜੀਵਨ, ਸਾਹਿਤਕ ਰਚਨਾਵਾਂ, ਚੀਫ਼ ਖ਼ਾਲਸਾ ਦੀਵਾਨ ਅਤੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਉਹਨਾਂ ਦੇ ਯੋਗਦਾਨ ਬਾਰੇ ਚਰਚਾ ਕੀਤੀ। ਪੋਟਰੇਟ ਬਨਾਉਣ ਦੀ ਪ੍ਰਤਿਯੋਗਤਾ ਰਾਹੀਂ ਵਿਦਿਆਰਥੀਆਂ ਨੇ ਭਾਈ ਸਾਹਿਬ ਦੀਆਂ ਤਸਵੀਰਾਂ ਨੂੰ ਰੰਗਾਂ ਦੀ ਸਹਾਇਤਾ ਨਾਲ ਬਹੁਤ ਖੁਬਸੂਰਤੀ ਨਾਲ ਉਘਾੜਿਆ। ਕਾਵਿ ਉਚਾਰਨ ਮੁਕਾਬਲੇ ਵਿੱਚ ਪ੍ਰੋ. ਸਰਦਾਰਾ ਸਿੰਘ (ਡੀ.ਏ.ਵੀ. ਕਾਲਜ ਅੰਮ੍ਰਿਤਸਰ) ਅਤੇ ਡਾ: ਆਤਮਾ ਸਿੰਘ (ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ), ਭਾਸ਼ਣ ਮੁਕਾਬਲੇ ਵਿੱਚ ਪ੍ਰੋ. ਗੁਰਜੀਤ ਸਿੰਘ (ਡੀ.ਏ.ਵੀ. ਕਾਲਜ ਅੰਮ੍ਰਿਤਸਰ) ਅਤੇ ਪ੍ਰੋ. ਹਰਜਿੰਦਰ ਸਿੰਘ (ਡੀ.ਏ.ਵੀ. ਕਾਲਜ ਅੰਮ੍ਰਿਤਸਰ) ਅਤੇ ਭਾਈ ਵੀਰ ਸਿੰਘ ਜੀ ਦਾ ਪੋਟਰੇਟ ਬਨਾਉਣ ਦੇ ਮੁਕਾਬਲੇ ਵਿੱਚ ਕੁਮਾਰੀ ਰਿਚਾ ਸ਼ਰਮਾ (ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮਨੈ) ਅਤੇ ਕੁਮਾਰੀ ਪ੍ਰਿਯੰਕਾ ਸ਼ਰਮਾ (ਡੀ.ਏ.ਵੀ. ਕਾਲਜ ਅੰਮ੍ਰਿਤਸਰ) ਨੇ ਨਿਰਣਾਇਕ ਦੀ ਭੂਮਿਕਾ ਨਿਭਾਈ। ਕਾਵਿ ਉਚਾਰਨ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ. ਟੀ. ਰੋਡ ਦਾ ਗੁਰਪ੍ਰਤਾਪ ਸਿੰਘ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਰ ਸਿੰਘ ਦੀ ਨਵਪ੍ਰੀਤ ਕੌਰ ਪਹਿਲੇ ਨੰਬਰ, ਭਗਤਾਂਵਾਲਾ ਦੀ ਜਸਲੀਨ ਕੌਰ ਦੂਜੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਮਜੀਠਾ ਬਾਈ ਪਾਸ ਦਾ ਬਿਕਰਮਜੀਤ ਸਿੰਘ ਤੀਸਰੇ ਨੰਬਰ ਤੇ ਰਹੇ। ਭਾਸ਼ਣ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ. ਟੀ. ਰੋਡ ਦੀ ਹਰਲੀਨ ਕੌਰ ਅਤੇ ਭਗਤਾਂਵਾਲਾ ਦਾ ਉਪਨੀਤ ਸਿੰਘ ਪਹਿਲੇ, ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਪਬਲਿਕ ਸਕੂਲ ਰਣਜੀਤ ਐਵੀਨਿਊ ਦੀ ਕਿਰਨਜੀਤ ਕੌਰ ਦੂਜੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਰ ਸਿੰਘ ਦੀ ਖੁਸ਼ਪ੍ਰੀਤ ਕੌਰ ਤੀਜੇ ਸਥਾਨ ਤੇ ਰਹੇ। ਪੋਟਰੇਟ ਬਨਾਉਣ ਦੇ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ. ਟੀ. ਰੋਡ ਦੇ ਅੰਮ੍ਰਿਤਪਾਲ ਸਿੰਘ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਮਜੀਠਾ ਬਾਈਪਾਸ ਦੀ ਪ੍ਰਿਯਾ ਨੇ ਪਹਿਲਾ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪੱਟੀ ਦੀ ਨਵਦੀਪ ਕੌਰ ਨੇ ਦੂਜਾ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਰਣਜੀਤ ਐਵੀਨਿਊ ਦੇ ਗੁਰਕੀਰਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਹਰਮਿੰਦਰ ਸਿੰਘ, ਪ੍ਰਿੰਸੀਪਲ ਡਾ: ਧਰਮਵੀਰ ਸਿੰਘ ਅਤੇ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਸਨਮਾਨਿਤ ਕੀਤਾ ਗਿਆ। ਡਾ: ਧਰਮਵੀਰ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਾਈ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਉਹਨਾਂ ਨੇ ਭਾਈ ਸਾਹਿਬ ਦੁਆਰਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਕੀਤੀ ਗਈ ਸੇਵਾ ਨੂੰ ਅਨਮੋਲ ਦੱਸਦੇ ਹੋਏ ਵਿਦਿਆਰਥੀਆਂ ਨੂੰ ਉਹਨਾਂ ਦੇ ਪਾਏ ਪੂਰਨਿਆਂ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਹਰਮਿੰਦਰ ਸਿੰਘ ਜੀ ਨੇ ਵੀ ਭਾਈ ਵੀਰ ਸਿੰਘ ਜੀ ਦੁਆਰਾ ਪੰਜਾਬੀ ਸਾਹਿਤ ਦੇ ਵਿਕਾਸ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਸਾਹਿਬ ਦੁਆਰਾ ਕੀਤੇ ਗਏ ਯਤਨਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਅੱਜ ਦੇ ਮੁਕਾਬਲਿਆਂ ਦੇ ਜੱਜ ਸਾਹਿਬਾਨ ਅਤੇ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਐਮ.ਐਲ.ਏ. ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਨੂੰ ਸਕੂਲ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਕੂਲ ਦੀਆਂ ਮੁੱਖ ਅਧਿਆਪਕਾਵਾਂ, ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

* ਅਧਿਆਪਕਾ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਜੀ.ਟੀ.ਰੋਡ, ਅੰਮ੍ਰਿਤਸਰ।